# ਚਿਰਾਗ

ਅਕਤੂਬਰ –ਦਸੰਬਰ 1997

**October -December 1997**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਰਾਸਤ

ਇਸ ਵਾਰ ਵਿਸ਼ੇਸ਼ :

- ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸੌਵੇਂ ਜਨਮ ਦਿਨ ਨੂੰ ਸਮਰਪਿਤ ਡਾ: ਟੀ. ਆਰ. ਵਿਨੋਦ ਤੇ ਡਾ: ਕੇਸਰ ਹੁਰਾਂ ਦੇ ਲੇਖ
- ਲਾਲ ਸਿੰਘ ਦੀ ਲੰਬੀ ਕਹਾਣੀ 'ਬਾਕੀ ਦਾ ਸੱਚ'
- ਉੱਤਰ-ਆਧਿਨਿਕਤਾ ਵਾਦ-ਵਿਵਾਦ ਨੂੰ ਅੱਗੇ ਤੋਰਦਾ ਡਾ: ਸ਼ੰਭੂ ਨਾਥ ਦਾ ਲੇਖ
- ਵਤਨੋਂ ਦੂਰ ਕਾਲਮ ਹੇਠ ਪ੍ਰਵਾਸੀ ਸ਼ਾਇਰਾਂ ਦਾ ਕਲਾਮ
- ਵਿਸ਼ਵ ਪੰਜਾਬੀ ਕਾਨਫਰੰਸ ਦਾ ਵਿਸ਼ਲੇਸ਼ਣ

ਮੁੱਲ : ਦਸ ਰੁਪਏ -12- ਅਕਤੂਬਰ-ਦਸੰਬਰ, 1997

ਸੰਪਾਦਕ : ਹਰਭਜਨ ਸਿੰਘ ਹੁੰਦਲ

# ਚਿਰਾਗ਼ (ਤਿਮਾਹੀ)

**ਅਕਤੂਬਰ-ਦਸੰਬਰ, 1997**

ਸੰਪਾਦਕ : **ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ : **ਡਾ. ਕਰਮਜੀਤ ਸਿੰਘ**
**ਸੁਰਜੀਤ ਗਿੱਲ, ਸੂਫ਼ੀ ਅਮਰਜੀਤ**

## ਤਤਕਰਾ

○ ਸੰਪਾਦਕੀ......
○ **ਇਸ ਵਾਰ ਦਾ ਵਿਸ਼ੇਸ਼ ਕਵੀ** : ਰੁਪਿੰਦਰ ਮਾਨ ਦੀਆਂ ਕਾਵਿ-ਰਚਨਾਵਾਂ/3
○ **ਕਵਿਤਾਵਾਂ** : ਮੇਜਰ ਪਿਆਰਾ ਸਿੰਘ/7, ਡਾ: ਐਸ. ਤਰਸੇਮ/14, ਮਹਿਮਾ ਸਿੰਘ/14, ਜਸਵਿੰਦਰ/63, ਗੁਰਦੀਪ/63
○ ਗੁਰਬਖਸ਼ ਸਿੰਘ ਪ੍ਰੀਤ-ਲੜੀ ਦੀ ਜਨਮ ਸ਼ਤਾਬਦੀ : ਡਾ: ਟੀ.ਆਰ. ਵਿਨੋਦ ਤੇ ਡਾ: ਕੇਸਰ ਸਿੰਘ ਕੇਸਰ ਦੇ ਵਿਸ਼ੇਸ਼ ਲੇਖ/9
○ **ਵਤਨੋਂ ਦੂਰ** : ਮਹਿਰਮ ਯਾਰ/15, ਗੁਰਨਾਮ ਢਿੱਲੋਂ/25, ਅਮਰ ਜਿਓਤੀ/2?, ਕੁਲਵਿੰਦਰ ਖਹਿਰਾ/29
○ **ਵਾਦ-ਵਿਵਾਦ** : ਆਧੁਨਿਕ ਹੋਣ ਤੋਂ ਪਹਿਲਾਂ ਹੀ ਉੱਤਰ-ਆਧੁਨਿਕਤਾਵਾਦੀ/ਸ਼ੰਭੂ ਨਾਥ/3
○ **ਕਹਾਣੀ** : ਬਾਕੀ ਦਾ ਸੱਚ—ਲਾਲ ਸਿੰਘ/45
○ **ਵਿਸ਼ਲੇਸ਼ਣ** : ਵਿਸ਼ਵ ਪੰਜਾਬੀ ਕਾਨਫਰੰਸ (ਹਰਭਜਨ ਸਿੰਘ ਹੁੰਦਲ /?9
ਪਾਸ਼ ਦੀ ਕਵਿਤਾ ਵਿਚ ਵਿਦਰੋਹ ਦੀ ਸੁਰ/ਡ: ਸੁਖਦੇਵ ਸਿੰਘ/64
○ **ਰੀਵੀਊ** : ਕਵਿਤਾ ਮੈਨੂੰ ਲਿਖਦੀ ਹੈ/ਗੁਰਨਾਮ ਢਿੱਲੋਂ/69
ਹਾਦਸੇ, ਹਵਾਲੇ ਤੇ ਸਲੀਬਾਂ/ਤਲਵਿੰਦਰ ਸਿੰਘ, ਤੀਜੇ ਪਹਿਰ ਦੀ ਧੁੱਪ,
ਅੰਗ ਤਰੇੜਾਂ ਪਈਆਂ (ਹ.ਸ ਹ.), ਸ਼ਬਦ ਰਹਿਣਗੇ ਕੋਲ (ਪ੍ਰੇਮ ਸਾਹਿਲ)
**ਖਿਆਲ ਆਪੋ ਆਪਣਾ** : ਦਿਆਲ ਬਾਗੜੀ, ਟੀ.ਐਸ. ਸੱਲ੍ਹੀ, ਅਮਨਪਾਲ ਸਾਰਾ, ਐਸ. ਤਰਸੇਮ
○ **ਪੁਸਤਕ ਪ੍ਰਾਪਤੀ** : ○ ○

ਪ੍ਰਕਾਸ਼ਨ ਮਿਤੀ : 15 ਨਵੰਬਰ, 1997

Postal Address :
Harbhajan Singh Hundal,
V. Futu Chak,
P.O. Dhilwan,
Distt. Kapurthala-144804
(Pb.) India.

**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 40 ਰੁਪਏ |
| **ਬਦੇਸ਼** | | |
| ਵਾਰਸ਼ਿਕ | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ ।

## ਸੰਪਾਦਕੀ

ਵਿਚਾਰਧਾਰਾ ਕਿਸੇ ਵਰਗ ਵਿਸ਼ੇਸ਼ ਦੇ ਪੱਖਪਾਤੀ ਵਿਚਾਰਾਂ ਦਾ ਵਿਵਸਿਥ ਰੂਪ ਹੀ ਹੁੰਦੀ ਹੈ । ਜਦੋਂ ਇਹ ਕਿਹਾ ਜਾਂਦਾ ਹੈ ਕਿ ਸਾਹਿਤ ਵਿਚ ਵਿਚਾਰਧਾਰਾ ਨਹੀਂ ਹੋਣੀ ਚਾਹੀਦੀ ਤਾਂ ਇਹ ਆਦੇਸ਼ ਦੱਬਿਆਂ ਕੁਚਲਿਆਂ ਦੇ ਸਾਹਿਤ ਉੱਪਰ ਹੀ ਲਾਗੂ ਕੀਤਾ ਜਾਂਦਾ **ਹੈ, ਪਰੰਤੂ** ਅਸੀਂ ਜਾਣਦੇ ਹਾਂ ਕਿ ਵਿਚਾਰਧਾਰਾ ਸੁਚੇਤ ਜਾਂ ਅਚੇਤ ਹਰ ਸਾਹਿਤ ਦਾ ਅੰਗ ਹੁੰਦੀ ਹੈ । ਸਾਹਿਤ ਵਿਚ ਵਿਚਾਰਧਾਰਾ ਅਤੇ ਸੁਹਜ-ਸ਼ਾਸਤਰ ਅਧੀਨ ਰੂਪ ਤੇ ਵਸਤੂ ਦੇ ਦਵੰਦਾਤਮਕ ਰਿਸ਼ਤੇ, ਠੋਸ ਪ੍ਰਸਥਿਤੀਆਂ ਵਿਚ ਠੋਸ ਪਾਤਰਾਂ ਦੀ ਸਿਰਜਣਾ, ਯਥਾਰਥ ਅਨੁਕੂਲ ਪਾਤਰਾਂ ਦੀ ਮਾਨਸਿਕ ਉਸਾਰੀ, ਭਾਸ਼ਾ ਦੇ ਪ੍ਰਯੋਗ ਅਤੇ ਲੋਕ-ਸਾਹਿਤ ਦੀ ਸਿਰਜਣਾਤਮਕ ਵਰਤੋਂ ਜਿਹੇ ਅਨੇਕਾਂ ਪ੍ਰਸ਼ਨ ਵਿਚਾਰੇ ਜਾਂਦੇ ਹਨ । ਇਨ੍ਹਾਂ ਪ੍ਰਸ਼ਨਾਂ ਨੂੰ ਡੂੰਘਾਈ ਤੱਕ ਵਿਚਾਰਧਾਰਾ ਹੀ ਸਮਝਾ ਸਕਦੀ ਹੈ ।

ਜਦੋਂ ਅਸੀਂ ਗੁਰਬਖਸ਼ ਸਿੰਘ ਉੱਪਰ ਇਸ ਦ੍ਰਿਸ਼ਟੀ ਤੋਂ ਵਿਚਾਰ ਕਰਦੇ ਹਾਂ ਤਾਂ ਉਸਦੇ ਸਿਰਜਣ-ਕਾਲ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ । ਮੁੱਢਲੇ ਕਾਲ ਵਿਚ ਗੁਰਬਖਸ਼ ਸਿੰਘ ਵਿਅਕਤੀਵਾਦੀ ਵਿਚਾਰਧਾਰਾ ਨੂੰ ਅਪਣਾਉਂਦਾ ਹੈ ਜੋ ਉਸਦੀ ਮੱਧਵਰਗੀ ਸਥਿਤੀ ਦੇ ਅਨੁਕੂਲ ਹੈ । ਇਥੇ ਉਸਦਾਂ ਸਾਰਾ ਜ਼ੋਰ ਸ਼ਖ਼ਸੀਅਤ ਦੀ ਉਸਾਰੀ ਉੱਪਰ ਹੈ । ਸਮਾਜਿਕ ਆਲੇ-ਦੁਆਲੇ ਨੂੰ ਉਹ ਧਿਆਨ ਵਿਚ ਹੀ ਨਹੀਂ ਲਿਆਉਂਦਾ । ਸਮਾਜਿਕ ਚੌਗਿਰਦੇ ਦਾ ਸਹੀ ਹੋਣਾ ਜਾਂ ਇਸ ਵਿਚ ਬਦਲਾਉ ਉਸ ਲਈ ਬਹੁਤਾ ਮਹੱਤਵ ਨਹੀਂ ਰੱਖਦਾ ਸਗੋਂ ਵਿਅਕਤੀ ਨੇ ਆਲੇ-ਦੁਆਲੇ ਨਾਲ ਇਕਸੁਰ ਹੋਣ ਦਾ ਯਤਨ ਕਰਨਾ ਹੈ । ਉਹ ਲਿਖਦਾ ਹੈ, "ਮਨੁੱਖਾ ਜੀਵਨ ਦਾ ਸਭ ਤੋਂ ਉੱਚਾ ਆਦਰਸ਼—ਨਾ ਭਗਤੀ ਨਾ ਮੁਕਤੀ, ਨਾ ਦਰਸ਼ਨ ਨਾ ਸਵਰਗ, ਨਾ ਸਮਾਧੀ—ਸਗੋਂ ਸਾਵੀਂ ਪੱਧਰੀ ਉਹ ਅਵਸਥਾ ਹੈ ਜਿਸ ਵਿਚ ਸਰੀਰ, ਦਿਮਾਗ ਤੇ ਅੰਤਹਕਰਣ ਆਪਣੇ ਆਪ ਤੇ ਆਲੇ-ਦੁਆਲੇ ਨਾਲ ਇਕਸੁਰ ਰਹਿ ਸਕਣ ।" ਵਿਅਕਤੀ ਨੂੰ ਭਗਤੀ, ਮੁਕਤੀ, ਸਵਰਗ ਸਮਾਧੀ ਤੋਂ ਨਿਜਾਤ ਦਿਲਾਉਣੀ ਜਿਥੇ ਅਗਲੇਰਾ ਕਦਮ ਹੈ ਉਥੇ ਇਸਦੀ ਸੀਮਾ ਵਿਅਕਤੀਵਾਦ ਦੀ ਹੈ ।

ਗੁਰਬਖਸ਼ ਸਿੰਘ ਦਾ ਦੂਜਾ ਦੌਰ ਉਹ ਹੈ ਜਦੋਂ ਉਹ ਆਲੇ-ਦੁਆਲੇ ਦੇ ਭਾਈਚਾਰੇ ਉੱਪਰ ਵੀ ਬਲ ਦੇਣ ਲੱਗਦਾ ਹੈ । ਇਥੇ ਉਹ ਵਿਅਕਤੀਗਤ ਸੁਪਨਿਆਂ ਦੀ ਪੂਰਤੀ ਲਈ 'ਸੁਘੜ ਸਮਾਜ' ਦੀ ਲੋੜ ਵੀ ਮਹਿਸੂਸ ਕਰਦਾ ਹੈ ਭਾਵੇਂ ਵਿਅਕਤੀ ਤੇ ਸਮਾਜ ਦੇ ਦਵੰਦਾਤਮਕ ਰਿਸ਼ਤੇ ਨੂੰ ਅਜੇ ਵੀ ਉਹ ਪੂਰੀ ਤਰ੍ਹਾਂ ਨਹੀਂ ਪਕੜ ਸਕਦਾ । ਫਿਰ ਵੀ ਉਸਦਾ ਇਹ ਕਥਨ ਮਹੱਤਵਪੂਰਣ ਹੈ ਕਿ, "ਸਹੀ ਮਾਰਗ ਉੱਤੇ ਚਲਦੇ ਮਨੁੱਖ ਦੀ ਲੋੜ ਉਹ ਸੁਘੜ ਸਮਾਜ ਹੈ ਜਿਹੜਾ ਉਸਦਾ ਰਿਸ਼ਤਾ ਉਹਦੇ ਆਪਣੇ ਮੁਲਕ ਦੇ ਲੋਕਾਂ ਨਾਲ ਹੀ ਨਹੀਂ ਸਾਰੀ ਦੁਨੀਆਂ ਦੇ ਲੋਕਾਂ ਨਾਲ ਸੋਹਣਾ ਸੁਖਾਵਾਂ ਬਣਾ ਸਕੇ ।"

ਪ੍ਰਗਤੀਵਾਦੀ ਪ੍ਰਭਾਵਾਂ ਅਧੀਨ ਗੁਰਬਖਸ਼ ਸਿੰਘ ਸਮਾਜ ਨੂੰ ਵਧੇਰੇ ਯਥਾਰਥਕ ਢੰਗ ਨਾਲ ਸਮਝਣ ਦਾ ਯਤਨ ਕਰਦਾ ਹੈ । ਪਰੰਤੂ ਉਸਦੇ ਮੱਧਵਰਗੀ ਆਦਰਸ਼ਵਾਦ ਦੀ ਸੀਮਾ ਉਸਨੂੰ ਇਕ ਹੱਦ ਤੋਂ ਅਗਾਂਹ ਨਹੀਂ ਜਾਣ ਦਿੰਦੀ । ਫਿਰ ਵੀ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਉਸਦਾ ਰਹੱਸਵਾਦ-ਵਿਰੋਧੀ ਰਵੱਈਆ ਅੱਜ ਵੀ ਮੁੱਲਵਾਨ ਹੈ । ਉਸਦਾ ਨਵੇਂ ਸਮਾਜ ਦਾ ਤੇ ਆਦਰਸ਼ ਮਨੁੱਖ ਦਾ ਸੁਪਨਾ ਅਜੇ ਫਜ਼ੂਲ ਨਹੀਂ ਹੋਇਆ ਹੈ । ਅੱਜ ਜਦੋਂ ਕਿ ਬਹੁਕੌਮੀ ਕੰਪਨੀਆਂ ਦੀ

ਅਜਾਰੇਦਾਰੀ ਵਿਚ ਦੁਨੀਆਂ ਪੱਧਰ 'ਤੇ ਗਰੀਬ ਹੋਰ ਗਰੀਬ ਹੋਣ ਲਈ ਮਜ਼ਬੂਰ ਹੋ ਰਿਹਾ ਹੈ ਅਤੇ ਗਰੀਬੀ, ਬੇਰੁਜ਼ਗਾਰੀ, ਆਰਥਿਕ ਅਸਮਾਨਤਾਵਾਂ ਦਾ ਭੂਮੰਡਲੀਕਰਣ ਹੋ ਰਿਹਾ ਹੈ ਉਥੇ ਗੁਰਬਖਸ਼ ਸਿੰਘ ਵਰਗੇ ਸੁਪਨੇਸਾਜ਼ਾਂ ਦਾ ਆਪਣਾ ਇਕ ਰੋਲ ਹੈ। ਜਿਥੇ ਮੱਧ ਵਰਗ ਆਦਰਸ਼ਹੀਣ ਹੁੰਦਾ ਜਾ ਰਿਹਾ ਹੈ ਉਥੇ ਗੁਰਬਖਸ਼ ਸਿੰਘ ਦੇ ਆਦਰਸ਼ਵਾਦ ਦਾ ਮੁੱਲ ਨਜ਼ਰੀਂ ਆਉਂਦਾ ਹੈ। ਗੱਲ ਕੀ ਸਾਰੀਆਂ ਸੀਮਾਵਾਂ ਦੇ ਬਾਵਜੂਦ ਗੁਰਬਖਸ਼ ਸਿੰਘ ਅਜੇ ਵੀ ਸਾਰਥਕ ਵਿਖਾਈ ਦਿੰਦਾ ਹੈ।

ਪੰਜਾਬੀ ਆਲੋਚਨਾ ਦੀ ਇਹ ਸੀਮਾ ਹੈ ਕਿ ਉਹ ਸਾਹਿਤਕਾਰ ਦਾ ਉਨੀ ਦੇਰ ਹੀ ਨੋਟਿਸ ਲੈਂਦੀ ਹੈ ਜਿੰਨਾਂ ਚਿਰ ਉਹ ਜਿਉਂਦਾ ਹੈ ਜਾਂ ਸਲੇਸਬਾਂ ਵਿਚ ਲੱਗਾ ਹੋਇਆ ਹੈ। ਗੁਰਬਖਸ਼ ਸਿੰਘ ਵੀ ਅੱਜਕਲ੍ਹ ਇਸੇ ਲਈ ਪੜ੍ਹਿਆ ਜਾਂਦਾ ਹੈ ਕਿ ਉਹ ਕੋਰਸ ਵਿਚ ਹੈ ਨਹੀਂ ਤਾਂ...ਉਂਜ ਅੱਜ ਵੀ ਕਈ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਉੱਪਰ ਵਿਚਾਰ ਹੋਣੀ ਚਾਹੀਦੀ ਹੈ। ਜਿਵੇਂ ਅਮਰੀਕਾ ਵਿਚ ਰਹਿੰਦਿਆਂ ਗੁਰਬਖਸ਼ ਸਿੰਘ ਉੱਪਰ ਜੋ ਪ੍ਰਭਾਵ ਪਏ ਉਨ੍ਹਾਂ ਦਾ ਲੇਖਾ ਜੋਖਾ ਹੋਣਾ ਅਜੇ ਬਾਕੀ ਹੈ। ਅੱਜ ਉਸਦੀ ਸਾਰਥਕਤਾ ਉੱਪਰ ਮੁੜ ਤੋਂ ਵਿਚਾਰ ਕਰਨ ਦੀ ਲੋੜ ਹੈ। ਕਈ ਹੋਰ ਕੋਣਾਂ ਤੋਂ ਉਸਦੀ ਪਰਖ ਕਰਨੀ ਲੋੜੀਂਦੀ ਹੈ। ਹੁਣ ਤੱਕ ਜਿੰਨੇ ਵੀ ਸੈਮੀਨਾਰ ਗੁਰਬਖਸ਼ ਸਿੰਘ ਉੱਪਰ ਹੋਏ ਹਨ, ਉਹ ਪੁਰਾਣੀਆਂ ਧਾਰਨਾਵਾਂ ਨੂੰ ਦੁਹਰਾਉਂਦੇ ਹਨ। ਕੁਝ ਨਵਾਂ ਹੋਣਾ ਚਾਹੀਦਾ ਹੈ, ਇਸ ਲਈ ਮਿਲਕੇ ਹੰਭਲਾ ਮਾਰਨ ਦੀ ਲੋੜ ਹੈ।

## ਸੋਗ ਸਮਾਚਾਰ

ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਪੰਜਾਬੀ ਸਾਹਿਤ ਦੇ ਸ੍ਰੇਸ਼ਟ ਵਿਦਵਾਨ, ਸਾਹਿਤ ਆਲੋਚਕ, ਚਿੰਤਕ, ਕਹਾਣੀਕਾਰ ਅਤੇ ਨਾਟਕਕਾਰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਹੁਰਾਂ ਦੀ ਦੁਖਦਾਈ ਮੌਤ ਨਾਲ ਸਾਰੇ ਪੰਜਾਬੀ ਸਾਹਿਤ ਜਗਤ ਨੂੰ ਵੱਡਾ ਸਦਮਾ ਪਹੁੰਚਿਆ ਹੈ। ਉਹ ਵੀਹਵੀਂ ਸਦੀ ਦੇ ਪ੍ਰਮੁੱਖ ਪੰਜਾਬੀ ਸਾਹਿਤਕਾਰ ਸਨ, ਜਿਹਨਾਂ ਦੀ ਪਾਲਣਾ, ਸਿਰਜਣਾ, ਪ੍ਰੇਰਨਾ ਤੇ ਉੱਦਮ ਨਾਲ ਪੰਜਾਬੀ ਵਿਚ ਸਮਾਜਵਾਦੀ ਸੁਹਜ-ਸ਼ਾਸ਼ਤਰ ਦਾ ਪ੍ਰਵੇਸ਼ ਅਤੇ ਪ੍ਰਸਾਰ ਹੋਇਆ। ਉਹਨਾਂ ਨੇ ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਨਿਰਮਾਣ ਅਤੇ ਵਿਕਾਸ ਵਿਚ ਉੱਘਾ ਤੇ ਅਮਿੱਟ ਪ੍ਰਭਾਵ ਪਾਇਆ। ਅਕਤੂਬਰ ਇਨਕਲਾਬ ਦੇ ਪ੍ਰਭਾਵ ਅਧੀਨ ਤੇ ਸੰਸਾਰ ਸਮਾਜਵਾਦੀ ਲਹਿਰ ਦੇ ਅਸਰ ਹੇਠ ਸਾਹਿਤ-ਸਿਰਜਣ ਦੇ ਕਾਰਜ ਦੇ ਨਾਲ ਨਾਲ ਪ੍ਰਿੰ. ਸੇਖੋਂ ਸ਼ਾਹਿਬ ਨੇ ਆਲੋਚਨਾ ਸ਼ਾਸ਼ਤਰ ਦੇ ਨਿਰਮਾਣ ਅਤੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ ਅਤੇ ਮਾਰਕਸਵਾਦੀ ਆਲੋਚਨਾ ਦੇ ਖੇਤਰ ਵਿਚ ਆਗੂ ਰੋਲ ਅਦਾ ਕੀਤਾ। ਚੌਥੇ ਦਹਾਕੇ ਤੋਂ ਆਰੰਭ ਹੋ ਕੇ ਇਸ ਸਦੀ ਦੇ ਅੰਤ ਤੱਕ ਸੇਖੋਂ ਸਾਹਿਬ ਨੇ ਪੰਜਾਬੀ ਸਾਹਿਤਕਾਰਾਂ ਦੀਆਂ ਤਿੰਨ ਪੀੜ੍ਹੀਆਂ ਨੂੰ ਸਮਾਜ-ਮੁਖੀ ਸਾਹਿਤਕ ਰਚਨਾਵਾਂ ਕਰਨ ਲਈ ਪ੍ਰੇਰਿਆ। ਏਸੇ ਕਾਰਨ ਸਤਿਕਾਰ ਵਜੋਂ ਉਹਨਾਂ ਨੂੰ ਪੰਜਾਬੀ ਸਾਹਿਤ ਦਾ 'ਬਾਬਾ ਬੋਹੜ' ਆਖਿਆ ਜਾਂਦਾ ਸੀ। ਪੰਜਾਬ ਸੰਕਟ ਸਮੇਂ ਲਿਖੀਆਂ ਉਹਨਾਂ ਦੀਆਂ ਪੱਤਰਕਾਰੀ ਲਿਖਤਾਂ ਬਾਰੇ ਭਾਵੇਂ ਪ੍ਰਗਤੀਵਾਦੀ ਹਲਕਿਆਂ ਵਿਚ, ਕਈ ਪ੍ਰਸ਼ਨ ਉਠਾਏ ਜਾਂਦੇ ਰਹੇ ਹਨ, ਪਰ ਆਲੋਚਨਾ-ਸ਼ਾਸਤਰ, ਸਾਹਿਤ-ਚਿੰਤਨ ਤੇ ਸਿਰਜਣਾ ਦੇ ਖੇਤਰ ਵਿਚ ਉਹਨਾਂ ਦੀ ਵਡਮੁੱਲੀ ਦੇਣ ਨੂੰ ਕਿਸੇ ਵੀ ਤਰ੍ਹਾਂ ਘਟਾਕੇ ਵੇਖਣਾ ਜਾਂ ਨਜ਼ਰ-ਅੰਦਾਜ਼ ਕਰਨਾ ਸੰਭਵ ਨਹੀਂ ਹੈ। ਅਦਾਰਾ 'ਚਿਰਾਗ਼' ਪ੍ਰਿੰ: ਸੇਖੋਂ ਜੀ ਦੀ ਸਾਹਿਤਕ ਦੇਣ ਅੱਗੇ ਸਿਰ ਝੁਕਾਉਂਦਾ ਇਸ ਸੋਗ ਵਿਚ ਸ਼ਾਮਿਲ ਹੁੰਦਾ ਹੈ।





## ਰੁਪਿੰਦਰ ਮਾਨ

ਆਪਣੇ ਪਲੇਠੇ ਗ਼ਜ਼ਲ-ਸੰਗ੍ਰਿਹ 'ਅੰਦਰਲੀ ਤਪਸ਼' (1995) ਦੀ ਪ੍ਰਕਾਸ਼ਨਾ ਨਾਲ ਰੁਪਿੰਦਰ ਮਾਨ ਨਵੀਂ ਪੀੜ੍ਹੀ ਦੇ ਚੰਗੇ ਸ਼ਾਇਰਾਂ ਵਿਚ ਸ਼ੁਮਾਰ ਹੋਣ ਲੱਗਾ ਹੈ। ਨਰੋਈ ਤੇ ਨਵੀਨ ਗ਼ਜ਼ਲ ਕਹਿੰਦਾ, ਉਹ ਅਜੋਕੇ ਦੌਰ ਦੀਆਂ ਚਿੰਤਾਵਾਂ ਤੇ ਚੁਣੌਤੀਆਂ ਦੇ ਸਨਮੁੱਖ ਹੁੰਦਾ ਹੈ। ਪੇਸ਼ ਨੇ ਉਸ ਦੀਆਂ ਕੁਝ ਗ਼ਜ਼ਲਾਂ, ਗੀਤ ਤੇ ਨਜ਼ਮਾਂ।

—ਸੰਪਾਦਕ

### ਤਿੰਨ ਗ਼ਜ਼ਲਾਂ/ਰੁਪਿੰਦਰ ਮਾਨ

1.

ਕਿਸਦੇ ਕੋਲ ਕਰੇਂਗਾ ਗੱਲਾਂ ਦੁਖਦੇ-ਸੁਖਦੇ।
ਆਪਣਿਆਂ ਦੇ ਵਰਗੇ ਨਾ ਪਰਦੇਸੀ ਹੁੰਦੇ।
ਰੇਤੇ ਉੱਤੇ ਧੁੱਪਾਂ ਜਿਹੇ ਕੁਝ ਹਰਫ਼ ਲਿਖਾਂਗੇ,
ਇਕ ਵਾਰੀ ਦੇ ਵਿਛੜੇ ਮੁੜਕੇ ਮੇਲ ਨੀਂ ਹੁੰਦੇ।
ਹੁਣ ਦਰਿਆਵਾਂ ਦੋਸਤੀਆਂ ਦਾ ਜੁਗ ਮੁੱਕਿਆ ਹੈ,
ਹੁਣ ਦਰਿਆਵਾਂ ਵਰਗੇ ਏਥੇ ਦਿਲ ਨੀਂ ਮਿਲਦੇ।
ਖੂਹ ਦੀਆਂ ਟਿੰਡਾਂ, ਭਿੰਡ-ਭਰਿੰਡਾਂ, ਹਿੰਡਾਂ,
ਚਾਨਣੀਆਂ ਦੇ ਰਾਹੀ ਹਰਦਮ ਜੁਗਨੂੰ ਲੱਭਦੇ।
ਤੇਰਾ ਕੀ ਹੈ ਤੇ ਕੀ ਮੇਰਾ ਇਸ ਨਗਰੀ ਵਿਚ,
ਆਪਾਂ ਹਾਂ ਬਣਵਾਸੀ ਵਣ ਵਿਚ ਕੂ-ਕੂ ਕਰਦੇ।
ਰਾਹਾਂ ਨੂੰ ਤਾਂ ਭੇਤ ਨਹੀਂ ਹੈ ਰਾਤ-ਦਿਵਸ ਦਾ,
ਵਿਛੜ ਗਿਆ ਉਹ ਰਾਹੀਆਂ ਨਾਲੋਂ ਚਲਦੇ-ਚਲਦੇ।
ਬੰਦੇ ਪਏ ਭੜੋਲੇ, ਉੱਲੂ ਬੋਲੇ, ਦੁੱਖੜੇ ਫੈਲੇ,
ਸ਼ਾਇਰ ਕਹੇ ਇਸ ਨਗਰੀ ਸਾਰੇ ਜਿਉਂਦੇ-ਮੁਰਦੇ।

2.

ਹੈ ਆਪਣੇ ਜਿਸਮ 'ਤੇ ਤਾਂ ਬਹੁਤ ਕੁਝ ਹੀ ਸਹਿ ਰਿਹਾ ਪਾਣੀ।
ਮੈਂ ਠੀਕ-ਠਾਕ ਹਾਂ ਬੇੜੀ ਨੂੰ ਐਪਰ ਕਹਿ ਰਿਹਾ ਪਾਣੀ।
ਨਦੀ ਵਿਚ ਉਹ ਨਿਰੰਤਰ ਵਹਿ ਰਿਹਾ ਆਰਾਮ ਚਾਹੁੰਦਾ ਸੀ,
ਤੇ ਖੂਹ ਵਿਚ ਸੋਚਦਾ ਸੀ ਸ਼ੁਭ ਹੈ ਈਕਣ ਵਹਿ ਰਿਹਾ ਪਾਣੀ।
ਜੋ ਚੜ੍ਹਿਆ ਸੀ ਮਿਟਾਵਣ ਵਾਸਤੇ ਮਿੱਟੀ ਦੀ ਹਸਤੀ ਨੂੰ,
ਰਤਾ ਕੁ ਘੂਰਿਆ ਪੱਥਰਾਂ ਤਾਂ ਹੇਠਾਂ ਲਹਿ ਰਿਹਾ ਪਾਣੀ।
ਹਵਾ ਆਖੇ ਜੇ ਮੈਂ ਹੁੰਦੀ ਤਾਂ ਇਸਦਾ ਸਾੜਦੀ ਪਿੰਡਾ,
ਅਜੀਬ ਬਾਤ ਸਦੀਆਂ ਤੋਂ ਨਦੀ ਸੰਗ ਵਹਿ ਰਿਹਾ ਪਾਣੀ।
ਕਿਤੇ ਉਲਝਣ, ਕਿਤੇ ਉਕਤਾਹਟ, ਕਿਧਰੇ ਦੁੱਖ, ਕਿਤੇ ਗੁੱਸਾ,
ਕਿਤੇ ਪਰਬਤ ਦੀ ਗੋਦੀ ਵਿਚ ਇਹ ਰਿਮਝਿਮ ਵਹਿ ਰਿਹਾ ਪਾਣੀ।

3.

ਇਹ ਹੈ ਕਿੰਨੀ ਸਾਫ਼ ਕਿੰਨੀ ਸਰਲ ਨੰਨ੍ਹੀ ਆਤਮਾ।
ਐ ਖ਼ੁਦਾ! ਬੰਦਿਆਂ ਨੂੰ ਤੂੰ ਨਿੱਕਿਆਂ ਤੋਂ ਨਾ ਵੱਡੇ ਬਣਾ।
ਪੌਣ ਤਾਂ ਸੀ ਪੌਣ ਕਿਧਰੇ ਸ਼ਾਂਤ ਤੇ ਕਿਧਰੇ ਖ਼ਫ਼ਾ,
ਲੱਗ ਗਈ ਕਿਧਰੇ ਦਰਖ਼ਤਾਂ ਦੇ ਗਲੇ ਕੋਈ ਗੀਤ ਗਾ।
ਪੱਥਰਾਂ ਨੂੰ ਪੱਥਰਾਂ ਦੇ ਨਾਲ ਕਿੰਨਾਂ ਮੋਹ ਪਿਆਰ,
ਨਾ ਇਹ ਕੰਬਣ ਨਾ ਹੀ ਬੋਲਣ ਨਾ ਸਕਣ ਦੁਖੜੇ ਸੁਣਾ।
ਤੂੰ ਕਿਸੇ ਦੇ ਕੋਲ ਜੇ ਜਾਵੇਂਗੀ ਤਾਂ ਕਿਹੜੇ ਸਬੱਬ,
ਐ ਮੇਰੀ ਤਨਹਾ ਤਬੀਅਤ ਹੋਰ ਨਾ ਚੁੱਪ ਨੂੰ ਬੁਲਾ।
ਤੇਰਿਆਂ ਸਾਹਾਂ 'ਚ ਸਰਗਮ ਓਸਦੀ ਵੱਜਣੀ ਜ਼ਰੂਰ,
ਤੂੰ ਜਦੋਂ ਖੋਲ੍ਹੇਂਗਾ ਦਿਲ ਦੇ ਸਾਜ਼ ਦੇਵਣ ਲਈ ਹਵਾ।

○ ○

## ਇਕ ਗੀਤ

ਅਸੀਂ ਆਖਦੇ ਹਾਂ ਜੀ ! ਆਇਆਂ ਨੂੰ ਮੁਹੱਬਤੋ !
ਅਸੀਂ ਸੁੰਨਿਆਂ ਬਨੇਰਿਆਂ 'ਤੇ ਦੀਪ ਬਾਲਣੇ,
ਗੁੰਮ-ਸੁੰਮ ਨੈਣਾਂ ਵਿਚ ਸੁਪਨੇ ਵੀ ਬੀਜਣੇ,
ਰਲ-ਮਿਲ ਹਾਣੀਓਂ, ਰਿਮਝਿਮ ਪਾਣੀਓਂ,
ਅਸੀਂ ਆਖਦੇ........।
ਪੱਤੇ ਝੜਗੇ ਨੇ ਟਾਹਣਾਂ ਉੱਤੋਂ ਸੁੱਕ-ਸੁੱਕ ਕੇ,
ਕਦੇ ਮਾਣਦੇ ਸੀ ਇਹ ਵੀ ਰੁੱਤਾਂ ਲੁਕ-ਲੁਕ ਕੇ,
ਸੁੱਕੇ ਪੱਤਿਆਂ ਨੂੰ ਕਰਦੋ ਅਮਰ ਸ਼ਬਦੋ,
ਅਸੀਂ ਆਖਦੇ........।
ਇਹਨਾਂ ਪਾਣੀਆਂ ਤੋਂ ਕੁੜੀਆਂ ਦਾ ਪੂਰ ਲੰਘਿਆ,
ਇਕ ਕੋਲ ਹੈ ਤੇ ਦੂਜਾ ਕਿਤੇ ਦੂਰ ਲੰਘਿਆ,
ਹੱਸੋ-ਹੱਸੋ ਨੀ ਬਹਾਰਾਂ ਜਿਹੀਓ ਮਾਣ-ਮੱਤੀਓ,
ਅਸੀਂ ਆਖਦੇ........।
ਦੂਰ ਅੰਬਰਾਂ 'ਚ ਤਾਰੇ ਸਾਨੂੰ ਵਾਜਾਂ ਮਾਰਦੇ,
ਜਿਹਨਾਂ ਕੋਲ ਹੋਵੇ ਰੋਸ਼ਨੀ ਉਹੀਓ ਖਿਲਾਰਦੇ,
ਅਸੀਂ ਜਗ-ਮਗ ਕਰਨੀ ਜ਼ਰੂਰ ਅੰਬਰੋ,
ਅਸੀਂ ਆਖਦੇ........।
ਅਸੀਂ ਪਿਆਰ ਦੇ ਪੁਜਾਰੀ ਮੋਹ ਦੇ ਰੁੱਖ ਵੰਡਣੇ,
ਪੀਣੇ ਦੁੱਖ ਨੇ ਜਹਾਨ ਦੇ ਤੇ ਸੁੱਖ ਵੰਡਣੇ,
ਮਰ-ਮਰ ਫੇਰ ਜੀਣਾ ਧਰਤੀ ਦੀ ਕੁੱਖ 'ਚੋਂ,
ਅਸੀਂ ਆਖਦੇ........।



## 1. ਮੈਂ ਨੰਗਾ ਚੰਗਾ

ਢੱਕ ਆਪਣੀ ਬੋਝਲ ਕਾਇਆ ਨੂੰ
ਰੂਹ ਦੇ ਡੇਰੇ ਮੱਲ
ਜਿੱਧਰ ਕੂੰਜਾਂ ਨਾਵ੍ਹਣ ਚੱਲੀਆਂ
ਤੂੰ ਵੀ ਓਧਰ ਚੱਲ।
ਚੱਲ ਰੂਹਾਂ ਦੇ ਦੇਸ ਨੂੰ ਅੜੀਏ
ਮਾਰੀਂ ਖ਼ੂਬ ਦੁੜੰਗੇ
ਸੱਚ ਨੂੰ ਕੈਦ ਬਾਣੇ ਦੀ ਕੇਹੀ
ਆਪਾਂ ਚੰਗੇ ਨੰਗੇ।
ਨੰਗੇ ਰਹਿਨ ਫ਼ਕੀਰ, ਵਲੀ
ਤੇ ਗਲੀਆਂ ਕੱਛਦੇ ਬੱਚੇ
ਨਾ ਉਹਨਾਂ ਨੂੰ ਸਾਰ ਕੱਜਣ ਦੀ
ਉਹ ਰੂਹਾਂ ਦੇ ਸੱਚੇ।
ਸੱਚਿਆਂ ਕੋਲੋਂ ਡਰ ਲਗਦਾ ਹੈ
ਕੂੜ ਲੁਕੋਵੇ ਕਾਇਆ
ਮਿੱਟੀ ਲਿਸ਼ਕ ਨਾ ਮਾਰੇ ਝੂਠੀ
ਚੁੰਧਿਆਉਂਦੀ ਹੈ ਮਾਇਆ।
ਮਾਇਆ ਕੀ-ਕੀ ਰੂਪ ਵਟਾਵੇ
ਥਾਂ-ਥਾਂ ਗੱਡੀਆਂ ਫਾਹੀਆਂ
ਜੋ ਕੂੰਜਾਂ ਸੀ ਨਾਵ੍ਹਣ ਚੱਲੀਆਂ
ਮੁੜ ਵਤਨੀਂ ਨਾ ਆਈਆਂ।
ਕਾਹਨੂੰ ਰਾਖ਼ ਫਰੋਲੇਂ ਬਲੀਆ
ਕਾਹਨੂੰ ਅੱਥਰੂ ਰੋਵੇਂ
ਕਰਦਾ ਮਾਣ ਦਮਾਂ ਦਾ ਮਰਿਆ
ਰੂਹ ਓਵੇਂ ਦੀ ਓਵੇਂ।
ਰੂਹ ਨੂੰ ਚੋਲਾ ਲੋੜ ਨਾ ਕਾਈ
ਰਹਿ ਨੰਗੇ ਦਾ ਨੰਗਾ
ਸਾਂਭ ਮਖ਼ਮਲੀ ਬਸਤਰ ਚਿੱਟੇ
ਮੈਂ ਨੰਗਾ ਹੀ ਨੰਗਾ।

## 2. ਸਿਰ ਮੰਗਾਂ ਸਾਬਤ-ਸਬੂਤਾ

ਆਹ ਚੁੱਕੋ ਆਪਣੇ ਸਿਰ !
ਨਹੀਂ ਮੰਗਦਾ ਹੁਣ
ਆਪਣੀ ਸੋਚ ਸਾਂਭੋ
ਸ਼ਬਦ ਵਿਚ ਖੋਜੋ
ਆਪਣਾ ਸ਼ਬਦ ਗਾਵੋ।
ਕਿਸ ਵਾਸਤੇ ਇਹ ਭੀੜ
ਭੀੜ ਦਾ ਸਿਰ ਇੱਕ
ਚਾਹਾਂ ਮੈਂ
ਖਿੜਨ ਅਸੰਖ ਫੁੱਲ
ਮਹਿਕ ਆਪਣੀ
ਰੰਗ ਆਪਣਾ
ਤ ਫੱਬਤ ਵੰਨ-ਸੁਵੰਨ।
ਸਿਰਾਂ ਨੂੰ ਵਾਰਨਾ ਸੌਖਾ
ਸਿਰਾਂ ਨੂੰ ਸਾਂਭਣਾ ਮੁਸ਼ਕਿਲ
ਸਾਂਭੋ ਸਿਰ।
ਬ੍ਰਹਿਮੰਡ ਬਹੁਤ ਵਿਸ਼ਾਲ
ਤਾਰੇ
ਧਰਤੀਆਂ
ਚੰਦ
ਅਨੰਤ ਅਕਾਸ਼-ਗੰਗਾਵਾਂ
ਕਾਲੇ-ਸੁਰਾਖ ਅਸਗਾਹ ਬੇਅੰਤ
ਸਿਰ, ਛੋਟਾ ਕਿਓਂ ?
ਮੈਂ ਸੀਸ ਨਾ ਮੰਗਾਂ
ਸੋਚ ਮੰਗਾਂ ਮੈਂ।
ਸਹਿਜ ਮੰਗਾਂ
ਸੁਹਜ ਮੰਗਾਂ
ਤੇ ਸਿਰਜਣਾ।
'ਸੱਚ' ਮੇਰਾ
ਜੇ ਸਭ ਦਾ ਸੱਚ
ਤਾਂ ਸਭ ਦਾ ਸੱਚ ਕੀਹ !
ਭੀੜ ਦਾ ਸਿਰ ਇਕ
ਮੈਂ ਤਾਂ ਹਰ ਇਕ ਦਾ
ਸਾਬਤ-ਸਬੂਤਾ ਸਿਰ ਮੰਗਾਂ।

(ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ—151203)





## ਜੇ ਬੋਲਾਂ ਦੇ ਪੱਲੇ.........

ਜੇ ਬੋਲਾਂ ਦੇ ਪੱਲੇ ਸੱਚ ਹੈ
ਪਰਲੋ ਵਰਗੇ ਸ਼ੋਰ 'ਚ ਵੀ ਉਹ
ਸੁਣੇ ਜਾਣਗੇ
ਬੇਸ਼ਕ ਲਿਖ ਦਿਓ ਵਿਚ ਹਵਾਵਾਂ
ਧੁੱਪ ਦੇ ਪਿੰਡੇ
ਜਾਂ ਵਿਚ ਛਾਵਾਂ
ਜਾਂ ਬੱਦਲਾਂ ਦੇ ਸੀਨੇ ਉੱਤੇ
ਮਹਿਕ ਦੇ ਮੌਸਮ
ਜਾਂ ਪੱਤਝੜ ਦੀ ਰੁੱਖੀ ਰੁੱਤੇ
ਵੰਡ ਚੁੰਡ ਦੇਵੇ ਵਿਚ ਫ਼ਜ਼ਾਂਵਾਂ
ਫੁੱਲਪੱਤੀਆਂ ਦੀ ਜੀਭ ਤੇ ਰੱਖੋ
ਤੱਤੀ ਤਵੀ ਸਲੀਬ 'ਤੇ ਰੱਖੋ
ਚਾਹੇ ਰਾਤ ਦੀ ਝੋਲੀ ਪਾ ਦਿਓ
ਜਾਂ ਸਰਘੀ ਨੂੰ ਅਰਘ ਚੜ੍ਹਾ ਦਿਓ
ਲਿਖ ਦੇਵੋ ਜਾਂ ਕਲੀਆਂ ਉੱਤੇ
ਜਾਂ ਧਰ ਦੇਵੋ
ਅੱਟਵਾਂ ਵਾਲੀਆਂ ਤਲ਼ੀਆਂ ਉੱਤੇ
ਕੇਰ ਦਿਓ ਵਿਚ ਟਿੱਬਿਆਂ, ਬੇਹਾਂ
ਛੱਟਾ ਦੇ ਦਿਓ ਵਿਚ ਥਲਾਂ ਦੇ
ਸਾਗਰ ਦੇ ਬੇਚੈਨ ਜਲਾਂ ਦੇ
ਹੱਕ ਦੇ ਹਰਫ਼ ਕਿਤੇ ਵੀ ਲਿਖ ਦਿਓ
ਉਹ ਇਤਿਹਾਸ ਦੇ ਮੱਥੇ ਉੱਤੇ
ਸਦਾ ਸਦਾ ਲਈ ਖੁਣੇ ਜਾਣਗੇ
ਹੁਣੇ ਨਹੀਂ ਤਾਂ ਹੋਰ ਘੜੀ ਨੂੰ
ਅੱਜ ਨਹੀਂ ਤਾਂ ਭਲਕੇ ਪਰਸੋਂ
ਸੁਣੇ ਜਾਣਗੇ
ਜੇ ਬੋਲਾਂ ਦੇ ਪੱਲੇ ਸੱਚ ਹੈ

## 2. ਕਵਿਤਾਵਾਂ

ਸਮਾਂ ਵਿਹਾਇਆ, ਜੀ ਪ੍ਰਚਾਇਆ
ਕੁਝ ਬਦਨਾਮੀ ਤੇ ਕੁਝ
ਨਾਮ ਕਮਾਇਆ
ਲਿਖੇ ਹੋਏ ਕਾਗ਼ਜ਼ ਦੀ ਪਿੱਠ 'ਤੇ
ਮਲੀ ਸਿਆਹੀ
ਕਲਮ ਘਸਾਈ

ਲਿਖ ਲਿਖ ਕੇ ਕਵਿਤਾਵਾਂ
ਕਵਿਤਾਵਾਂ ਜੋ ਸੱਥਾਂ ਦੇ ਵਿਚ
ਬੇਹੀ, ਬੁੱਸੀ, ਫੋਕੀ ਵਾਹ ਵਾਹ ਖਟਦੀਆਂ ਰਹੀਆਂ
ਜਾਂ ਸੜਕਾਂ ਦੇ ਕੰਢੀ ਬੈਠੀਆਂ
ਬੁੜ ਬੁੜ ਕਰਕੇ ਚੁੱਪ ਹੋ ਰਹੀਆ
ਜਾਂ ਅਖ਼ਬਾਰ ਦੇ ਭੁੱਖੇ ਪੰਨਿਆਂ ਨੇ ਚੱਬ ਲਈਆਂ
ਜਾਂ ਟੀ. ਵੀ. ਦੇ ਪਰਦੇ ਉਤੋਂ
ਪਲ ਦੀ ਪਲ ਝਾਂਜਰ ਛਣਕਾ ਕੇ
ਅੱਖ ਮਟਕਾ ਕੇ
ਹੱਥ ਹਿਲਾ ਕੇ

ਰਾਜ-ਦੁਆਰ ਤੇ
ਸਜਦਾ ਕਰਨ ਲਈ ਤੁਰ ਗਈਆਂ
ਦੱਬੀ ਜੀਭੇ ਕਲਮ ਪੁਛੇਂਦੀ—
ਕਦੋਂ ਲਿਖੇਂਗਾ ਉਹ ਕਵਿਤਾਵਾਂ
ਜੋ ਵਿਹੜੇ ਦੀ ਪੰਜਵੀਂ ਨੁੱਕਰੇ
ਬੜੇ ਚਿਰਾਂ ਤੋਂ
ਬੈਠੀਆਂ ਲੁਕ ਲੁਕ ਕਰਨ ਸਲਾਹਵਾਂ
ਮਨ ਅੰਤਰ ਦੇ ਦਰ-ਦਰਵਾਜ਼ੇ
ਦਸਤਕ ਦੇਣੋਂ ਡਰ ਡਰ ਮਰਦੀਆਂ
ਡੁਬਦੀਆਂ ਤਰਦੀਆਂ
ਬਣੀਆਂ ਰਹੀਆਂ ਮੂਕ ਦੁਆਵਾਂ
ਕਦੋਂ ਲਿਖੇਂਗਾ ਉਹ ਕਵਿਤਾਵਾਂ ?



## ਗੁਰਬਖਸ਼ ਸਿੰਘ ਦੀ ਵਿਚਾਰਧਾਰਾ/ਟੀ. ਆਰ. ਵਿਨੋਦ

ਪੰਜਾਬ ਦੇ ਸ਼ਹਿਰੀ ਮਧ-ਵਰਗ ਨੂੰ ਹੋਂਦ ਵਿਚ ਆਇਆਂ ਤਕਰੀਬਨ 70 ਵਰ੍ਹੇ ਹੋ ਚੁੱਕੇ ਸਨ ਜਦੋਂ ਗੁਰਬਖਸ਼ ਸਿੰਘ ਹੋਰਾਂ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਇਹ ਵਰਗ ਪੰਜਾਬ ਦੇ ਸਹਿਜ-ਵਿਕਾਸ ਦਾ ਪਰਿਣਾਮ ਨਹੀਂ ਸੀ, ਸਗੋਂ ਸਾਮਰਾਜੀ ਹਾਲਤਾਂ ਦੀ ਪੈਦਾਵਾਰ ਸੀ। ਸੋ ਇਹ ਵਰਗ ਨਾ ਤਾਂ ਆਪਣੇ ਵਿਰਸੇ ਨੂੰ ਛੱਡ ਸਕਦਾ ਸੀ ਨਾ ਹੀ ਪੱਛਮੀ ਸਭਿਆਚਾਰ ਦੀਆਂ ਖਿੱਚਾਂ ਤੋਂ ਨਿਰਲੇਪ ਰਹਿ ਸਕਦਾ ਸੀ। ਵਿਰਸਾ ਇਸ ਵਰਗ ਲਈ ਰਾਜ ਭਾਗ ਖੁੱਸ ਜਾਣ ਦੇ ਖੇਦ ਨੂੰ ਘਟਾਉਣ ਦਾ ਇਕ ਵਸੀਲਾ ਸੀ ਅਤੇ ਆਧੁਨਿਕ ਪੱਛਮੀ ਸਭਿਆਚਾਰ ਇਸ ਵਰਗ ਦਾ ਖ਼ੁਸ਼ਹਾਲੀ ਦਾ ਸੁਪਨਾ ਸੀ। ਸਾਮਰਾਜ ਵੀ ਨਹੀਂ ਚਾਹੁੰਦਾ ਸੀ ਕਿ ਇਸ ਵਰਗ ਦੀ ਤਾਕਤ ਵਧੇ। ਸੋ ਬਰਤਾਨਵੀ ਹਕੂਮਤ ਨੇ ਪੰਜਾਬ ਵਿਚ ਪਰੰਪਰਾਗਤ ਸਭਿਆਚਾਰ ਨੂੰ ਬਣਾਈ ਰੱਖਣ ਦੇ ਸੁਚੇਤ ਯਤਨ ਕੀਤੇ ਅਤੇ ਪੰਜਾਬ ਵਿਚ ਧਾਰਮਿਕ-ਸੰਪਰਦਾਇਕ ਲਹਿਰਾਂ ਦੀ ਸੋਚੀ-ਸਮਝੀ ਸਰਪ੍ਰਸਤੀ ਕੀਤੀ। ਸਿੱਟੇ ਵਜੋਂ ਇਸ ਵਰਗ ਦੇ ਬਹੁਤੇ ਸਾਹਿਤਕਾਰ ਮੁੱਢ ਤੋਂ ਹੀ ਦੁਵੱਲਤਾ ਦਾ ਸ਼ਿਕਾਰ ਹੋ ਕੇ ਰਹਿ ਗਏ। ਭਾਈ ਵੀਰ ਸਿੰਘ ਲਈ ਪੁਰਾਣਾ ਪੇਂਡੂ ਸਭਿਆਚਾਰ ਆਦਰਸ਼ ਬਣ ਗਿਆ। ਪ੍ਰੋਫੈਸਰ ਪੂਰਨ ਸਿੰਘ ਨੂੰ ਆਧੁਨਿਕ ਸਭਿਆਚਾਰ ਠੀਕਰੀਆਂ ਦੀ ਪੂਜਾ ਪ੍ਰਤੀਤ ਹੋਣ ਲੱਗਾ। ਧਨੀ ਰਾਮ ਚਾਤ੍ਰਿਕ 'ਛੱਜੂ ਦੇ ਚੁਬਾਰੇ' ਦੇ ਸੋਹਲੇ ਗਾਉਣ ਲੱਗਾ, ਕਿਰਪਾ ਸਾਗਰ ਲਈ ਰਣਜੀਤ ਸਿੰਘ ਦਾ ਰਾਜ 'ਰਾਮ ਰਾਜ' ਬਣ ਗਿਆ। ਅਤੇ ਬ੍ਰਿਜ ਲਾਲ ਸ਼ਾਸਤਰੀ ਨੂੰ 'ਸਵਿਤਰੀ' ਅਤੇ 'ਸੁਕੰਨਿਆ' ਆਦਰਸ਼ ਨਾਰੀਆਂ ਮਹਿਸੂਸ ਹੋਣ ਲੱਗੀਆਂ। ਪੰਜਾਬ ਦੇ ਸ਼ਹਿਰਾਂ ਵਿਚ ਜੋ ਕੁਝ 'ਨਵਾਂ' ਉਸਰ ਰਿਹਾ ਸੀ, ਉਸ ਨੂੰ ਇਹ ਵਰਗ ਹੰਢਾਉਂਦਾ ਸੀ, ਹੰਢਾਉਣ ਦੀ ਲਾਲਸਾ ਵੀ ਰੱਖਦਾ ਸੀ, ਪਰੰਤੂ ਇਸ ਨੂੰ ਜਾਇਜ਼ ਠਹਿਰਾਉਣ ਦਾ ਤਰਕ ਇਸ ਵਰਗ ਕੋਲ ਨਹੀਂ ਸੀ। ਗੁਰਬਖਸ਼ ਸਿੰਘ ਨੇ ਇਸ ਵਰਗ ਦੀਆਂ ਲਾਲਸਾਵਾਂ ਨੂੰ ਇਹ ਤਰਕ ਪ੍ਰਦਾਨ ਕੀਤਾ।

2. ਗੁਰਬਖਸ਼ ਸਿੰਘ ਸਿੱਧਾਂਤਕਾਰ ਨਹੀਂ, ਸਾਹਿਤਕਾਰ ਸੀ। ਕਿਸੇ ਸਿਧਾਂਤ ਨੂੰ ਉਸ ਨੇ ਨਿੱਠ ਕੇ ਨਾ ਤਾਂ ਪੜ੍ਹਿਆ ਸੀ ਨਾ ਵਿਚਾਰਿਆ ਸੀ। ਤਾਂ ਵੀ ਉਹ ਜੋ ਲਿਖਦਾ ਜਾਂ ਕਰਦਾ ਸੀ, ਉਸ ਦੇ ਪਿੱਛੇ ਇਕ ਖਾਸ ਕਿਸਮ ਦੀ ਸੋਚ ਖਲੋਤੀ ਸੀ। ਇਹ ਸੋਚ ਬੁਨਿਆਦੀ ਤੌਰ ਉਤੇ ਨਿਜ-ਕੇਂਦਰਿਤ ਸੰਸਾਰ ਮੁਖੀ ਸੋਚ ਸੀ ਅਤੇ ਇਹ ਸੋਚ ਉਸ ਨੇ ਅਮਰੀਕਾ ਦੀ ਵਿਅਕਤੀਗਤ ਪਦਾਰਥਕ ਤਰੱਕੀ ਦੇ ਨਿਜੀ ਅਨੁਭਵ ਵਿਚੋਂ ਬਣਾਈ ਸੀ। ਇਸ ਸੋਚ ਨਾਲ ਹੀ ਉਸ ਨੇ ਪੰਜਾਬ ਦੇ ਸ਼ਹਿਰੀ ਮਧ ਵਰਗ ਦੀ ਨਿਜੀ ਪਦਾਰਥਕ ਲਾਲਸਾ ਦਾ ਮੁੱਲ ਪਾਇਆ। ਪਦਾਰਥਕ ਸੁਖ-ਸਹੂਲਤਾਂ, ਨਰੋਈ ਖ਼ੂਬਸੂਰਤ ਦੇਹ, ਪ੍ਰਸੰਨ ਲੰਮੀ ਉਮਰ, ਸਾਵੀਂ ਸੁਧਰੀ ਜ਼ਿੰਦਗੀ, ਭਰ ਜਵਾਨ ਸਾਥ, ਦਿਲ-ਕਸ਼ ਸ਼ਖ਼ਸੀਅਤ, ਸੁਹਣੀ-ਸੁਨੱਖੀ ਸੰਤਾਨ, ਮਨ-ਭਾਉਂਦਾ ਭੋਜਨ ਅਤੇ ਜਗ-ਭਾਉਂਦਾ ਪਹਿਰਾਵਾ-ਸੰਖੇਪ ਵਿਚ ਸ. ਗੁਰਬਖਸ਼ ਸਿੰਘ ਨੂੰ 'ਕਰਤਾ ਦੀ ਮਾਇਆ' ਸਭ ਤੋਂ ਵਧ ਹੁਸੀਨ ਅਤੇ ਆਕਰਸ਼ਕ ਸਿਰਜਨਾ ਲਗਦੀ ਸੀ। ਸੋ ਇਸ ਦੁਨੀਆਂ ਦਾ ਹੁਸਨ ਉਸ ਦੀਆਂ ਲਿਖਤਾਂ ਦਾ ਮੁੱਢ ਤੋ ਹੀ ਮਰਕਜ਼ ਬਣ ਗਿਆ। ਆਪ ਦੀਆਂ ਲਿਖਤਾਂ ਵਿਚ ਉਹ ਇਸ ਨੂੰ ਰੱਜ ਕੇ ਸਲਾਹੁੰਦਾ ਹੈ, ਜੀਵਨ ਵਿਚ ਇਸ ਨੂੰ ਮਾਣਨਾ ਚਾਹੁੰਦਾ ਹੈ ਅਤੇ ਅਸਲ ਵਿਚ ਇਸ ਦੇ ਵਾਧੇ ਦੀਆਂ ਅਨੇਕ ਵਿਉਂਤਾਂ ਬਣਾਉਂਦਾ ਹੈ। ਮਿਸਾਲ ਵਜੋਂ ਉਸ ਦੀਆਂ ਰਚਨਾਵਾਂ ਵਿਚੋਂ ਸਹਿਜ ਭਾ ਚੁਣੇ ਗਏ ਹੇਠ ਲਿਖੇ

ਫਿਕਰੇ ਵੇਖੋ—

1. ਦੁਨੀਆਂ ਵਿਚ ਜਿੰਨੀ ਤਰੱਕੀ ਹੋਈ ਹੈ, ਉਸ ਦੀ ਬੁਨਿਆਦ ਰਹਿਣੀ ਦੇ ਮਿਆਰ ਵਿਚ ਲਗਾਤਾਰ ਵਾਧੇ ਦੀ ਮਨੁੱਖੀ ਰੁਚੀ ਹੈ। ਨੰਗੇਜ ਨੂੰ ਕਪੜਿਆਂ ਨਾਲ ਢੱਕ, ਗਾਰਾਂ ਵਿਚੋਂ ਨਿਕਲ ਕੇ ਝੌਂਪੜੀਆਂ ਵਿਚ ਆਉਣਾ, ਝੌਂਪੜੀਆਂ ਦੀ ਥਾਂ ਮਕਾਨ ਬਣਾਉਣੇ, ਸ਼ਿਕਾਰ ਦੀ ਥਾਂ ਅਨਾਜ,ਫਲ, ਫੁੱਲ ਦੀ ਵਰਤੋਂ ਕਰਨਾ ਇਹ ਮਨੁੱਖੀ ਸਭਿਅਤਾ ਤੇ ਖੁਸ਼ਹਾਲੀ ਦੀਆਂ ਪੌੜੀਆਂ ਹਨ।

"ਰਹਿਣੀ ਦਾ ਮਿਆਰ"

2. ਉਸ ਦੀ ਅਸਲ ਇਬਾਦਤ ਇਹੀ ਹੈ ਕਿ ਦੁਨੀਆਂ ਵਿਚੋਂ ਜਹਾਲਤ, ਗਰੀਬੀ, ਕਠੋਰਤਾ ਕਸ਼ਟ ਦੂਰ ਕੀਤੇ ਜਾਣ, ਆਦਮੀ ਨੂੰ ਆਦਮੀ ਨਾਲ ਮਿਲਾਇਆ ਜਾਏ, ਇਸ ਦੇ ਦਿਲੋਂ ਮੌਤ ਦਾ ਸਹਿਮ ਹਟਾ ਕੇ ਨਿਡਰ ਕੀਤਾ ਜਾਏ। "ਜੀਵਨ ਜਾਚ"

3. ਸ਼ਾਦੀ ਤੇ ਥੋੜੀ ਗਿਜਾ ਤੇ ਮਨ-ਭਾਉਂਦਾ ਰੁਝੇਵਾਂ, ਵੱਡੀ ਆਯੂ ਤੇ ਸੁਡੌਲ ਸਰੀਰ ਦੇ ਰਾਜ ਹਨ। "ਪ੍ਰਸੰਨ ਲੰਮੀ ਉਮਰ"

4. ਮਨੁੱਖੀ ਜੀਵਨ ਵਿਚ ਸਭ ਤੋਂ ਵੱਡੀ ਤਸੱਲੀ, ਕਿਸੇ ਮਨੁੱਖ ਲਈ ਉਸ ਦਾ ਲਾਇਕ ਬੱਚਾ ਹੈ। ...ਮਾਪਿਆਂ ਲਈ ਸਿਰਫ ਵਾਰਸ ਮੰਗ ਛੱਡਣਾ ਹੀ ਕਾਫੀ ਨਹੀਂ। ਵਾਰਸਾਂ ਨੂੰ ਭਾਈਚਾਰੇ ਦੇ ਸੁਖਾਵੇ ਮੈਂਬਰ ਬਣਾਨਾ ਉਹਨਾਂ ਦਾ ਸਭ ਤੋਂ ਵੱਡਾ ਫਰਜ਼ ਹੁੰਦਾ ਹੈ। ਸਾਰੇ ਮਜ਼੍ਹਬ ਧਰਮ ਨਿਸਫਲ ਹਨ ਜੇ ਮਾਪੇ ਆਪਣੇ ਵਾਰਸਾਂ ਨੂੰ ਅਤਿ ਵਧੀਆ ਤਰਬੀਅਤ ਨਹੀਂ ਦਿੰਦੇ।

(ਸਾਡੇ ਵਾਰਸ)

5. ਕਿਸੇ ਮੁਲਕ ਦੀ ਪੁਲੀਟੀਕਲ ਜਾਂ ਅਖਲਾਕੀ ਅਵਸਥਾ ਦਾ ਅਨੁਮਾਨ ਜੇ ਲਾਣਾ ਹੋਵੇ ਤਾਂ ਉਥੋਂ ਦੀਆਂ ਇਸਤ੍ਰੀਆਂ ਦੀ ਅਵਸਥਾ ਅਤੇ ਪਦਵੀ ਬਾਬਤ ਸਵਾਲ ਪੁਛੋ।

(ਕੌਮ ਉਸਾਰੂ ਇਸਤ੍ਰੀ)

6. ਸਦੀਵੀ ਇਨਕਲਾਬ ਮੰਗਦਾ ਹੈ ਕਿ ਮਨੁੱਖ ਮਨੁੱਖ ਵਿਚ ਕੋਈ ਵਿਤਕਰਾ ਨਾ ਹੋਵੇ, ਮਨੁੱਖੀ ਕਲਪਨਾ ਦੇ ਪਰਾਂ ਵਿਚ ਕੋਈ ਡੋਰੇ ਨਾ ਬੱਧੇ ਹੋਣ, ਅਕਾਸ਼ ਇਸ ਦੀਆਂ ਉਡਾਰੀਆਂ ਲਈ ਖੁਲ੍ਹਾ ਹੋਵੇ। ਵਿਦਿਆ, ਹੁਨਰ, ਰੁਜ਼ਗਾਰ, ਤਫਰੀਹ ਤੇ ਖੂਬਸੂਰਤੀ ਦੇ ਸਾਰੇ ਵਸੀਲੇ ਸਾਰੇ ਮਨੁੱਖਾਂ ਲਈ ਹੋਣ ਤੇ ਮਨੁੱਖੀ ਸ਼ਖਸੀਅਤ ਨੂੰ ਸ੍ਰਿਸ਼ਟੀ ਦਾ ਸਤਿਕਾਰਿਆ, ਪਿਆਰਿਆ ਪ੍ਰਗਟਾਵਾ ਮੰਨਿਆ ਜਾਵੇ ਪੈਦਾਵਾਰ ਦੇ ਵਸੀਲੇ ਸੌਦਾਗਰਾਂ, ਸੇਠਾਂ ਦੀ ਮਲਕੀਅਤ ਨਹੀਂ, ਸਾਰੀ ਕੌਮ ਦੀ ਮਲਕੀਅਤ ਹੋਣ।

ਇਹ ਸਾਧ-ਵਚਨ ਨਹੀਂ ਦੁਨੀਆਦਾਰ ਦੇ ਕਥਨ ਹਨ। ਇਨ੍ਹਾਂ ਕਥਨਾਂ ਵਿਚ ਪਰਲੋਕ ਦਾ ਤਸੱਵਰ ਗਾਇਬ ਹੈ ਅਤੇ ਲੋਕ ਦਾ ਸੰਕਲਪ ਹਾਜ਼ਰ ਹੈ। ਤਜਾਰਤ, ਸਨਅਤ, ਮੁਲਾਜ਼ਮਤ ਅਤੇ ਆਜ਼ਾਦ ਕਿੱਤਿਆਂ ਰਾਹੀਂ ਆਪਣੀ ਸੰਸਾਰਕ ਖੁਸ਼ਹਾਲੀ ਵਿਚ ਵਾਧਾ ਕਰਨ ਵਾਲੇ ਸ਼ਹਿਰੀ ਮਧ-ਵਰਗ ਨੂੰ ਅਜਿਹੇ ਕਥਨਾਂ ਦੀ ਬੇਹੱਦ ਜ਼ਰੂਰਤ ਸੀ। ਖਾਣ-ਪੀਣ ਪਹਿਨਣ ਦਾ ਸ਼ੌਕ ਇਸ ਵਰਗ ਵਿਚ ਲਗਾਤਾਰ ਵਧ ਰਿਹਾ ਸੀ ਪਰ ਪੁਰਾਣੇ ਪਛੜੇਵੇਂ ਦੇ ਮਾਰੇ ਹੋਏ ਪਰਲੋਕਮੁਖੀ ਸਭਿਆਚਾਰ ਨੂੰ ਇਹ ਸ਼ੌਕ ਨਿਰੋਲ ਲਾਲਸਾ ਅਤੇ ਤ੍ਰਿਸ਼ਨਾ ਜਾਪਦਾ ਸੀ। ਸ਼ਹਿਰੀ ਮਧਵਰਗ ਦੀ ਵਿਹਾਰਕ ਜ਼ਿੰਦਗੀ ਨੂੰ ਸਦਾਚਾਰਕ ਨਾਹਰ ਪੁਰਾਣੇ ਮੁੱਲ-ਵਿਧਾਨ ਵਿਚੋਂ ਹਾਸਿਲ ਨਹੀਂ ਸੀ ਜਿਸ ਕਰਕੇ ਉਹ ਅਮਲ ਅਤੇ



ਸਿਧਾਂਤ ਦੇ ਤਨਾਉ ਵਿਚ ਫਸਿਆ ਹੋਇਆ ਸੀ। ਉਸ ਨੂੰ ਆਪਣੀ ਕਰਨੀ ਕਰਤੂਤ ਜਾਪਦੀ ਸੀ। ਗੁਰਬਖਸ਼ ਸਿੰਘ ਦੀ ਵਿਚਾਰਧਾਰਾ ਨੇ ਇਸ ਕਰਾਮਾਤ ਬਣਾ ਦਿੱਤਾ ਅਤੇ ਇਉਂ ਇਹ ਵਰਗ ਨਿਜੀ ਸੁਖ-ਸਹੂਲਤਾਂ ਅਤੇ ਐਸ਼ਵਰਜ ਦੇ ਸਾਧਨਾਂ ਦੀ ਉਪਜ ਅਤੇ ਮਾਲਕੀ ਲਈ ਵਧ ਤੋਂ ਵਧ ਯਤਨ ਕਰਨ ਲਗ ਪਿਆ ਜਿਸ ਦੇ ਆਜ਼ਾਦੀ ਦੀ ਲੜਾਈ ਵਿਚ ਬੜੇ ਦੂਰਰਸ ਸਿੱਟੇ ਨਿਕਲੇ।

ਗੁਰਬਖਸ਼ ਸਿੰਘ ਇਨ੍ਹਾਂ ਵਿਚਾਰਾਂ ਦਾ ਪ੍ਰਚਾਰਕ ਹੀ ਨਹੀਂ, ਸਾਧਕ ਵੀ ਸੀ। ਧਨ ਦੀ ਪ੍ਰਾਪਤੀ ਲਈ ਉਸ ਨੇ ਉਚੀ ਵਿਦਿਆ ਹਾਸਿਲ ਕਰਕੇ ਦੇਸ਼-ਬਦੇਸ਼ ਵਿਚ ਮੁਲਾਜ਼ਮਤ ਕੀਤੀ। ਮੁਲਾਜ਼ਮਤ ਛੱਡ ਕੇ ਆਧੁਨਿਕ ਲੀਹਾਂ ਉਪਰ ਖੇਤੀ-ਬਾੜੀ ਕਰਨੀ ਸ਼ੁਰੂ ਕੀਤੀ, ਪ੍ਰੀਤ ਨਗਰ ਵਸਾਇਆ, ਪ੍ਰੈਸ ਲਾਇਆ ਅਤੇ ਪ੍ਰਕਾਸ਼ਨ ਦਾ ਧੰਦਾ ਸ਼ੁਰੂ ਕੀਤਾ। ਪ੍ਰੀਤ-ਸੈਨਾ ਬਣਾਈ, ਸਹਿਕਾਰੀ ਸਭਾਵਾਂ ਕਾਇਮ ਕੀਤੀਆਂ, ਐਕਟੀਵਿਟੀ ਸਕੂਲ ਖੋਲ੍ਹਿਆ, ਦੇਸ਼-ਦੇਸ਼ਾਂਤਰ ਦੇ ਦੌਰੇ ਕੀਤੇ ਅਤੇ ਸਰਦੇ-ਪੁੱਜਦੇ ਲੋਕਾਂ ਨਾਲ ਯਾਰੀਆਂ ਪਾਈਆਂ।

ਨਿਜੀ ਸ਼ਖਸੀਅਤ ਨੂੰ ਦਿਲ-ਖਿੱਚਵੀਂ ਬਣਾਉਣ ਲਈ ਉਸ ਨੇ ਭੋਜਨ, ਵਰਜ਼ਿਸ਼, ਇਸ਼ਨਾਨ, ਪਹਿਰਾਵੇ ਕੰਮ, ਵਿਹਲ-ਸੰਖੇਪ ਵਿਚ ਨਿੱਤ-ਨੇਮ ਦੇ ਅਸੂਲ ਘੜੇ, ਉਨ੍ਹਾਂ ਉਤੇ ਅਮਲ ਕੀਤਾ ਅਤੇ ਦੂਜਿਆਂ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਦਿੱਤੀ। ਸੂਰਤ ਦੇ ਨਾਲ ਨਾਲ ਉਸਨੇ ਸੀਰਤ ਦੀ ਉਸਾਰੀ ਲਈ ਨਵੇਂ ਅਦਬ ਆਦਾਬ ਦੇ ਕਾਇਦੇ-ਕਾਨੂੰਨ ਸਿੱਖੇ ਅਤੇ ਸਿਖਾਏ। ਸ਼ਹਿਰੀ ਮਧ-ਵਰਗ ਕੋਲ ਇਨ੍ਹਾਂ ਗੱਲਾਂ ਉਤੇ ਅਮਲ ਕਰਨ ਲਈ ਲੋੜੀਂਦਾ ਧਨ ਵੀ ਸੀ, ਵਿਹਲ ਵੀ। ਸੋ ਇਹ ਵਰਗ ਤੇਜ਼ੀ ਨਾਲ ਗੁਰਬਖਸ਼ ਸਿੰਘ ਦੇ ਵਿਚਾਰਾਂ ਦਾ ਪੈਰੋਕਾਰ ਬਣਨ ਲੱਗਾ। ਪਿੰਡਾਂ ਅਤੇ ਕਸਬਿਆਂ ਵਿਚ ਮਾਸਟਰੀ, ਕਲਰਕੀ, ਮੁਨਸ਼ੀਗੀਰੀ, ਮੁਨੀਮੀ ਅਤੇ ਦੁਕਾਨਦਾਰੀ ਕਰਨ ਵਾਲੇ ਸਫੈਦਪੋਸ਼ ਵੀ 'ਪ੍ਰੀਤ ਲੜੀ' ਦੇ ਪ੍ਰਭਾਵ ਅਧੀਨ 'ਵੱਡਿਆਂ' ਦੀ ਰੀਸ ਕਰਨ ਵਿਚ ਰੁੱਝ ਗਏ। ਉਨ੍ਹਾਂ ਦੇ ਘਰਾਂ ਵਿਚ ਬੈਠਕਾਂ ਬਣ ਗਈਆਂ ਅਤੇ ਪਿਰਚ-ਪਿਆਲੀਆਂ ਸਜ ਗਈਆਂ : ਦੋਸਤਾਂ-ਮਿੱਤਰਾਂ ਦੀਆਂ ਵਿਤ ਅਨੁਸਾਰ ਖਾਤਰਦਾਰੀਆਂ ਹੋਣ ਲੱਗੀਆਂ ਅਤੇ ਰਾਗ-ਰੰਗ ਦੀਆਂ ਮਹਿਫ਼ਲਾਂ ਵਿਚ ਪੜ੍ਹੀਆਂ-ਲਿਖੀਆਂ ਕੁੜੀਆਂ ਵੀ ਸ਼ਿਰਕਤ ਕਰਨ ਲੱਗ ਪਈਆਂ।

3. ਗੁਰਬਖਸ਼ ਸਿੰਘ ਦੀਆਂ ਲਿਖਤਾਂ ਵਿਚੋਂ ਪਤਾ ਲਗਦਾ ਹੈ ਕਿ ਆਪਣੀ ਪਤਨੀ ਤੋਂ ਬਿਨਾਂ ਵੀ ਉਸ ਨੇ ਕਈ ਔਰਤਾਂ ਦੀ ਨੇੜਤਾ ਦਾ ਨਿੱਘ ਮਾਣਿਆ ਹੈ। ਇਨ੍ਹਾਂ ਔਰਤਾਂ ਵਿਚ ਕੰਵਾਰੀਆਂ ਵੀ ਸਨ, ਵਿਆਹੀਆਂ ਹੋਈਆਂ ਵੀ। ਇਹ ਸੰਬੰਧ ਉਸ ਦੇ ਆਪ ਵਿਆਹ ਤੋਂ ਪਹਿਲਾਂ ਦੇ ਵੀ ਸਨ, ਬਾਅਦ ਦੇ ਵੀ। ਸਭ ਤੋਂ ਵੱਡੀ ਗੱਲ ਇਹ ਕਿ ਇਨ੍ਹਾਂ ਸੰਬੰਧਾਂ ਦਾ ਉਦੇਸ਼ ਵਿਆਹ ਦੇ ਰਿਸ਼ਤੇ ਵਿਚ ਬੱਝਣਾਂ ਉੱਕਾ ਨਹੀਂ ਹੁੰਦਾ ਸੀ। ਇਸ ਰਿਸ਼ਤੇ ਵਿਚ ਸੰਭੋਗ ਦੀ ਆਜ਼ਾਦੀ ਸੀ ਜਾਂ ਨਹੀਂ, ਇਸ ਬਾਰੇ ਉਸ ਦੀਆਂ ਲਿਖਤਾਂ ਸਪਸ਼ਟ ਦਾਅਵਾ ਤਾਂ ਕੋਈ ਨਹੀਂ ਕਰਦੀਆਂ, ਪਰ ਉਸ ਨੇ ਜਿਸਮਾਨੀ ਖਿੱਚ ਬਾਰੇ ਅਤੇ ਲਿੰਗ-ਸੰਬੰਧਾਂ ਬਾਰੇ ਜਿੰਨੀ ਨਿਝਕਤਾ ਨਾਲ ਲਿਖਿਆ ਹੈ, ਉਸ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ 'ਸਰੀਰਕ ਸੁੱਚਤਾ' ਵਰਗੇ ਕਿਸੇ ਆਦਰਸ਼ ਦਾ ਪ੍ਰਚਾਰਕ ਉਹ ਉਕਾ ਨਹੀਂ ਸੀ। ਮਿਸਾਲ ਵਜੋਂ ਉਹ ਲਿਖਦਾ ਹੈ—

(ੳ) ਲਿੰਗ ਜ਼ਿੰਦਗੀ ਦਾ ਸਰਵ-ਵਿਆਪੀ ਤੇ ਅਤਿ ਜ਼ਰੂਰੀ ਜਜ਼ਬਾ ਹੈ। ਇਸ ਉਤੇ ਸ੍ਰਿਸ਼ਟੀ ਦੀ ਰਚਨਾ ਦਾ ਦਾਰੋ-ਮਦਾਰ ਹੈ। ਮਨੁੱਖੀ ਦੁਨੀਆਂ ਵਿਚ ਬਹੁਤੇ ਦੁੱਖ ਇਸ ਜਜ਼ਬੇ ਨਾਲ ਸੰਬੰਧਤ ਹਨ।

(ਅ) ਲਿੰਗ ਸੰਬੰਧੀ ਸਾਹਿਤ ਲਿਖਿਆ ਜਾਣਾ ਚਾਹੀਦਾ ਹੈ ਅਤੇ ਤਰਜਮਾ ਹੋਣਾ ਚਾਹੀਦਾ ਹੈ ਤੇ ਆਪਣੀ ਨੌਜਵਾਨ ਨਸਲ ਨੂੰ...ਖਰਾਬ ਕਰਨ ਵਾਲੀਆਂ ਮਨਾਹੀਆਂ ਤੋਂ ਸੁਰਖਰੂ ਕਰਨਾ ਚਾਹੀਦਾ ਹੈ। ਲਿੰਗ ਵਿਸ਼ੇ ਵਿਚ ਹਿੰਦੁਸਤਾਨ ਦੀ ਵਰਤਮਾਨ ਅਵਸਥਾ ਨਿਹਾਇਤ ਫਿਕਰ ਪੈਦਾ ਕਰਨ ਵਾਲੀ ਹੈ।

(ੲ) ਮੇਰੀ ਸਿਫਾਰਸ਼ ਹੈ ਕਿ ਲਿੰਗ ਤੋਂ ਸਭ ਤਾੜਨਾਵਾਂ ਹਟਾ ਲਈਆ ਜਾਣ .. ਮੈਂ ਬੜਾ ਖੁਸ਼ ਹੋਵਾਂ ਜੇ ਕੋਈ ਇਨ੍ਹਾਂ ਕੀਮਤਾਂ ਦਾ ਅਨੁਸਾਰੀ ਮੇਰੀ ਪਤਨੀ ਦਾ ਸਨੇਹ ਜਿੱਤ ਸਕੇ ਤੇ ਮੇਰੀ ਪਤਨੀ ਉਸ ਨੂੰ ਆਪਣੇ ਘਰ ਆਇਆ ਵੇਖ ਕੇ ਖੁਸ਼ ਹੋਵੇ।

ਜਿਸਮਾਨੀ ਖਿੱਚ ਦੇ ਦਿਲਕਸ ਦ੍ਰਿਸ਼ ਤਾਂ ਉਸ ਦੀ ਗਲਪ ਵਿਚ ਥਾਂ-ਥਾਂ ਨਜ਼ਰ ਪਾਉਂਦੇ ਹਨ। ਪਿਆਰ-ਤੱਕਣੀ, ਹੱਥ-ਘੁਟਣੀ, ਵਚਨ-ਵਿਲਾਸ, ਗਲ-ਵਕੜੀ ਅਤੇ ਸਭ ਤੋਂ ਵਧ ਸਰੀਰਕ ਸੁੰਦਰਤਾ ਦਾ ਖੁਲ੍ਹਾ ਵਰਨਣ-ਕਾਮ ਤ੍ਰਿਪਤੀ ਦੇ ਹੀ ਛੋਟੇ ਵੱਡੇ ਹੀਲੇ ਹਨ। ਅਣ ਵਿਆਹੀ ਮਾਂ ਵਿਚ ਉਸ ਨੇ ਵਿਆਹ-ਬਾਹਰੇ ਕਾਮ-ਸੰਬੰਧਾਂ ਨੂੰ ਜਾਇਜ਼ ਕਰਾਰ ਦਿੱਤਾ ਹੈ, (ਰੁੱਖਾਂ ਦੀ ਜੀਰਾਂਦ) ਵਿਚ ਉਸਨੇ ਵੇਸ਼ਵਾਚਾਰੀ ਨੂੰ ਵੀ ਸਦਾਚਾਰਕ ਬਣਾ ਦਿੱਤਾ ਹੈ, ਉਸ ਦੀਆਂ ਕਈ ਕਹਾਣੀਆਂ ਵੀ ਸਰੀਰਕ ਲਾਲਸਾ ਦੇ ਧੁਰੇ ਦੁਆਲੇ ਉਸਰੀਆਂ ਹੋਈਆਂ ਸਨ। ਜ਼ਾਹਰ ਹੈ ਕਿ ਉਸ ਲਈ ਵਿਆਹ-ਬਾਹਰੀ ਜਿਨਸੀ ਖੁਲ੍ਹ 'ਵਰਜਿਤ ਫਲ' ਨਹੀਂ ਸੀ ਭਾਵੇਂ ਉਹ ਇਸ ਫਲ ਨੂੰ ਵਰਤਣ ਦਾ ਸਿੱਧਾ ਅਤੇ ਸਪਸ਼ਟ ਪ੍ਰਚਾਰ ਵੀ ਨਹੀਂ ਕਰਦਾ।

ਲਿੰਗ-ਖੁਲ੍ਹ ਨੂੰ ਉਹ 'ਪਿਆਰ ਕਬਜ਼ਾ ਨਹੀਂ, ਪਛਾਣ ਹੈ' ਰਾਹੀਂ ਪ੍ਰਚਾਰਦਾ ਹੈ। ਕਈ ਵਿਚਾਰਵਾਨ ਗੁਰਬਖਸ਼ ਸਿੰਘ ਦੇ ਇਸ ਸੂਤਰ ਦਾ ਮਤਲਬ 'ਨਿਰੋਲ ਆਤਮਿਕ ਪਿਆਰ' ਤੋਂ ਲੈਂਦੇ ਹਨ ਜਿਸ ਵਿਚ ਸਰੀਰਕ ਆਨੰਦ ਲਈ ਕੋਈ ਥਾਂ ਨਹੀਂ। ਪਰ ਇਸ ਸੂਤਰ ਦੀ ਵਿਆਖਿਆ ਇਸ ਦੇ ਉਲਟ ਵੀ ਕੀਤੀ ਜਾ ਸਕਦੀ ਹੈ। ਇਹ ਸੂਤਰ ਇਹ ਕਹਿੰਦਾ ਪ੍ਰਤੀਤ ਹੁੰਦਾ ਹੈ ਕਿ ਜੇ ਔਰਤ ਅਤੇ ਮਰਦ ਰਜ਼ਾਮੰਦ ਹਨ ਤਾਂ ਵਿਆਹ-ਬਾਹਰੀ ਕਾਮ-ਸੰਬੰਧਾਂ ਦਾ ਵੀ ਕੋਈ ਹਰਜ ਨਹੀਂ ਅਤੇ ਇਹ ਵੀ ਕੋਈ ਜ਼ਰੂਰੀ ਨਹੀਂ ਕਿ ਕਾਮ-ਸੰਬੰਧਾਂ ਦੀ ਮੰਜ਼ਿਲ ਵਿਆਹ ਹੀ ਹੋਵੇ।

ਅੱਜ ਤੋਂ ਪੰਜਾਹ ਸੱਠ ਵਰ੍ਹੇ ਪਹਿਲਾਂ ਇਸ ਤਰ੍ਹਾਂ ਦੇ ਵਿਚਾਰਾਂ ਦੀ ਪੇਸ਼ਕਾਰੀ ਉਹ ਵੀ ਲਿਖਤੀ ਰੂਪ ਵਿਚ ਨਿਰਸੰਦੇਹ ਕੁਫਰ ਸੀ। ਪਰ ਗੁਰਬਖਸ਼ ਸਿੰਘ ਨੇ ਇਹ ਗੁਨਾਹ ਕੀਤਾ ਅਤੇ ਸੋਚ ਸਮਝ ਕੇ ਕੀਤਾ। ਉਸ ਨੇ ਪ੍ਰੀਤ-ਨਗਰ ਦੇ ਮਾਹੌਲ ਵਿਚ ਵੀ ਇਸ ਤਰ੍ਹਾਂ ਦੀ ਵਿਹਾਰਕ ਖੁਲ੍ਹ ਲਿਆਂਦੀ ਅਤੇ ਇਸ ਮਸਲੇ ਬਾਰੇ ਆਪਣੇ ਪਾਠਕਾਂ ਦੇ ਸਵਾਲਾਂ ਦੇ ਨਿੱਝਕ ਹੋ ਕੇ ਜਵਾਬ ਦਿੱਤੇ। ਪੰਜਾਬ ਦਾ ਸ਼ਹਿਰੀ ਮਧ-ਵਰਗ ਇਸ ਰਾਹ ਉਤੇ ਤੁਰਨ ਲਗ ਪਿਆ ਸੀ। ਕੋਠੀਆਂ, ਕਲੱਬਾਂ, ਕਾਲਜਾਂ ਅਤੇ ਹੋਟਲਾਂ ਵਿਚ ਇਸ ਤਹਿਜ਼ੀਬ ਦਾ ਪਾਸਾਰ ਹੋਣਾ ਸ਼ੁਰੂ ਹੋ ਗਿਆ ਸੀ। ਸੜਕਾਂ, ਦਫਤਰਾਂ, ਸਿਨੇਮਾ ਘਰਾਂ, ਨਾਟ-ਘਰਾਂ ਅਤੇ ਹੋਰ ਜਨਤਕ ਥਾਵਾਂ ਉਤੇ 'ਜਵਾਨ ਔਰਤ-ਮਰਦਾਂ' ਦਾ ਮੇਲ-ਮਿਲਾਪ ਵਧਦਾ ਜਾ ਰਿਹਾ ਸੀ। ਪੱਛਮੀ ਵਿਦਿਆ ਦੇ ਪਸਾਰ ਨਾਲ ਕੱਟੜ ਸੁੱਚਵਾਦੀ ਧਾਰਨਾਵਾਂ ਬਾਰੇ ਸੰਦੇਹ ਪੈਦਾ ਹੋਣ ਲਗ ਪਿਆ ਸੀ। ਗੁਰਬਖਸ਼ ਸਿੰਘ ਨੂੰ ਇਹ ਖੁਲ੍ਹਾ-ਡੁਲ੍ਹਾ ਸਭਿਆਚਾਰ ਪ੍ਰਵਾਨ ਸੀ। ਸੋ ਉਸ ਨੇ ਆਪਣੀਆਂ ਲਿਖਤਾਂ ਰਾਹੀਂ ਆਪਣੇ ਕਿਰਦਾਰ ਰਾਹੀਂ ਅਤੇ ਆਪਣੇ ਵਿਹਾਰ ਰਾਹੀਂ ਇਸ ਸਭਿਆਚਾਰ ਨੂੰ ਪ੍ਰਵਾਨਗੀ ਦੁਆਈ। ਉਸ ਦੀ ਨਿਜ-ਕੇਂਦਰਿਤ ਸੰਸਾਰ ਮੁਖੀ ਵਿਚਾਰਧਾਰਾ ਦਾ ਇਹ ਪਸਾਰ ਪਦਾਰਥਕ ਸੁਖ-ਸਹੂਲਤਾਂ ਦੇ ਪਸਾਰ ਨਾਲੋਂ ਵੀ ਜ਼ਿਆਦਾ ਅਹਿਮ ਹੈ ਕਿਉਂਕਿ ਭਾਰਤੀ-ਪੰਜਾਬੀ ਸਭਿਆਚਾਰ ਵਿਚ ਸਭ ਤੋਂ ਵਧ ਵਰਜਿਤ ਵਿਸ਼ਾ ਲਿੰਗ-ਸੰਬੰਧ ਹੀ ਰਹੇ ਹਨ।



4. ਧਰਮ ਇਕ ਹੋਰ ਸੰਵੇਦਨਾਸ਼ੀਲ ਵਿਸ਼ਾ ਹੈ ਜਿਸ ਬਾਰੇ ਬਹੁ-ਗਿਣਤੀ ਭਾਰਤੀਆਂ ਦੀਆਂ ਭਾਵਨਾਵਾਂ ਬਹੁਤ ਛੇਤੀ ਭੜਕ ਜਾਂਦੀਆਂ ਹਨ। ਗੁਰਬਖਸ ਸਿੰਘ ਪ੍ਰੀਤਲੜੀ ਦੀ ਵਡਿਆਈ ਹੈ ਕਿ ਉਸ ਨੇ ਤੀਹਵਿਆਂ ਵਿਚ ਹੀ ਧਰਮ ਬਾਰੇ ਇਹੋ-ਜਿਹੀਆਂ ਗੱਲਾਂ ਲਿਖਣੀਆਂ ਆਖਣੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਨ੍ਹਾਂ ਨੇ ਉਸ ਲਈ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਪਰ ਉਹ ਆਪਣੇ ਵਿਚਾਰਾਂ ਤੋਂ ਥਿੜਕਿਆ ਨਹੀਂ ਸਗੋਂ ਬੜੀ ਦ੍ਰਿੜ੍ਹਤਾ ਨਾਲ ਉਨ੍ਹਾਂ ਉਤੇ ਪਹਿਰਾ ਦਿੰਦਾ ਰਿਹਾ ਹੈ। ਇਨ੍ਹਾਂ ਵਿਚਾਰਾਂ ਨੂੰ ਪੜ੍ਹ ਕੇ ਪ੍ਰਤੀਤ ਹੁੰਦਾ ਹੈ ਕਿ ਗੁਰਬਖਸ਼ ਸਿੰਘ ਧਰਮ ਦਾ ਚਿੰਤਕ ਨਹੀਂ ਸੀ, ਨਾ ਹੀ ਉਹ ਨਾਸਤਕ ਸੀ। ਉਹ ਤਾਂ ਧਰਮ ਦੇ ਸੁਆਰਥੀ, ਸੰਪਰਦਾਇਕ ਅਤੇ ਕਰਮ-ਕਾਂਡੀ ਰੂਪ ਦਾ ਵਿਰੋਧੀ ਸੀ। ਉਸ ਨੂੰ ਪਰਲੋਕ, ਪੁਨਰ-ਜਨਮ, ਧਰਮ-ਸੱਤਾ, ਪੂਜਾ-ਅਰਚਨਾ ਜਾਂ ਸਾਧੂ-ਸੰਤਾਂ ਵਿਚ ਉਕਾ ਵਿਸ਼ਵਾਸ ਨਹੀਂ ਸੀ ਪਰ ਉਹ ਧਾਰਮਿਕ ਸਦਾਚਾਰ ਤੋਂ ਮੁਨਕਰ ਵੀ ਨਹੀਂ ਸੀ। ਇਸੇ ਲਈ ਉਸ ਨੂੰ ਗੁਰੂ ਸਾਹਿਬਾਨ ਅਤੇ ਸ਼ਹਿਬਜ਼ਾਦੇ 'ਪਰਮ ਮਨੁੱਖ' ਜਾਪਦੇ ਸਨ ਜਿਨ੍ਹਾਂ ਦੀ ਉਹ ਉਪਾਸਨਾ ਕਰਦਾ ਸੀ। ਧਰਮ ਦੇ ਕਰਮ-ਕਾਂਡੀ ਰੂਪ ਵਿਰੁੱਧ ਜਿੰਨੀ ਕਰੜਾਈ ਨਾਲ ਉਸ ਨੇ ਲਿਖਿਆ, ਉਹ ਵੀ ਤੀਹਵਿਆਂ ਵਿਚ, ਨੂੰ ਪੜ੍ਹ ਕੇ ਉਸ ਦੀ ਦਲੇਰੀ ਦੀ ਦਾਦ ਦੇਣੀ ਬਣਦੀ ਹੈ। ਮਿਸਾਲਾਂ ਹਾਜ਼ਰ ਹਨ—

(ੳ) ਗੁਰੂ ਸਾਹਿਬ ਦਾ ਸਾਰਾ ਜੀਵਨ ਰਸਮੀ ਰਹਿਤ ਧਰਮ ਦੇ ਰਾਜਸੀ ਗੁਲਾਮੀ ਦੇ ਵਿਰੁੱਧ ਇਕ ਜਹਾਦ ਸੀ। ਪਰ ਅੱਜ ਨਾ ਗੁਲਾਮੀ ਸਾਨੂੰ ਚੁਭਦੀ ਹੈ, ਨਾ ਰਸਮੀ ਧਰਮ ਸਾਨੂੰ ਨਿਰਾਸ ਕਰਦਾ ਹੈ। ਐਨ ਉਹੀ ਕੁਝ ਸਾਡਾ ਧਰਮ ਹੈ ਜਿਦ੍ਹਾ ਖੰਡਨ ਗੁਰੂ ਸਾਹਿਬ ਨੇ ਕੀਤਾ ਸੀ।
(ਪਰਮ ਮਨੁੱਖ)

(ਅ) ਜਿਹੜੀ ਤਰਬੀਅਤ ਮਨੁੱਖ ਨੂੰ ਵੱਡੇ ਜਾਂ ਛੋਟੇ ਹਲਕਿਆਂ ਵਿਚ ਵੰਡਦੀ ਹੈ, ਕਿਸੇ ਨਾਲ ਜੋੜਦੀ ਹੈ ਤੇ ਕਿਸੇ ਨਾਲੋਂ ਨਿਖੇੜਦੀ ਹੈ। ਕਿਸੇ ਨਾਲ ਜੱਫੀਆਂ ਪੁਆਂਦੀ ਤੇ ਕਿਸੇ ਨੂੰ ਅਛੂਹ ਦਰਸਾਂਦੀ ਹੈ; ਉਹ ਮਜ਼ੁਬ ਨਹੀਂ ਹੋਰ ਜੋ ਕੁਝ ਵੀ ਪਈ ਹੋਵੇ। (ਕੁਦਰਤੀ ਮਜ਼ੁਬ)

(ੲ) ਅਸੀਂ ਧਾਰਮਿਕ ਹਾਂ, ਖੁਦਾ ਪ੍ਰਸਤ ਹਾਂ, ਅਸੀਂ ਸਿਮਰਨ ਦੇ ਵਿਸ਼ਵਾਸੀ ਹਾਂ ਅਸੀਂ ਆਤਮਾ ਨੂੰ ਬੜੀ ਮਹੱਤਤਾ ਦਿੰਦੇ ਹਨ, ਕੋਈ ਸਿਨੇਮਾ ਦੀ ਤਸਵੀਰ ਨਹੀਂ ਹੁੰਦੀ ਜਿਸ ਵਿਚ ਭਜਨ ਪੂਜਾ ਨਾ ਹੋਵੇ। ਪਰ ਸਾਨੂੰ ਕਦੇ ਖਿਆਲ ਨਹੀਂ ਆਇਆ ਕਿ ਆਪਣੇ ਦੁਆਲੇ ਕਿਸ ਤਰ੍ਹਾਂ ਦੀ ਕਿਰ ਕਿਰ ਕਰਦੀ ਗਰੀਬੀ ਤੇ ਭੁੱਖ ਨੂੰ ਵੇਖ ਕੇ ਅਸੀਂ ਕੀਕਰ ਸੰਤ ਮਹਾਤਮਾ ਤੇ ਭਗਤ ਪੁਜਾਰੀ ਬਣ ਬੈਠੇ ਹਾਂ, ਸਮਿਗਰੀਆਂ ਸਾੜਦੇ ਹਾਂ, ਜੋਤਾਂ ਬਾਲਦੇ ਹਾਂ, ਦਰਿਆਵਾਂ ਵਿਚ ਅੰਨ ਸੁਟਦੇ ਹਾਂ ਪਰ ਸਾਡੇ ਰੂਬਰੂ ਮਨੁੱਖਤਾ ਚਿੱਕੜ ਤੇ ਗੰਦਗੀ ਵਿਚ ਮਿਲ ਗਈ ਹੈ। (ਨਵਾਂ ਸ਼ਿਵਾਲਾ)

ਇਹ ਵਿਚਾਰ ਧਰਮ ਦੇ ਸਮਾਜ-ਸ਼ਾਸਤਰ ਉਪਰ ਪ੍ਰਕਾਸ਼ ਨਹੀਂ ਪਾਉਂਦੇ ਪਰ ਕਰਮਕਾਂਡੀ, ਦੰਭੀ ਅਤੇ ਸੰਪਰਦਾਇਕ ਧਰਮ ਦੀ ਸਮਾਜਿਕ ਭੂਮਿਕਾ ਬਾਰੇ ਸਾਨੂੰ ਲੋੜੀਂਦੀ ਸੋਝੀ ਜ਼ਰੂਰ ਪ੍ਰਦਾਨ ਕਰਦੇ ਹਨ। ਅੱਜ ਜਦੋਂ ਸੰਸਾਰ ਸਰਮਾਏਦਾਰੀ ਨਿੱਤ-ਸੰਘਣੇ ਹੋ ਰਹੇ ਸੰਕਟ ਤੋਂ ਆਪਣਾ ਬਚਾਉ

(ਬਾਕੀ ਸਫ਼ਾ 24 ਤੇ)

**ਗ਼ਜ਼ਲ**/ਡਾ: ਐੱਸ. ਤਰਸੇਮ

ਧੁੱਪ ਦੇ ਵਰਕੇ ਉੱਤੇ ਜਚਦਾ ਲਿਖਿਆ ਵਾਦ-ਵਿਵਾਦ।
ਪੌਣ ਦੇ ਪੰਨੇ ਉੱਤੇ ਸਜਦਾ ਖ਼ੁਸ਼ਬੂ ਦਾ ਅਨੁਵਾਦ।
ਨਾ ਤਾਂ ਦਿਲ ਦਾ, ਨਾ ਹੀ ਰੂਹ ਦਾ, ਵਜਦਾ ਹੈ ਹੁਣ ਸਾਜ਼,
ਹੁਣ ਤਾਂ ਹਰ ਇਕ ਮਹਿਫਲ ਦੇ ਵਿਚ ਸੁਣਦਾ ਦੇਹੀ-ਨਾਦ।
ਸ਼ਬਨਮ ਜਾਂ ਫੁੱਲ ਵਰਗਾ ਕੁਝ-ਕੁਝ ਕੱਲ੍ਹ ਸੀ ਸਰਗਮ ਕੋਲ,
ਜਿਸ ਵਿਚ ਹੁਣ ਭਰਿਆ ਲਗਦਾ ਹੈ ਲੋਹਾ ਜਾਂ ਫੌਲਾਦ।
ਤਨ ਮਨ ਦੋਵੇਂ ਖਿੱਚੇ-ਖਿੱਚੇ ਵਾਂਗੂੰ ਤੀਰ ਕਮਾਨ,
ਏਥੇ ਹੁਣ ਆਨੰਦ ਨਹੀਂ ਹੈ, ਨਾ ਏਥੇ ਵਿਸਮਾਦ।
ਅਸਲ ਆਜ਼ਾਦੀ ਮਾਨਣ ਏਥੇ ਬੰਦੇ ਦੋ ਜਾਂ ਚਾਰ,
ਆਖਣ ਨੂੰ ਤਾਂ ਭਾਵੇਂ ਆਖੋ ਸਾਰਾ ਸ਼ਹਿਰ ਆਜ਼ਾਦ।
ਜਿਸ ਦੀ ਅੱਖ ਵਿਚ ਸਜਿਆ ਅੱਜ-ਕੱਲ੍ਹ ਹੋਟਲ ਪੰਜ ਸਟਾਰ,
ਉਸਨੂੰ ਕਿੱਥੇ ਰਹਿ ਸਕਦੇ ਨੇ ਬੀਵੀ, ਬੱਚੇ ਯਾਦ।
ਹੁਣ ਤਾਂ ਹਰ ਇਕ ਅੱਖ ਪੱਥਰ ਦੀ, ਸਿੱਕੇ ਦਾ ਹਰ ਕੰਨ.
ਕੌਣ ਤੇਰੇ ਹੱਥ ਜੋੜੇ ਵੇਖੂ, ਕੌਣ ਸੁਣੂ ਫ਼ਰਿਆਦ?

821, ਗੁਰੂ ਨਾਨਕ ਕਾਲੋਨੀ, ਮਾਲੇਰ ਕੋਟਲਾ-148023

**ਗ਼ਜ਼ਲ**/ਮਹਿਮਾ ਸਿੰਘ

ਨਜ਼ਰ ਆਵੇ ਤਰੰਗ ਏਹੋ ਅਸਾਨੂੰ ਚੜ੍ਹਤਲਾਂ ਵਿਚੋਂ,
ਸਫ਼ੀਨੇ ਹੋਣਗੇ ਬਾਹਰ ਕਦੇ ਤਾਂ ਦਲਦਲਾਂ ਵਿਚੋਂ।
ਹਨੇਰਾ ਲੱਖ ਰੋਕੇ ਰਾਹ, ਪੈਰਾਂ ਵਿਚ ਰਹੇ ਜੁੰਬਿਸ਼,
ਸਦਾ ਹਨ ਲੰਘ ਜਾਂਦੇ ਸੂਰਮੇ, ਸਭ ਅਟਕਲਾਂ ਵਿਚੋਂ।
ਕੁਠਾਲੀ ਵਿਚ ਪਏ ਸੋਨੇ ਜਿਹਾ ਫਿਰ ਇਹ ਬਣੇ ਕੁੰਦਨ,
ਜਦੋਂ ਇਨਸਾਨ ਲੰਘੇ ਜਾਨ ਲੇਵਾ ਮੁਸ਼ਕਲਾਂ ਵਿਚੋਂ।
ਅਸਾਨੂੰ ਮਾਪਣੇ ਪੈਣੇ ਨੇ ਕਿੰਨੇ ਹੀ ਗਗਨ ਮਿੱਤਰੋ,
ਜ਼ਿਆਦਾ ਦੇਰ ਨਾ ਕਰੀਏ, ਉਠੋ ਹੁਣ ਮਹਿਫ਼ਲਾਂ ਵਿੱਚੋਂ।
ਮੁਹੱਬਤ ਰੁਕ ਨਹੀਂ ਸਕਦੀ, ਰਹੇ ਵਗਦੀ ਨਦੀ ਵਾਂਗੂ,
ਉਛਾਲੇ ਖਾ ਕੇ ਲੰਘ ਜਾਂਦੀ ਏ ਇਹ ਸਭ ਅਟਕਲਾਂ ਵਿੱਚੋਂ।
ਉਨ੍ਹਾਂ ਨੂੰ ਦੂਰ ਕੋਈ ਲਾਲ-ਨਖ਼ਲਿਸਤਨ ਦਿਸਦਾ ਸੀ,
ਤੁਰੇ ਸੀ ਕਾਫ਼ਿਲੇ ਵਾਲੇ ਜਦੋਂ ਮਾਰੂਥਲਾਂ ਵਿੱਚੋਂ।
ਹੈ ਰੁਕਦਾ ਦਾਰ 'ਤੇ ਜਾ ਕੇ ਹੀ ਜਜ਼ਬਾ ਸਰਫਰੋਸ਼ੀ ਦਾ,
ਰਿਹਾ ਪਰਵਾਨ ਚੜ੍ਹਦਾ ਇਹ ਸਦਾ ਹੀ ਰਹਿਤਲਾਂ ਵਿੱਚੋਂ।

(V. P. O. ਹਲਵਾਰਾ-ਲੁਧਿਆਣਾ-141107)





**ਬਾਂਸੁਰੀ ਦੀ ਹੂਕ**/ਮਹਿਰਮ ਯਾਰ

* (1)

ਪੰਛੀਆਂ ਦੇ ਸ਼ਬਦ
ਪੱਤਿਆਂ 'ਤੇ
ਪਏ ਰਹਿੰਦੇ ਨੇ ਸਦਾ
ਬੋਲਣ ਤੋਂ ਪਹਿਲਾਂ
ਉਨ੍ਹਾਂ ਦੇ—
ਅਰਥ ਉਹ ਲੈਂਦੇ ਨੇ ਚੁਗ!

* (2)

ਕਿਸ ਤਰ੍ਹਾਂ ਕੋਈ
ਬਾਂਸੁਰੀ ਦੀ ਹੂਕ ਨੂੰ
ਦੇਵੇ ਭੁਲਾ
ਰੂਹ ਵਿਚੋਂ ਬਾਂਸ ਦੇ
ਰੁੱਖ ਨੂੰ ਪੁੱਟੇ ਕਿਵੇਂ?

* (3)

ਬਾਂਸੁਰੀ ਦੀ ਹੂਕ ਨੇ
ਕੀਤਾ ਸਫ਼ਰ
ਰੂਹ ਤੋਂ
ਸਹਿਰਾ ਤੋਂ
ਦਾਵਾਨਲ ਤਕ!

* (4)

ਬਾਂਸੁਰੀ ਦੀ ਹੂਕ ਨੇ
ਬਾਂਸ ਤੋਂ ਹੋਕੇ 'ਜੁਦਾ
ਆਪਣੀ—
ਕੰਜਕ ਕੁਆਰੀ
ਵੇਦਨਾ ਨੂੰ
ਮਸਾਂ ਮਸਾਂ ਰਖਿਆ ਸੰਭਾਲਕੇ!

* (5)

ਬਾਂਸੁਰੀ ਦੀ ਹੂਕ ਦੇ
ਤਰਬ ਵਰਗੇ ਜਿਸਮ ਨੂੰ
ਹਵਾ ਕਿਸ ਹੱਥ 'ਤੇ ਬੋਚੇ
ਵਣ ਕਿਹੜੀ ਸਾਖ਼ 'ਤੇ
ਇਹਨੂੰ ਸੁਲਾਵੇ !

* (6)

ਬਾਂਸੁਰੀ ਦੀ ਹੂਕ
ਖੁਲ੍ਹੇ ਵਾਲ
ਨੰਗੇ ਪੈਰ
ਆਈ ਵਿਲਕਦੀ
ਬ੍ਰਿਛਾਂ ਦੇ ਬ੍ਰਿਛਾਂ ਮਾਪੇ
ਗੁੰਮ ਸੁੰਮ ਵੇਹਿੰਦੇ ਰਹੇ !

* (7)

ਬਾਂਸੁਰੀ ਦੀ ਹੂਕ
ਪੱਛੇ ਜਿਸਮ, ਛਿੱਲੇ ਪੈਰ
ਰੀਂਗ ਪਈ ਮਾਰੂਥਲਾਂ 'ਚ
ਪਾਰੋ ਮੈਰੋ :
ਮ੍ਰਿਗਜਲ
ਦੂਰ ਹੀ ਵਗਦੇ ਰਹੇ !

* (8)

ਬਾਂਸੁਰੀ ਦੀ ਹੂਕ ਦੇ
ਗਿਲੇ ਨੇ ਖੰਭ
ਕਿਹੜਾ ਲਹੂ ਦਾ
ਖੌਲਦਾ ਦਰਿਆ—
ਉਹ ਤਰ ਕੇ ਮੁੜੀ !

* (9)

ਬਾਂਸੁਰੀ ਦੀ ਹੂਕ
ਸੁਣਦੇ ਸਾਰ ਹੀ
ਅਜ ਦੀ
ਜੀਰਾਂਦ ਵਾਲੇ ਰੁੱਖ ਵੀ
ਟ੍ਹਾਣਾਂ ਤੋਂ ਜੜ੍ਹਾਂ ਤੱਕ
ਮੋਨ ਹੀ ਡੁਣੇ ਗਏ !



* (10)

ਬਾਂਸੁਰੀ ਦੀ ਹੂਕ ਦਾ
ਛਿਲਣੀ ਕਲੇਜਾ
ਪੋਰੀ ਦੀ ਛਿਲਤ
ਉਹਦੀ
ਰੂਹ ਵਿਚ ਖੁੱਭੀ ਹੋਈ !

* (11)

ਬਾਂਸੁਰੀ ਦੀ ਹੂਕ ਦੇ
ਕਿਉਂ ਪੈਰ ਭਾਰੇ
ਕੀ ਉਹਦੀ ਜੰਗਲ 'ਚ
ਹੌਕੇ ਨਾਲ
ਹੋਈ ਮੁਲਾਕਾਤ ?

* (12)

ਬਾਂਸੁਰੀ ਦੀ ਹੂਕ ਨੂੰ
ਜੰਗਲ 'ਚ ਨਾ ਕੋਈ ਫੁੱਲ
ਨਾ ਪੱਤ ਹੀ ਆਇਆ ਨਜ਼ਰ
ਉਹ ਤਾਂ ਨੰਗੀ ਸ਼ਾਖ਼ ਦੇ
ਗਲ ਲਗਦਿਆਂ ਹੀ ਡੁਸਕ ਪਈ।

* (13)

ਬਾਂਸੁਰੀ ਦੀ ਹੂਕ ਦੇ
ਵਿਦਾ ਹੁੰਦੇ ਸਾਰ ਹੀ
ਬਾਂਸੁਰੀ ਦਾ ਖੋਲ ਹੈ
ਹੁਣ—
ਸ਼ੂਨਯ ਹੀ ਸ਼ਨਯ !

* (14)

ਬਾਂਸਾਂ ਦੀ
ਕੱਟੀ ਪੋਰ ਵਿਚ
ਹੁਣ—
ਚੁੱਪ ਦਾ ਚਾਨਣ ਵਸੇ
ਮੱਧੂ ਮੱਖੀ
ਏਸ ਅੰਦਰ
ਕਰਨ ਕੀ ਆਈ ਭਲਾ ?

(Post box No. 41-493 Narobi)

## ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੇ ਉਨ੍ਹਾਂ ਦਾ ਸਮਾਂ/ਕੇਸਰ ਸਿੰਘ 'ਕੇਸਰ'

ਗੁਰਬਖ਼ਸ਼ ਸਿੰਘ ਇਕ ਮਿਕਨਾਤੀਸੀ ਸ਼ਖ਼ਸੀਅਤ ਦੇ ਸੁਆਮੀ ਸਨ । ਉਹ ਇਕ ਸ੍ਵੈ-ਨਿਰਮਿਤ ਇਨਸਾਨ ਸਨ ਤੇ ਆਪਣੀ ਚੁੰਬਕੀ ਸ਼ਖ਼ਸੀਅਤ ਨੂੰ ਉਨ੍ਹਾਂ ਬੜੇ ਉਚੇਚ ਤੇ ਜਤਨ ਨਾਲ ਉਸਾਰਿਆ ਸੀ । ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, "ਪਿਤਾ ਜੀ ਅੱਠਵੇਂ ਸਾਲ ਦੀ ਉਮਰ ਵਿਚ ਪੂਰੇ ਹੋ ਗਏ, ਕੋਈ ਮਾਮਾ, ਚਾਚਾ, ਮਾਸੜ, ਫੁਫੜ ਨਾ ਹੋਣ ਕਰਕੇ ਮੈਂ ਬੇਯਾਰ, ਬੇਮਦਦਗਾਰ ਰਹਿ ਗਿਆ, ਤੇ ਸਾਂ ਵੱਡਾ ਪੁੱਤਰ।" 'ਵੱਡੇ ਪੁੱਤਰ' ਵਾਲੀਆਂ ਪਰਿਵਾਰਕ ਜ਼ਿੰਮੇਵਾਰੀਆਂ ਦੇ ਬੋਝ ਹੇਠ ਉਹ ਬਚਪਨ ਤੋਂ ਹੀ ਅਨੋਖੀਆਂ ਸੋਚਾਂ ਸੋਚਦੇ ਸਨ : ਕੀ ਦੁਨੀਆਂ ਮਤਲਬ ਦੀ ਹੈ ? ਔਰਤ-ਮਰਦ ਦਾ ਜਿਨਸੀ ਰਿਸ਼ਤਾ ਕੀ ਪਾਪ ਹੁੰਦਾ ਹੈ ? ਰੱਬ ਤੇ ਧਰਮ ਕੀ ਹੈ ?

ਆਪਣੀ ਜਵਾਨੀ ਦੇ ਪਿਆਰ-ਅਨੁਭਵਾਂ ਤੋਂ ਉਨ੍ਹਾਂ ਜਾਚਿਆਂ ਕਿ ਸਾਰੀ ਦੁਨੀਆਂ ਮਤਲਬ ਦੀ ਨਹੀਂ ਹੁੰਦੀ, ਆਪਣੇ ਅਧਿਐਨ ਤੋਂ ਉਨ੍ਹਾਂ ਸਮਝਿਆ ਕਿ "ਲਿੰਗ ਕਾਮਨਾ ਬੇਨਕਸ਼, ਬੇਲਜ਼ਤ ਜ਼ਿੰਦਗੀ ਵਿਚ ਕਵਿਤਾ ਦਾ ਆਰੰਭ ਹੈ", ਇਸ ਲਈ ਔਰਤ-ਮਰਦ ਦਾ ਕੁਦਰਤੀ ਰਿਸ਼ਤਾ (ਜਾਂ ਪਿਆਰ) ਕੋਈ ਪਾਪ ਨਹੀਂ, ਪਰ ਇਹ ਕੋਈ ਬੰਧਨ ਜਾਂ ਕਬਜ਼ਾ ਵੀ ਨਹੀਂ, ਇਹ ਪਰਸਪਰ ਪਹਿਚਾਣ ਦਾ ਰਿਸ਼ਤਾ ਹੈ । ਵਿਗਿਆਨ ਦੀ ਪੜ੍ਹਾਈ ਤੇ ਇੰਜਨੀਅਰੀ ਕਰਨ ਦੇ ਦੌਰਾਨ ਅਮਰੀਕਾ/ਯੂਰਪ ਘੁੰਮ ਕੇ ਉਨ੍ਹਾਂ ਨੇ ਇਨਸਾਨ ਦੇ ਰੱਬੀ ਤੇ ਧਰਮੀ ਆਲਮ ਨੂੰ ਅਖੌਤੀ ਰੱਬ ਤੇ ਰਸਮੀ ਧਰਮਾਂ ਨਾਲੋਂ ਨਿਖੇੜਨਾ ਸਿਖਿਆ ।

ਕਾਬਲ ਦਰਿਆ ਦੇ ਕੰਢੇ, ਨੌਸ਼ਹਿਰੇ ਵਿਖੇ, ਅਕਾਲੀ ਫੂਲਾ ਸਿੰਘ ਦੀ ਸਮਾਧ ਤੋਂ ਸਤੰਬਰ 1933 ਵਿਚ ਪ੍ਰੀਤਲੜੀ ਸ਼ੁਰੂ ਕਰਨ ਵੇਲੇ ਪੰਜਾਬ ਦਾ ਜੋ ਸਮਾਜਿਕ-ਸਭਿਆਚਾਰਕ ਮਾਹੌਲ ਸੀ ਉਸ ਬਾਰੇ ਉਹ ਖ਼ੁਦ ਲਿਖਦੇ ਹਨ :—

> ਮੇਰੇ ਆਲੇ-ਦੁਆਲੇ ਅਖੌਤੀ ਰੱਬ ਤੇ ਰਸਮੀ ਧਰਮ ਦਾ ਏਡਾ ਪਸਾਰਾ ਸੀ ਕਿ ਜੰਮਣਾ, ਮਰਨਾ, ਮੰਗਣਾ ਵਿਆਹੁਣਾ, ਖਾਣਾ ਪਹਿਨਣਾ, ਸਭ ਰਸਮੀ ਧਰਮ ਦੇ ਧੁਰੇ ਦੁਆਲੇ ਭੌਂਦੇ ਸਨ ।

'ਪ੍ਰੀਤਲੜੀ' ਸ਼ੁਰੂ ਕਰਨ ਦੇ ਉਦੇਸ਼ ਬਾਰੇ ਦੱਸਦਿਆਂ ਇਕ ਹੋਰ ਥਾਂ ਆਪਣੀ ਸਮਾਜਿਕ ਪਿਛੋਕੜ ਬਾਰੇ ਲਿਖਦੇ ਹਨ :

> ਆਪਣੀ ਉਮਰ ਦੇ ਪਹਿਲੇ 36 ਵਰ੍ਹੇ ਮੈਂ ਦਰਮਿਆਨੇ ਦਰਜੇ ਦੇ ਲੋਕਾਂ ਵਿਚ ਗੁਜ਼ਾਰੇ ਸਨ—ਉਹਨਾਂ ਵਿਚ ਜੰਮਿਆ, ਪਲਿਆ, ਖੇਡਿਆ, ਪੜ੍ਹਿਆ ਤੇ ਕੰਮੀਂ ਲੱਗਾ ਸਾਂ।... ਕਿੰਨੀ ਸਾਰੀ ਦੁਨੀਆਂ ਵੇਖਣ ਤੇ ਕਿੰਨੇ ਸਾਰੇ ਮੁਲਕਾਂ ਦਾ ਸਾਹਿਤ ਪੜ੍ਹਨ ਕਰਕੇ ਜਿਊਣ ਦਾ ਚਾਅ ਮੇਰੇ ਅੰਦਰ ਉਸ ਵੇਲੇ ਠਾਠਾਂ ਮਾਰ ਰਿਹਾ ਸੀ । ਜ਼ਿੰਦਗੀ ਦੇ ਨੇਮ ਮੈਨੂੰ ਬੜੇ ਹੀ ਸੌਖੇ ਦਿੱਸਣ ਲੱਗ ਪਏ ਹਨ । ਮੈਨੂੰ ਇਉਂ ਜਾਪਦਾ ਸੀ ਕਿ ਮਨੁੱਖ ਨੂੰ ਸਿਰਫ਼ ਆਪਣੀ ਮਨ-ਮਰਜ਼ੀ ਦੇ ਜਿਊਣ ਲਈ ਹੌਸਲਾ ਕਰਨ ਦੀ ਲੋੜ ਹੈ ।

ਜ਼ਿੰਦਗੀ ਦੇ ਸੌਖੇ ਦਿੱਸਦੇ ਨੇਮਾਂ ਅਨੁਸਾਰ ਆਪਣੀ ਮਨ-ਮਰਜ਼ੀ ਦਾ ਜੀਵਨ ਜਿਊਣ ਦੀ ਰੀਝ ਤੇ ਆਪਣੀ ਖਿੱਚ-ਪਾਊ ਸ਼ਖ਼ਸੀਅਤ ਦਾ ਬਿੰਬ ਅੱਖਾਂ ਵਿਚ ਭਰ ਕੇ ਗੁਰਬਖ਼ਸ਼ ਸਿੰਘ ਨੇ ਆਪਣੇ ਸਮੇਂ ਨੂੰ ਆਪਣੀ ਕੁਰਸੀ ਦੀ ਲੱਤ ਨਾਲ ਬੰਨ੍ਹਣ ਦਾ ਹੌਸਲਾ ਕੀਤਾ । 'ਪ੍ਰੀਤਲੜੀ' ਦੇ ਜਨਮ



(ਸਤੰਬਰ 1933) ਤੋਂ ਲੈ ਕੇ ਆਪਣੇ ਅੰਤਮ ਸਾਹਾਂ ਤੱਕ (20 ਅਗਸਤ 1977), ਪੂਰੇ 44 ਸਾਲ, ਉਹ ਆਪਣੇ ਸਮੇਂ ਦੇ ਆਪ ਮਾਲਕ ਰਹੇ । ਉਨ੍ਹਾਂ ਦੀ **ਪੂਣ ਪੁਸਤਕ** ਤੇ ਹੋਰ ਲਿਖਤਾਂ ਦੱਸਦੀਆਂ ਹਨ ਕਿ ਕਰੜੇ ਅਨੁਸ਼ਾਸਨ ਨਾਲ ਸਮੇਂ ਦੇ ਪਾਬੰਦ ਰਹਿ ਕੇ ਹੀ ਉਨ੍ਹਾਂ ਨੇ ਸਮੇਂ ਨੂੰ ਆਪਣੀ ਪਾਬੰਦੀ ਵਿਚ ਰੱਖਿਆ ਹੋਇਆ ਸੀ ।

ਜਿਵੇਂ ਸ: ਗੁਰਬਖ਼ਸ਼ ਸਿੰਘ ਨੇ ਆਪਣਾ ਨਿੱਜੀ ਸਮਾਂ ਨਿਯਮਤ ਕਰਕੇ ਆਪਣੇ ਕਾਬੂ ਕੀਤਾ ਹੋਇਆ ਸੀ, ਉਸੇ ਤਰ੍ਹਾਂ ਉਹ ਆਪਣੇ ਜੁੱਗ ਦੇ ਵੀ ਆਗੂ ਲੇਖਕ ਸਨ, ਪਿਛਲੱਗੂ ਨਹੀਂ । ਉਹ ਆਪਣੇ ਜੁੱਗ ਦੇ ਸਾਹਿਤਕ ਪੱਤਰਕਾਰ ਆਗੂ ਸਨ, ਇਸ ਦਾ ਇਕ ਸਬੂਤ ਇਹ ਹੈ ਕਿ 'ਪ੍ਰੀਤਲੜੀ' ਦੇ ਹਰੇਕ ਅੰਕ ਵਿਚ, ਸੰਪਾਦਕੀ ਤੋਂ ਇਲਾਵਾ, ਅੱਧਿਓਂ ਵੱਧ ਸਫ਼ੇ ਗੁਰਬਖ਼ਸ਼ ਸਿੰਘ ਦੀਆਂ ਆਪਣੀਆਂ ਲਿਖਤਾਂ ਨਾਲ ਭਰੇ ਹੁੰਦੇ ਸਨ ਤੇ ਪਾਠਕ ਇਕੋ ਪਰਚੇ ਵਿਚ ਉਨ੍ਹਾਂ ਇਕੱਲਿਆਂ ਦੀਆਂ ਇੰਨੀਆਂ ਰਚਨਾਵਾਂ ਪੜ੍ਹ ਕੇ ਅਕੇਵਾਂ ਮਹਿਸੂਸ ਕਰਨ ਦੀ ਬਜਾਇ, ਹਰ ਮਹੀਨੇ ਪ੍ਰੀਤਲੜੀ ਦੀ ਉਡੀਕ ਬੇਸਬਰੀ ਨਾਲ ਕਰਦੇ ਰਹਿੰਦੇ ਸਨ ਅਤੇ ਉਹ ਵੀ ਸਿਰਫ਼ ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਪੜ੍ਹਨ ਲਈ । ਇਸ ਦਾ ਇਕ ਕਾਰਨ ਇਹ ਸੀ ਕਿ ਗੁਰਬਖ਼ਸ਼ ਸਿੰਘ ਆਮ ਪਾਠਕਾਂ ਤੇ ਨੌਜਵਾਨਾਂ ਨੂੰ ਬਹੁਤ ਉੱਚੀ ਥਾਂ ਬੈਠ ਕੇ ਸੰਬੋਧਨ ਕਰਦੇ ਹੋਏ ਵੀ ਉਨ੍ਹਾਂ ਨਾਲ ਹਮੇਸ਼ਾਂ ਬਰਾਬਰੀ ਦਾ ਰਿਸ਼ਤਾ ਕਾਇਮ ਕਰੀ ਰੱਖਦੇ ਸਨ । ਉਨ੍ਹਾਂ ਦਾ ਇਹ ਰਿਸ਼ਤਾ ਇਕ ਝਾਤ ਪਾਉਣ ਵਾਲੇ ਤੇ ਹੁੰਗਾਰਾ ਭਰਨ ਵਾਲੇ ਦਾ ਰਿਸ਼ਤਾ ਸੀ । ਉਨ੍ਹਾਂ ਦੀਆਂ ਨਿਬੰਧ-ਰਚਨਾਵਾਂ (ਖ਼ਾਸ ਕਰਕੇ) ਅਜਿਹੀ ਲੰਮੀ ਬਾਤ ਦੀ ਨਿਆਈਂ ਹਨ ਜਿਸ ਨੂੰ ਆਪਣੇ ਪ੍ਰੀਤ-ਪਾਠਕਾਂ ਤੋਂ, ਅਮਲੀ ਤੇ ਲਿਖਤੀ ਰੂਪ ਵਿਚ, ਲਗਾਤਾਰ ਹੁੰਗਾਰਾ ਮਿਲਦਾ ਰਿਹਾ ਹੈ । ਉਨ੍ਹਾਂ ਦੇ ਲੇਖਾਂ (ਤੇ ਕੁਝ ਇਕ ਕਹਾਣੀਆਂ) ਦੀ ਰਚਨਾ ਆਪਣੇ ਜੁੱਗ (ਦੇ ਪਾਠਕਾਂ) ਨਾਲ ਨਿਰੰਤਰ ਸੰਵਾਦ ਵਿਚੋਂ ਹੋਈ ਹੈ । ਇਹ ਰਚਨਾਵਾਂ ਇਕ ਉੱਚ-ਪੱਧਰੀ ਪੋਲੈਮਿਕਸ (ਸ਼ਾਸਤਰਾਰਥ) ਜਾਂ ਸੁਕਰਾਤ ਵਰਗੇ ਡਾਇਲਾਗ (ਸੰਵਾਦ) ਦਾ ਸੁੰਦਰ ਨਮੂਨਾ ਹਨ ।

ਗੁਰਬਖ਼ਸ਼ ਸਿੰਘ ਦੇ ਆਪਣੇ ਸਧਾਰਨ ਤੋਂ ਸਧਾਰਨ ਪਾਠਕਾਂ ਨਾਲ ਬਰਾਬਰੀ ਦੇ ਰਿਸ਼ਤੇ ਦਾ ਇਥੋਂ ਵੀ ਪਤਾ ਲਗਦਾ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਨੂੰ ਹਾਂ-ਮੁੱਖ ਹੁੰਗਾਰੇ ਹੀ ਨਹੀਂ, ਨਾਂਹ-ਮੁਖ ਪ੍ਰਸ਼ਨਾਂ, ਇਤਰਾਜ਼ਾਂ ਤੇ ਇਲਜ਼ਾਮਾਂ ਦਾ ਸਾਹਮਣਾ ਵੀ ਕਰਨਾ ਪਿਆ ਹੈ । ਗੁਰਬਖ਼ਸ ਸਿੰਘ ਦੀ ਆਪਣੇ ਜੁੱਗ ਉੱਤੇ ਪਕੜ ਦਾ ਸਬੂਤ ਇਹ ਹੈ ਕਿ ਉਹ ਆਪਣੇ ਪਾਠਕਾਂ ਦੇ ਨਿੱਕੇ ਤੋਂ ਨਿੱਕੇ ਤੇ ਤਿੱਖੇ ਤੋਂ ਤਿੱਖੇ ਪ੍ਰਸ਼ਨ ਨੂੰ ਵੀ ਅਣਗੌਲਿਆ ਨਹੀਂ ਸਨ ਕਰਦੇ ਤੇ ਉਸ ਦਾ ਉੱਤਰ ਇੰਨੇ ਠਰ੍ਹੰਮੇ ਤੇ ਦਲੀਲ ਨਾਲ ਦਿੰਦੇ ਸਨ ਕਿ ਪਾਠਕਾਂ ਦੀ ਤਸੱਲੀ ਕਰਵਾ ਦਿੰਦੇ ਸਨ । ਕਿਸੇ 'ਪ੍ਰੀਤ-ਪਾਠਕਾਂ' ਦੇ ਇਤਰਾਜ਼ਾਂ ਭਰੇ ਖਰ੍ਹਵੇ ਹੁੰਗਾਰੇ ਦਾ ਇਕ ਨਮੂਨਾ ਦੇਖੋ :

> ਦਾਜ ਦਹੇਜ ਵਿਰੁੱਧ, ਨਿਰਬੰਧ ਲਿੰਗ ਵਿਰੁੱਧ ਅਤੇ ਹੋਰ ਵੀ ਕਈ ਕੁਝ ਵਿਰੁੱਧ ਆਵਾਜ਼ ਉਠਾਈ, ਕਿੰਨਿਆਂ ਕੁ ਦਾ ਅੰਧ-ਵਿਸ਼ਵਾਸ ਦੂਰ ਹੋਇਆ ? ਕਿਸਨੇ ਹਰਾਮਖੋਰੀ ਛੱਡੀ ਹੈ ?...ਤੇ ਫਿਰ ਤੁਸਾਂ ਕਿਉਂ ਐਵੇਂ 'ਮੈਂ' 'ਮੈਂ' ਲਾਈ ਹੋਈ ਹੈ ? ਤੁਸੀਂ ਇਕ ਇੰਚ ਲੋਕਾਂ ਨੂੰ ਨਹੀਂ ਉਠਾ ਸਕੇ ।

ਜਨਵਰੀ 1971 ਦੀ ਪ੍ਰੀਤਲੜੀ ਵਿਚ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਸ: ਗੁਰਬਖ਼ਸ਼ ਸਿੰਘ ਨੇ ਇਕ ਪੂਰਾ ਨਿਬੰਧ ਲਿਖਿਆ ਹੈ । ਉਸ ਵਿਚ ਆਪਣੀ ਅਸਫ਼ਲਤਾ ਨੂੰ ਦਲੀਲ ਸਹਿਤ

ਵਿਚਾਰਿਆ ਤੇ ਸਫਲਤਾ ਨੂੰ ਮਨਵਾਇਆ ਹੈ, ਪਰ ਇਕ ਵੀ ਸ਼ਬਦ ਖਰ੍ਹਵਾ ਨਹੀਂ ਵਰਤਿਆ । 'ਪ੍ਰੀਤਲੜੀ' ਆਪਣੇ ਜੁੱਗ ਨਾਲ ਸੰਵਾਦ ਰਚਾਉਣ ਦਾ ਇਕ ਅਜਿਹਾ ਫੌਰੀ ਵਸੀਲਾ ਸੀ ਜਿਸ ਨਾਲ ਗੁਰਬਖ਼ਸ਼ ਸਿੰਘ ਖ਼ੁਦ ਹੀ ਜੱਗ-ਜਹਾਨ ਪ੍ਰਸਿੱਧ ਨਹੀਂ ਹੋਏ, ਉਨ੍ਹਾਂ ਦੇ ਅਨੇਕਾਂ ਪਾਠਕ ਵੀ ਆਪਣੇ ਆਪ ਨੂੰ 'ਪ੍ਰੀਤਲੜੀਏ' ਅਖਵਾ ਕੇ ਖੁਸ਼ ਹੁੰਦੇ ਸਨ ।

ਗੁਰਬਖ਼ਸ਼ ਸਿੰਘ ਦੇ ਆਪਣੇ ਜੁੱਗ ਦੇ ਸਾਹਿਤਕ ਆਗੂ ਹੋਣ ਦਾ ਸਭ ਤੋਂ ਵੱਡਾ ਭੇਤ ਇਹ ਸੀ ਕਿ ਉਨ੍ਹਾਂ ਨੇ ਆਪਣੇ ਜੁੱਗ ਦੇ ਬੁਨਿਆਦੀ ਸੰਕਟਾਂ ਨੂੰ ਸਮਝਿਆ ਤੇ ਆਪਣੀਆਂ ਕਹਾਣੀਆਂ, ਨਾਵਲਾਂ ਤੇ ਨਿਬੰਧਾਂ ਦੁਆਰਾ ਸਮਝਾਇਆ । ਇਸ ਤੋਂ ਵੀ ਵੱਡੀ ਗੱਲ ਇਹ ਕਿ ਉਨ੍ਹਾਂ ਸੰਕਟਾਂ ਨੂੰ ਸਰ (ਆਬੂਰ) ਕਰਨ ਹਿੱਤ ਬੜੇ ਸਾਰਥਕ ਤੇ ਪ੍ਰਸੰਗਕ ਸੁਝਾਓ ਦਿੱਤੇ । ਇਹ ਬੁਨਿਆਦੀ ਸੰਕਟ ਪੰਜ ਸਨ :

(1) ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਤੇ ਭਾਰਤੀ ਸਮਾਜ ਵਿਚ ਕਈ ਤਰ੍ਹਾਂ ਦੀ ਫੁੱਟ ।
(2) ਸਾਮੰਤੀ (ਫਿਊਡਲ) ਸਮਾਜਿਕ ਨਜ਼ਾਮ ਦੀ ਉਸਾਰੀ ਤੇ ਫਿਰ ਬੁਰਜੂਆ ਜਮਹੂਰੀਅਤ ਨੂੰ ਸੋਸ਼ਲਿਜਮ ਵਿਚ ਬਦਲਣ ਦਾ ਨਿਸ਼ਾਂਨਾ ।
(3) ਧਰਮ ਤੇ ਵਿਗਿਆਨ ਦਾ ਪਾੜਾ ।
(4) ਵਿਗਿਆਨਕ ਵਿਸ਼ੇਸ਼ਗਤਾ ਤੇ ਵਿਗਿਆਨਕ ਸੁਭਾਅ ਦਾ ਪਾੜਾ ।
(5) ਵਿਗਿਆਨ ਦੀ ਨਕਾਰਕ ਤੇ ਅਨੈਤਿਕ ਵਰਤੋਂ ਨੂੰ ਰੋਕਣ ਦਾ ਮਸਲਾ ।

ਜਦੋਂ ਗੁਰਬਖ਼ਸ਼ ਸਿੰਘ ਨੇ ਲਿਖਣਾ ਸ਼ੁਰੂ ਕੀਤਾ ਉਦੋਂ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਦੇ ਜੂਲੇ ਹੇਠ ਭਾਰਤ ਆਪਣੀ ਆਜ਼ਾਦੀ ਲਈ ਜੂਝ ਰਿਹਾ ਸੀ, ਪਰ ਸਾਮਰਾਜੀ ਸਰਕਾਰ ਮਜ਼੍ਹਬੀ ਫਿਰਕੇਦਾਰੀ ਨੂੰ ਸ਼ਹਿ ਦੇ ਕੇ ਇਸ ਸੰਗਰਾਮ ਨੂੰ ਅੰਦਰੋਂ ਲੀਰੋ-ਲੀਰ ਕਰ ਰਹੀ ਸੀ। ਗੁਰਬਖ਼ਸ਼ ਸਿੰਘ ਨੇ ਸਾਰੇ ਬ੍ਰਹਿਮੰਡ ਨੂੰ ਇਕੋ ਲੜੀ ਵਿਚ ਪ੍ਰੋਤੇ ਦੱਸ ਕੇ ਮਨੁੱਖੀ ਏਕਤਾ ਤੇ ਪ੍ਰੀਤ ਦਾ ਸੁਨੇਹਾ ਦਿੱਤਾ, ਜਿਹੜਾ ਸੁਤੰਤਰਤਾ ਸੰਗਰਾਮ ਲਈ ਸਾਰਥਿਕ ਤੇ ਬਹੁਤ ਹੀ ਮੌਕੇ ਦੀ ਗੱਲ ਸੀ । ਉਹ ਇਸ਼ਦੀ ਸਾਰਥਿਕਤਾ ਤੋਂ ਪੂਰੀ ਤਰ੍ਹਾਂ ਸੁਚੇਤ ਸਨ, ਇਸ ਦਾ ਪਤਾ ਪ੍ਰੀਤਲੜੀ ਦੇ ਪਹਿਲੇ ਅੰਕ ਵਿਚ ਉਨ੍ਹਾਂ ਦੇ ਆਪਣੇ ਸ਼ਬਦਾਂ ਤੋਂ ਹੀ ਲਗਦਾ ਹੈ :

> ਜਿਹੜੀਆਂ ਮੋਟੀਆਂ ਮੋਟੀਆਂ ਗੰਢਾਂ ਰੱਬੀ ਲੜੀ ਵਿਚ ਖ਼ੁਦ ਪਾ ਕੇ ਅਸੀਂ ਆਪਣੇ ਆਪ ਨੂੰ ਅੱਡ-ਅੱਡ ਤਕਸੀਮ ਕਰੀ ਬੈਠੇ ਹਾਂ, ਉਹ ਖੁਲ੍ਹ ਜਾਣ ਤੇ ਮਣਕਾ ਮਣਕੇ ਨਾਲ ਜੁੜ ਮਿਲੇ, ਮਿਲਾਪ ਦਾ ਨਿੱਘ ਨਿਫ਼ਾਕ ਦੇ ਪਾਲੇ ਨੂੰ ਸੇਕ ਸੁੱਟੇ ।

'ਪ੍ਰੀਤਲੜੀ' ਤੇ ਗੁਰਬਖਸ ਸਿੰਘ ਦੀ ਪ੍ਰੀਤ-ਫਿਲਾਸਫ਼ੀ ਦੀ ਇਸ ਸਾਮਿਅਕ ਲੋੜ ਤੇ ਤਤਕਾਲੀਨ ਪ੍ਰਸੰਗਕਤਾ ਦਾ ਪਤਾ ਸਰ ਜੋਗਿੰਦਰ ਸਿੰਘ ਦੇ ਉਨ੍ਹਾਂ ਸ਼ਬਦਾਂ ਤੋਂ ਵੀ ਲਗਦਾ ਹੈ ਜਿਹੜੇ ਉਨ੍ਹਾਂ ਪਹਿਲੇ ਅੰਕ ਲਈ ਸੁਨੇਹੇ ਦੇ ਰੂਪ ਵਿਚ ਲਿਖੇ ਸਨ ਤੇ ਗੁਰਬਖ਼ਸ਼ ਸਿੰਘ ਨੇ ਅੰਗਰੇਜ਼ੀ ਤੋਂ ਤਰਜਮਾ ਕਰਕੇ ਪ੍ਰੀਤਲੜੀ ਦੇ ਕਿਸੇ ਅਗਲੇ ਅੰਕ ਵਿਚ ਛਾਪੇ ਸਨ :

> ਹਿੰਦੁਸਤਾਨ ਦੀ ਉੱਨਤੀ ਦੀ ਵਰਤਮਾਨ ਅਵਸਥਾ ਵਿਚ ਓਸ ਲੇਖਕ ਨਾਲੋਂ ਵਡੇਰੀ ਸੇਵਾ ਕੌਣ ਕਰ ਸਕਦਾ ਹੈ, ਜਿਹੜਾ ਏਕਤਾ ਦਾ ਰਾਹ ਦਰਸਾਂਦਾ ਤੇ ਉਨ੍ਹਾਂ ਸੂਖਮ ਤੰਦਾਂ ਨੂੰ ਰੂਪਮਾਨ ਕਰਦਾ ਹੈ ਜਿਹੜੀਆਂ ਮਨੁੱਖਤਾ ਨੂੰ ਇਕ ਲੜੀ ਵਿਚ ਪ੍ਰੋਤਿਆਂ ਰੱਖਦੀਆਂ ਹਨ ।]



ਪਰ ਗੁਰਬਖ਼ਸ਼ ਸਿੰਘ ਦੀ ਪ੍ਰੀਤ-ਫਿਲਾਸਫ਼ੀ ਦਾ ਕੇਵਲ ਇਹ ਵਕਤੀ/ਸਿਆਸੀ ਮਨੋਰਥ ਨਹੀਂ ਸੀ, ਸਗੋਂ ਇਸ ਦਾ ਮੁੱਖ ਮਨੋਰਥ ਸੀ ਪੰਜਾਬ ਦੇ ਸਾਮੰਤੀ ਸਮਾਜਿਕ ਢਾਂਚੇ ਦੇ ਅੰਤਰਗਤ ਨਵੇਂ ਬੁਰਜੂਆ ਜਮਹੂਰੀ ਨਜ਼ਾਮ ਦੀ ਉਸਾਰੀ । 1947 ਤੋਂ ਪਹਿਲਾਂ ਸਾਡੇ ਦੇਸ਼ ਦੀਆਂ ਇਨਕਲਾਬੀ ਸਫ਼ਾਂ ਵਿਚ ਇਹ ਵਿਚਾਰਧਾਰਾ ਪ੍ਰਧਾਨ ਸੀ ਕਿ ਅੰਗਰੇਜ਼ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ ਪੁਰਾਣੀ ਸਾਮੰਤੀ ਆਰਥਿਕ ਰਾਜਨੀਤਕਤਾ ਦੀਆਂ ਨੀਹਾਂ ਨੂੰ ਉਖਾੜ ਕੇ ਹੀ ਨਵਾਂ ਜਮਹੂਰੀ ਨਜ਼ਾਮ ਤੇ ਨਵੇਂ ਮੁੱਲਵਿਧਾਨ ਦੀ ਸਥਾਪਨਾ ਹੋ ਸਕਦੀ ਹੈ । ਪਰ ਗੁਰਬਖ਼ਸ਼ ਸਿੰਘ ਦੀ ਸੋਚ ਇਹ ਸੀ ਕਿ ਸਾਮੰਤੀ ਆਰਥਿਕ ਰਾਜਨੀਤਕਤਾ ਦੀਆਂ ਨੀਹਾਂ ਨੂੰ ਉਖਾੜਨ ਲਈ ਪਹਿਲਾਂ ਸਭਿਆਚਾਰ ਦੀ ਪੱਧਰ 'ਤੇ ਬੁਰਜੂਆ ਜ਼ਮਹੂਰੀ ਕੀਮਤਾਂ ਦੀ ਸਥਾਪਨਾ ਦੀ ਲੋੜ ਹੈ । ਉਨ੍ਹਾਂ ਨੇ ਫਿਊਡਲ ਸਮਾਜਿਕ ਪ੍ਰਬੰਧ ਉੱਤੇ ਰਾਜਨੀਤਕ ਆਰਥਿਕ ਮੋਰਚੇ ਦੀ ਬਜਾਇ ਕਲਚਰ ਦੇ ਮੋਰਚੇ ਵਰਣ-ਭੇਦ, ਜਾਤ-ਪਾਤ, ਛੂਤ-ਛਾਤ ਆਦਿ ਤੋਂ ਹੱਲਾ ਬੋਲਿਆ । ਇਹ ਉਨ੍ਹਾਂ ਦੀ ਸਾਹਿਤਕ ਪੱਤਰਕਾਰੀ ਦੀ ਸੀਮਾ ਵੀ ਸੀ ਤੇ ਇਕ ਸੋਚਿਆ ਸਮਝਿਆ ਪ੍ਰੋਗਰਾਮ ਵੀ ।

ਅਮਰੀਕਾ ਤੋਂ ਯੂਰਪ ਵਿਚ ਆਰਥਿਕ-ਰਾਜਨੀਤਕ ਤੇ ਸਭਿਆਚਾਰਕ ਪੱਧਰਾਂ 'ਤੇ ਬੁਰਜੂਆ ਜਮਹੂਰੀਅਤ ਸਾਡੇ ਤੋਂ ਬਹੁਤ ਪਹਿਲਾਂ ਸਥਾਪਿਤ ਹੋ ਚੁੱਕੀ ਸੀ, ਜਿਸਨੇ ਵਿਅਕਤੀਗਤ ਆਜ਼ਾਦੀ, ਸ਼ਖ਼ਸੀ ਪਛਾਣ, ਵਿਅਕਤੀ ਨੂੰ ਆਪਣੀ ਗੱਲ ਕਹਿਣ ਤੇ ਕਰਨ ਦੀ ਖੁਲ੍ਹ, ਪਰਾਏ ਔਰਤ-ਮਰਦ ਨਾਲ ਤੁਰਨ ਫਿਰਨ ਤੇ ਮਿਲਣ-ਗਿਲਣ ਨੂੰ ਪਾਪ ਨਾ ਸਮਝਣ ਦੀ ਰੀਤ, ਕੁੜੀ ਮੁੰਡੇ ਦੇ ਪਿਆਰ-ਵਿਆਹ ਦਾ ਰਿਵਾਜ ਤੇ ਜੇ ਨਾ ਨਿਭੇ ਤਾਂ ਤਲਾਕ ਦੀ ਸੁਵਿਧਾ, ਇਸਤਰੀ ਦੀ ਆਜ਼ਾਦੀ ਤੇ ਹੋਰ ਜਮਹੂਰੀ ਕਦਰਾਂ ਕੀਮਤਾਂ ਨੂੰ ਪ੍ਰਵਾਨ ਕਰ ਲਿਆ ਸੀ । ਗੁਰਬਖ਼ਸ਼ ਸਿੰਘ ਨੂੰ ਇਨ੍ਹਾਂ ਕਦਰਾਂ ਕੀਮਤਾਂ ਦੀ ਪਛਾਣ ਆਪਣੀ ਇੰਜਨੀਅਰੀ ਦੀ ਪੜ੍ਹਾਈ ਦੌਰਾਨ ਅਮਰੀਕਾ ਤੇ ਯੂਰਪ ਦੇ ਸਭਿਆਚਾਰਕ ਸੰਪਰਕ ਤੋਂ ਪ੍ਰਾਪਤ ਹੋਈ ਤੇ ਉਨ੍ਹਾਂ ਦਾ ਬੁਰਜੂਆ ਜਮਹੂਰੀਅਤ ਦਾ ਵਿਜ਼ਨ ਬਣਿਆ ਉਸ ਦਾ ਕੇਂਦਰੀ ਸੰਕਲਪ ਹੈ 'ਪ੍ਰੀਤ' । ਸਹਿਜ ਪ੍ਰੀਤ, ਪਿਆਰ ਕਬਜ਼ਾ ਨਹੀਂ, ਲਿੰਗ ਇਨਕਲਾਬ, ਪ੍ਰੀਤਲੜੀ, ਪ੍ਰੀਤ ਨਗਰ ਤੇ ਪ੍ਰੀਤੋ-ਖੇਬੀ ਆਦਿ ਇਸੇ ਸੰਕਲਪ ਦੇ ਹੀ ਵਿਸਥਾਰ ਹਨ, ਜਿਨ੍ਹਾਂ ਨੇ ਗੁਰਬਖ਼ਸ਼ ਸਿੰਘ ਦੀਆਂ ਅਨੇਕਾਂ ਰਚਨਾਵਾਂ ਦਾ ਰੂਪ ਧਾਰਿਆਂ, ਜਿਨ੍ਹਾਂ ਵਿਚੋਂ ਪ੍ਰਤੀਨਿਧ ਹਨ :

—ਰਾਜ ਕੁਮਾਰੀ ਲਤਿਕਾ (ਨਾਟਕ)
—ਅਨੋਖੇ ਤੇ ਇਕੱਲੇ (ਕਹਾਣੀ ਸੰਗ੍ਰਹਿ)
—ਅਨਵਿਆਹੀ ਮਾਂ (ਨਾਵਲ)
—ਖੁਲ੍ਹਾ ਦਰ (ਨਿਬੰਧ-ਸੰਗ੍ਰਹਿ)

ਪਰ ਇਨ੍ਹਾਂ ਰਚਨਾਵਾਂ ਦਾ ਮਨੋਰਥ ਅੱਜ ਦੀ ਖਪਤ ਕਲਚਰ ਵਰਗੀ ਕਾਮ-ਭੁੱਖ ਦਾ ਹਾਬੜਾ ਤੇ ਲਿੰਗ-ਖੁਲ੍ਹ ਦਾ ਪਰਚਾਰ ਕਰਨਾ ਨਹੀਂ ਸੀ । 1969-70 ਦੇ ਨੇੜੇ ਸਾਡੇ ਸਾਹਿਤ ਤੇ ਫਿਲਮਾਂ ਵਿਚ ਯਥਾਰਥਵਾਦ ਦੇ ਨਾਂ ਹੇਠ ਜਦੋਂ ਉਲਾਰ ਲਿੰਗ ਰੁਚੀਆਂ ਆਉਣੀਆਂ ਸ਼ੁਰੂ ਹੋਈਆਂ ਤਾਂ ਗੁਰਬਖ਼ਸ਼ ਸਿੰਘ ਨੇ ਇਨ੍ਹਾਂ ਰੁਚੀਆਂ ਨੂੰ ਉਕਸਾਉਣ ਵਾਲੀ ਸਾਹਿਤ ਕਲਾ ਦੇ ਵਿਰੁੱਧ ਲਿਖਿਆ, ਜਿਸ ਤੋਂ ਪਤਾ ਲਗਦਾ ਹੈ ਕਿ ਗੁਰਬਖ਼ਸ਼ ਸਿੰਘ ਨੂੰ ਬੁਰਜੂਆ ਜਮਹੂਰੀਅਤ ਦੀ ਸਕਾਰਕ ਤੇ ਨਕਾਰਾਤਕ ਸੀਮਾ ਦਾ ਅਨੁਭਵ ਹੋ ਗਿਆ ਸੀ ਤੇ ਉਨ੍ਹਾਂ ਨੂੰ ਆਪਣੇ ਪ੍ਰੀਤ-ਫਲਸਫ਼ੇ ਦੀਆਂ ਜੁੱਗ-

ਸੀਮਾਵਾਂ ਦਾ ਵੀ ਗਿਆਨ ਸੀ । ਨੌਜਵਾਨ ਪੁਸ਼ਤਾਂ ਨੂੰ ਬੁਰਜੂਆ ਜਮਹੂਰੀਅਤ ਦੇ ਅਤਿਵਾਦ ਤੋਂ ਬਚਾਉਣ ਲਈ ਤੇ ਪਿਆਰ ਤੇ ਕਾਮ-ਖੁਲ੍ਹ ਦੇ ਵਰਕਾਂ ਨੂੰ ਸਮਝਾਉਣ ਲਈ ਉਨ੍ਹਾਂ ਨੇ ਬਾਰ-ਬਾਰ ਆਪਣੀਆਂ ਲਿਖਤਾਂ ਵਿਚ ਆਪਣੇ ਪਿਆਰ ਫਲਸਫ਼ੇ ਨੂੰ ਸਪੱਸ਼ਟ ਕੀਤਾ ਹੈ ।

ਭਾਰਤ ਦੀ ਆਜ਼ਾਦੀ ਦੇ ਨਾਲ ਹੀ ਪੰਜਾਬ ਦੀ ਵੰਡ ਸਮੇਂ ਸਾਮੰਤੀ ਰਹਿਤਲ ਦੀ ਰਹਿੰਦ-ਖੂੰਹਦ ਤੇ ਫਿਰਕਾਪ੍ਰਸਤੀ ਨੇ ਫਸਾਦਾਂ ਦੀ ਸ਼ਕਲ ਵਿਚ ਜੋ ਗੁਲ ਖਿਲਾਏ, ਉਨ੍ਹਾਂ ਤੋਂ ਗੁਰਬਖ਼ਸ਼ ਸਿੰਘ ਭਲੀਭਾਂਤ ਸਮਝ ਗਏ ਸਨ ਕਿ ਜਮਹੂਰੀ ਕਦਰਾਂ-ਕੀਮਤਾਂ ਕਿੰਨੀਆਂ ਜ਼ਰੂਰ ਹ.ਨ, ਪਰ ਬੁਰਜੂਆ ਜਮਹੂਰੀਅਤ ਦੀ ਸਥਾਪਨਾ ਨੇ ਵੀ ਜਦੋਂ ਸੁਖਾਵੀਂ ਸੁਧਰੀ ਤੇ ਸਾਵੀਂ ਪੱਧਰੀ ਜ਼ਿੰਦਗੀ ਦੀ ਥਾਂ ਇਕ ਅਸਾਵਾਂ ਸਮਾਜਿਕ ਪ੍ਰਬੰਧ ਤੇ ਉਲਾਰ ਕਲਚਰ ਨੂੰ ਹੀ ਪੈਦਾ ਕੀਤਾ ਤਾਂ ਗੁਰਬਖ਼ਸ਼ ਸਿੰਘ ਨੂੰ ਮਹਿਸੂਸ ਹੋਇਆ ਕਿ ਸਾਡੇ ਸਮਾਜ ਨੂੰ ਇਸ ਤੋਂ ਵੀ ਅੱਗੇ ਤੁਰਨ ਦੀ ਲੋੜ ਹੈ । ਅਗਲੀ ਦੁਨੀਆਂ ਕਿਹੋ ਜਿਹੀ ਹੋਵੇਗੀ ? ਉਸ ਦਾ ਇਕ ਮਾਡਲ ਉਨ੍ਹਾਂ ਨੇ ਆਪਣੀਆਂ ਦੋ ਪੁਸਤਕਾਂ "ਸੰਪੂਰਨਤਾ ਦੀ ਲਗਨ" ਤੇ "ਨਵੀਂ ਤਕੜੀ ਦੁਨੀਆਂ" ਪੇਸ਼ ਕੀਤਾ ਹੈ । ਇਸ ਮਾਡਲ ਨੂੰ ਉਨ੍ਹਾਂ 'ਸੱਚਾ ਕਮਿਊਨਿਜ਼ਮ' ਕਿਹਾ ਹੈ ।

ਗੁਰਬਖ਼ਸ਼ ਸਿੰਘ ਦੇ ਸਮੇਂ ਦਾ ਤੀਜਾ ਵੱਡਾ ਸੰਕਟ ਸੀ : ਧਰਮ ਤੇ ਵਿਗਿਆਨ ਦਾ ਦੁਫੇੜ । ਬੁਰਜੂਆ ਜਮਹੂਰੀਅਤ ਦੇ ਉਲਾਰੂ ਵਿਕਾਸ ਨਾਲ ਇਕ ਪਾਸੇ ਅਨਪੜ੍ਹਤਾ ਇਕੱਠੀ ਹੁੰਦੀ ਗਈ ਹੈ ਤੇ ਦੂਜੇ ਪਾਸੇ ਵਿਗਿਆਨਕ ਵਿਸ਼ੇਸ਼ਗਤਾ । ਅਨਪੜ੍ਹ ਜਨਤਾ ਨੇ ਆਪਣਾ ਸਹਾਰਾ ਪੁਰਾਣੀ ਕਿਸਮ ਦੀ ਧਾਰਮਿਕਤਾ ਤੇ ਵਹਿਮ-ਪ੍ਰਸਤੀ ਨੂੰ ਬਣਾ ਲਿਆ ਤੇ ਵਿਸ਼ੇਸ਼ਗ ਵਿਗਿਆਨੀਆਂ ਨੇ ਅਮੂਰਤ ਤਰਕਸ਼ੀਲਤਾ ਉੱਤੇ ਜ਼ੋਰ ਦੇਣਾ ਆਰੰਭ ਕਰ ਦਿੱਤਾ । ਕਿਹਾ ਇਹ ਜਾਣ ਲੱਗਾ ਕਿ ਵਿਗਿਆਨ ਧਰਮ ਤੇ ਵਿਸ਼ਵਾਸ ਦਾ ਦੁਸ਼ਮਣ ਹੈ । ਇਸੇ ਪ੍ਰਭਾਵ ਅਧੀਨ ਗੁਰਬਖ਼ਸ਼ ਸਿੰਘ ਵੀ ਇਸ ਵਹਿਮ-ਪ੍ਰਸਤੀ ਤੇ ਧਾਰਮਿਕ ਪਾਖੰਡਵਾਦ ਦੇ ਖਿਲਾਫ਼ ਪ੍ਰੀਤਲੜੀ, ਨਵਾਂ ਸ਼ਿਵਾਲਾ ਤੇ ਭਾਬੀ ਮੈਨਾ ਵਰਗੀਆਂ ਕਹਾਣੀਆਂ ਰਾਹੀਂ 'ਬੁਧ-ਬਿਬੇਕ' ਦਾ ਪੈਗ਼ਾਮ ਦਿੰਦੇ ਰਹੇ । ਪਰ ਛੇਤੀ ਹੀ ਉਨ੍ਹਾਂ ਨੇ ਧਰਮ ਤੇ ਵਿਗਿਆਨ ਦੇ ਇਸ ਪਾੜੇ ਦੇ ਸੰਕਟ ਨੂੰ ਪਛਾਣ ਲਿਆ ਅਤੇ ਇਸ ਗੱਲ ਨੂੰ ਸਮਝ ਲਿਆ ਕਿ ਨਾ ਧਰਮ ਵਿਗਿਆਨ ਦਾ ਵਿਰੋਧੀ ਹੈ ਤੇ ਨਾ ਹੀ ਵਿਗਿਆਨ ਧਰਮ ਦਾ, ਸਗੋਂ ਇਹ ਦੋਵੇਂ ਅਗਿਆਨਤਾ ਤੇ ਰਸਮੀ ਧਾਰਮਿਕਤਾ ਦੇ ਵਿਰੋਧੀ ਹਨ । ਧਰਮ ਤੇ ਵਿਗਿਆਨ ਦੋਵੇਂ ਅਗਿਆਨ ਦੇ ਹਨੇਰੇ ਤੇ ਨਜ਼ਰ ਦੀ ਤੰਗੀ ਨੂੰ ਦੂਰ ਕਰਦੇ ਹਨ । ਦੋਹਾਂ ਦੀ ਪਰਸਪਰ ਦੁਸ਼ਮਣੀ ਦਾ ਪਰਚਾਰ ਫਿਰਕਾਪ੍ਰਸਤੀ ਦਾ ਢਕੌਂਸਲਾ ਹੈ । ਗੁਰਬਖ਼ਸ਼ ਸਿੰਘ ਨੇ ਇਨ੍ਹਾਂ ਦੀ ਆਪਸੀ ਸਾਂਝ ਉੱਤੇ ਜ਼ੋਰ ਦਿੱਤਾ ਤੇ ਸਾਇੰਸ ਨੂੰ ਮਜ਼ਹਬ ਦਾ ਹੀ ਆਧੁਨਿਕ ਰੂਪ ਕਿਹਾ, ਜਿਵੇਂ ਕਿ ਸਪੁਤਨਿਕ ਗੱਡੇ ਦਾ ਹੀ ਆਧੁਨਿਕ ਰੂਪ ਹੈ ।

> ਮਜ਼੍ਹਬ ਕੁਦਰਤ ਸੰਬੰਧੀ ਮਨੁੱਖ ਦੀ ਉਤਸੁਕਤਾ ਸੀ । ਏਸੇ ਨੇ ਕੁਦਰਤ ਦੀ ਮੂਲ ਆਤਮਾ ਨੂੰ ਰੱਬ ਆਖ ਕੇ ਉਹਦੀ ਪੂਜਾ ਸਿਖਲਾਈ । ਏਸ ਰੱਬ ਦਾ ਆਕਾਰ ਪਾਸਾਰ ਓਡਾ ਹੀ ਹੋ ਸਕਦਾ ਸੀ ਜੇਡਾ ਕੁਦਰਤ ਬਾਰੇ ਮਨੁੱਖ ਦਾ ਗਿਆਨ । ਸਾਇੰਸ ਨੇ ਏਸ ਗਿਆਨ ਨੂੰ ਬੇਹੱਦ ਚੌੜਾ ਕਰ ਦਿੱਤਾ, ਤੇ ਮਨੁੱਖ ਦਾ ਰੱਬ ਵੀ ਓਡਾ ਹੀ ਵੱਡਾ ਹੋ ਗਿਆ ।



> —ਮੇਰੇ ਵਿਸ਼ਵਾਸ ਵਿਚ ਸ੍ਰਿਸ਼ਟੀ, ਸ੍ਰਿਸ਼ਟੀ ਤੋਂ ਬਾਹਰੇ ਕਿਸੇ ਰਚਨਹਾਰ ਦੀ ਰਚਨਾ ਨਹੀਂ । ਸਗੋਂ ਸਾਰਾ ਬ੍ਰਹਿਮੰਡ ਇਕੋ ਸੋਮਾ, ਇਕੋ ਜ਼ਿੰਦਗੀ, ਇਕੋ ਆਤਮਾ ਤੇ ਇਕੋ ਪਦਾਰਥ ਹੈ ।

ਇਹੋ ਜਿਹੇ ਹੋਰ ਅਨੇਕਾਂ ਕਥਨ ਦਿੱਤੇ ਜਾ ਸਕਦੇ ਹਨ, ਜਿਨ੍ਹਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਸ੍ਰ: ਗੁਰਬਖ਼ਸ਼ ਸਿੰਘ ਸੱਚੇ ਧਰਮ ਦਾ, ਵਿਗਿਆਨਕ ਗਿਆਨ ਨਾਲ ਕੋਈ ਵਿਰੋਧ ਨਹੀਂ ਸਨ ਮੰਨਦੇ । ਮਜ਼ਬ ਤੇ ਸਾਇੰਸ ਦੀ ਏਕਤਾ ਦੀ ਦ੍ਰਿਸ਼ਟੀ ਤੋਂ ਹੀ ਉਨ੍ਹਾਂ ਨੇ ਆਪਣੇ ਸਿੱਖ ਗੁਰੂਆਂ ਨੂੰ, ਪੂਰੀ ਸ਼ਰਧਾ ਨਾਲ, ਅਵਤਾਰ ਮੰਨਣ ਦੀ ਬਜਾਇ 'ਪਰਮ ਮਨੁੱਖ' ਕਿਹਾ । ਉਨ੍ਹਾਂ ਦੀ ਇਸ ਦ੍ਰਿਸ਼ਟੀ ਨੂੰ ਪ੍ਰਿੰਸੀਪਲ ਤੇਜਾ ਸਿੰਘ ਤੇ ਭਾਈ ਜੋਧ ਸਿੰਘ ਵਰਗੇ ਸਿੱਖ ਵਿਦਵਾਨਾਂ ਨੇ ਪ੍ਰਵਾਨ ਵੀ ਕੀਤਾ ਤੇ ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੇ ਇਸ ਦਲੇਰੀ ਤੋਂ ਪ੍ਰੇਰਨਾ ਲਈ, ਪਰ ਰਸਮੀ ਧਰਮੀਆਂ ਵਲੋਂ ਗੁਰਬਖ਼ਸ਼ ਸਿੰਘ ਦਾ ਬਾਈਕਾਟ ਵੀ ਹੋਇਆ ।

ਸਾਇੰਸ ਨੂੰ ਹੀ ਅੱਜ ਦਾ ਮਜ਼੍ਹਬ ਕਹਿਣ ਵਾਲੇ ਗੁਰਬਖ਼ਸ਼ ਸਿੰਘ ਨੇ ਇਹ ਵੀ ਦੇਖਿਆ ਵਿਗਿਆਨਕ ਵਿਸ਼ੇਸ਼ਗਤਾ ਨੇ ਇਕ ਹੋਰ ਸੰਕਟ ਪੈਦਾ ਕਰ ਦਿੱਤਾ ਹੈ । ਵਿਗਿਆਨ ਦੇ ਬਹੁਤੇ ਵਿਸ਼ੇਸ਼ਗ ਆਪਣੀ ਪ੍ਰਯੋਗਸ਼ਾਲਾ ਤੋਂ ਬਾਹਰ ਦੇ ਨਿੱਤ-ਜੀਵਨ ਵਿਚ ਸੁਧੇ ਗ਼ੈਰ-ਵਿਗਿਆਨਕ ਹੁੰਦੇ ਹਨ । ਕਈ ਵਾਰ ਤਾਂ ਰੋਜ਼ਮਰਾ ਦੀ ਜ਼ਿੰਦਗੀ ਵਿਚ ਉਹ ਅਤਿ ਦੇ ਵਹਿਮਪ੍ਰਸਤ ਹੁੰਦੇ ਹਨ । ਅੱਜ ਦਾ ਯੁੱਗ ਵਿਗਿਆਨ ਦਾ ਹੈ, ਪਰ ਆਮ ਆਦਮੀ ਤੇ ਬਹੁਤੇ ਪੜ੍ਹੇ ਲਿਖੇ ਜਾਂ ਅਖੌਤੀ ਬੁੱਧੀਜੀਵੀਆਂ ਦਾ ਸੁਭਾਅ ਵਿਗਿਆਨਕ ਨਹੀਂ । ਗੁਰਬਖ਼ਸ਼ ਸਿੰਘ ਨੇ ਇਹ ਦੇਖਦਿਆਂ ਆਪਣੀਆਂ ਕਈ ਲਿਖਤਾਂ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਅੱਜ ਦਾ ਮਨੁੱਖ ਸਾਇੰਸ ਦਾ ਸਿਰਫ਼ ਅਧਿਐਨ-ਅਧਿਆਪਨ ਜਾਂ ਪ੍ਰਯੋਗਸ਼ਾਲਾਂ ਵਿਚ ਮਿਕਾਨਕੀ ਪ੍ਰਯੋਗ ਹੀ ਨਾ ਕਰੇ, ਸਗੋਂ ਉਸਦਾ ਸੁਭਾਅ ਵੀ ਵਿਗਿਆਨਕ ਹੋਣਾ ਚਾਹੀਦਾ ਹੈ । ਇਸ ਨੂੰ ਉਨ੍ਹਾਂ ਦੇ ਸਾਇੰਸੀ ਸੁਭਾਅ ਯਾਨੀ **Scientific Temper** ਦਾ ਨਾਂ ਦਿੱਤਾ ਹੈ । ਅਜਿਹਾ ਸਾਇੰਸੀ ਸੁਭਾਅ ਪੈਦਾ ਕਰਨ ਲਈ ਰੋਜ਼ਾਨਾ ਜ਼ਿੰਦਗੀ ਦੀ ਸਿਖਿਆ, ਸਿਹਤ-ਵਿਗਿਆਨ, ਮਨੋਵਿਗਿਆਨ ਆਦਿ ਸੰਬੰਧੀ ਉਨ੍ਹਾਂ ਨੇ ਅਣਗਿਣਤ ਲੇਖ ਲਿਖੇ ਹਨ ।

ਸਾਇੰਸੀ ਸੁਭਾਅ ਦੀ ਅਣਹੋਂਦ ਤੇ ਵਿਗਿਆਨ ਦੀ ਨਾਂਹ-ਮੁਖ ਤੇ ਅਨੈਤਿਕ ਵਰਤੋਂ ਨੇ ਸਾਇੰਸ ਤੇ ਸਦਾਚਾਰ ਦੇ ਪਾੜੇ ਦਾ ਸੰਕਟ ਪੈਦਾ ਕਰ ਦਿੱਤਾ । ਅੱਜ ਦਾ ਵਿਗਿਆਨੀ ਜਦੋਂ ਆਪਣੀਆਂ ਵਿਗਿਆਨਕ ਖੋਜਾਂ ਤੇ ਕਾਢਾਂ ਨੂੰ ਮੁੱਲ-ਮੁਕਤ ਸਮਝ ਕੇ ਇਨ੍ਹਾਂ ਦੀ ਵਰਤੋਂ ਦੇ ਮਾਨਵੀ ਤੇ ਅਮਾਨਵੀ ਸਰੋਕਾਰਾਂ ਵਿਚ ਫਰਕ ਕਰਨਾ ਛੱਡ ਦਿੰਦਾ ਹੈ ਤਾਂ ਇਹ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਸਾਇੰਸ ਮਨੁੱਖ ਨੂੰ ਖ਼ੁਸ਼ਹਾਲ, ਅਮਨ-ਚੈਨ ਤੇ ਸੁਹਜ ਭਰਪੂਰ ਜ਼ਿੰਦਗੀ ਪੈਦਾ ਕਰਨ ਲਈ ਹੈ ਕਿ ਮਨੁੱਖ ਦੀ ਤਬਾਹੀ, ਜੰਗੋ-ਜਦਲ ਤੇ ਗੰਦ ਤੇ ਕੋਝ ਨਾਲ ਭਰਿਆ ਮਾਰੂ ਮਾਹੌਲ ਪੈਦਾ ਕਰਨ ਲਈ ? ਗੁਰਬਖ਼ਸ਼ ਸਿੰਘ ਦਾ ਜਵਾਬ ਹੈ ਸਾਇੰਸੀ ਸੁਭਾਅ ਤੇ ਸਾਇੰਸੀ ਸਦਾਚਾਰ ਦੀ ਏਕਤਾ ਜ਼ਰੂਰੀ ਹੈ । ਉਨ੍ਹਾਂ ਲਈ 'ਪ੍ਰੀਤ' ਤੇ 'ਵਿਗਿਆਨਕਤਾ' ਦੋਵੇਂ ਕੇਵਲ ਸ਼ਬਦ ਜਾਂ ਵਿਧੀਆਂ ਮਾਤਰ ਨਹੀਂ, ਸਗੋਂ ਇਹ ਨਵੇਂ ਸਮਾਜਿਕ ਨੈਤਿਕ ਮੁੱਲ ਹਨ । ਇਸੇ ਪ੍ਰਸੰਗ ਵਿਚ ਉਨ੍ਹਾਂ ਨੇ ਕੌਮਾਂਤਰੀ ਅਮਨ ਤੇ ਨਿਸ਼ਸਤਰੀਕਰਨ ਦੇ ਹੱਕ ਵਿਚ ਬਹੁਤ ਸਾਰੇ ਲੇਖ ਤੇ ਕਹਾਣੀਆਂ ਲਿਖੀਆਂ ।

ਇਹ ਸਨ ਪੰਜ ਅਜਿਹੇ ਜੁੱਗ-ਸੰਕਟ ਜਿਹੜੇ ਗੁਰਬਖ਼ਸ਼ ਸਿੰਘ ਦੇ ਸਾਹਿਤ ਦਾ ਕੇਂਦਰ ਰਹੇ

ਹਨ। ਇਨ੍ਹਾਂ ਤੋਂ ਇਲਾਵਾ ਆਪਣੇ ਸਮੇਂ ਦੇ ਸਿਆਸੀ, ਆਰਥਿਕ ਤੇ ਸਭਿਆਚਾਰਕ ਮਾਮਲਿਆਂ ਨਾਲ ਨੇੜਿਓਂ ਜੁੜੇ ਰਹਿਣਾ ਉਨ੍ਹਾਂ ਦੀ ਪੱਤਰਕਾਰੀ ਦਾ ਤਕਾਜ਼ਾ ਸੀ। 1933 ਤੋਂ 77 ਤੱਕ ਦੇ 44 ਵਰ੍ਹਿਆਂ ਵਿਚ ਪੰਜਾਬ ਵਿਚ ਜੋ ਵੀ ਅਹਿਮ ਘਟਨਾਵਾਂ ਵਾਪਰੀਆਂ ਉਨ੍ਹਾਂ ਬਾਰੇ ਕੋਈ ਨਾ ਕੋਈ ਟਿੱਪਣੀ, ਪ੍ਰਤੀਕਰਮ ਜਾਂ ਦਿਸ਼ਾ-ਸੂਚਕ ਸਾਹਿਤ-ਰਚਨਾ ਗੁਰਬਖਸ਼ ਸਿੰਘ ਦੀ ਕਲਮ ਤੋਂ ਜ਼ਰੂਰ ਆਈ ਹੈ। 1947 ਦੀ ਪੰਜਾਬ ਵੰਡ ਤੇ ਫਸਾਦ, ਪੈਪਸੂ ਦਾ ਮੁਜ਼ਾਰਾ ਅੰਦੋਲਨ, ਖੁਸ਼ ਹੈਸੀਅਤੀ ਟੈਕਸ ਦੇ ਵਿਰੁੱਧ ਕਿਸਾਨ ਅੰਦੋਲਨ, ਪੰਜਾਬੀ ਸੂਬੇ ਦਾ ਮੋਰਚਾ, ਪੰਜਾਬੀ ਯੂਨੀਵਰਸਿਟੀ ਵਲੋਂ ਪੰਜਾਬੀ ਭਾਸ਼ਾ ਤੇ ਪੰਜਾਬੀ ਸ਼ਬਦ ਜੋੜਾਂ ਨੂੰ ਵਿਗਾੜਨ ਦਾ ਮਾਮਲਾ, ਨਕਸਲਬਾੜੀ ਲਹਿਰ ਆਦਿ ਘਟਨਾਵਾਂ ਸਮੇਂ-ਸਮੇਂ ਗੁਰਬਖਸ਼ ਸਿੰਘ ਦੇ ਸਾਹਿਤ ਦਾ ਅਹਿਮ ਸਰੋਕਾਰ ਰਹੀਆਂ ਹਨ।

ਇਸ ਵਿਚਾਰ-ਚਰਚਾ ਦੇ ਅੰਤ ਵਿਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸਾਡੇ ਦੇਸ਼ ਦੀ ਗ਼ਰੀਬੀ, ਗੁਲਾਮੀ, ਅਗਿਆਨ, ਵਹਿਮ-ਪ੍ਰਸਤੀ, ਜਾਤ-ਪਾਤ, ਛੂਤਛਾਤ, ਫਿਰਕਾ-ਪ੍ਰਸਤੀ, ਧਾਰਮਿਕ ਪਾਖੰਡ ਤੇ ਪਾਸ਼ਵੀ ਲਿੰਗ ਖੁਲ੍ਹ ਦੇ ਖਿਲਾਫ਼ ਇਕ ਲੰਮੇ ਕਲਮੀ ਜਹਾਦ ਦਾ ਨਾਂ ਹੈ ਗੁਰਬਖਸ਼ ਸਿੰਘ। ਇਸ ਜਹਾਦ ਵਿਚ ਸੈਂਕੜੇ ਪ੍ਰੀਤ-ਪਾਠਕ ਉਨ੍ਹਾਂ ਦੇ ਪਿਛੇ ਤੁਰੇ। ਰੂੜ੍ਹੀਵਾਦੀ, ਬੰਦੀਆਂ, ਬੁੱਸੀਆਂ, ਪੁਰਾਣੀਆਂ ਜੀਵਨ-ਕੀਮਤਾਂ ਦੇ ਵਿਰੋਧ ਕਾਰਨ ਤੇ ਆਪਣੀ ਜੁੱਗ-ਅਨੁਕੂਲ ਧਰਮ-ਨਿਰਪੇਖ ਵਾਰਤਕ ਸ਼ੈਲੀ ਕਾਰਨ ਹੀ ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਆਪਣੀ ਮਾਣਯੋਗ ਤੇ ਵਿਸ਼ੇਸ਼ ਥਾਂ ਬਣਾਈ ਹੈ। ਉਨ੍ਹਾਂ ਦਾ ਸਾਹਿਤ ਆਪਣੇ ਸਮੇਂ ਨਾਲ ਇਕ ਲੰਮਾ ਸੰਵਾਦ ਹੈ। ਇਸ ਲਈ ਉਹ ਆਪਣੇ ਜੁੱਗ ਦੇ ਸਾਹਿਤਕਾਰ ਵੀ ਸਨ ਤੇ ਉਹ ਜੁੱਗ ਵੀ ਉਨ੍ਹਾਂ ਦਾ ਸੀ।

---

(ਸਫ਼ਾ 13 ਦੀ ਬਾਕੀ)

ਕਰਨ ਲਈ ਸਮਾਂ ਵਿਹਾ ਚੁੱਕੀਆਂ ਸਮਾਜਿਕ ਘਾੜਤਾ ਦੀ ਪੁਨਰ-ਸੁਰਜੀਤੀ ਦਾ ਸੁਚੇਤ ਉਪਰਾਲਾ ਕਰ ਰਹੀ ਹੈ, ਤਾਂ ਸਾਨੂੰ ਇਨ੍ਹਾਂ ਵਿਚਾਰਾਂ ਦੀ ਵਧੇਰੇ ਘੋਖ-ਪਰਖ ਕਰਨ ਦੀ ਸਖ਼ਤ ਜ਼ਰੂਰਤ ਹੈ।

ਅਤੀਤਵਾਦੀਆਂ ਨੂੰ ਗੁਰਬਖਸ਼ ਸਿੰਘ ਪ੍ਰਵਾਨ ਨਹੀਂ ਹੋ ਸਕਦਾ ਕਿਉਂਕਿ ਉਸ ਦੀ ਸਾਰੀ ਵਿਚਾਰਧਾਰਾ ਆਧੁਨਿਕਮੁਖੀ ਹੈ। ਮਾਰਕਸਵਾਦੀ ਵੀ ਉਸ ਨੂੰ ਸਵੀਕਾਰ ਨਹੀਂ ਕਰਦੇ ਕਿਉਂਕਿ ਉਹ ਮਾਰਕਸਵਾਦੀ ਕਦੇ ਹੈ ਹੀ ਨਹੀਂ ਸੀ। ਤਾਂ ਵੀ ਉਸ ਦੀ ਵਿਚਾਰਧਾਰਾ ਪ੍ਰਗਤੀਸ਼ੀਲ ਸੀ। 1962 ਈ: ਵਿਚ ਛਪੀ ਆਪਣੀ ਕਿਤਾਬ ਕਹਾਣੀਕਾਰ ਸੁਜਾਨ ਸਿੰਘ ਵਿਚ ਮੈਂ ਲਿਖਿਆ ਸੀ, "ਅਮਰੀਕੀ ਵਿਅਕਤੀਗਤ ਪਦਾਰਥਵਾਦੀ ਐਸ਼ਵਰਜ ਦੀ ਰੁਚੀ ਤੋਂ ਪ੍ਰਭਾਵਿਤ ਗੁਰਬਖਸ਼ ਸਿੰਘ ਨੇ ਪਹਿਲੀ ਵਾਰ ਪੰਜਾਬੀ ਮਧ-ਸ਼੍ਰੇਣੀ ਨੂੰ ਨਿਜੀ ਸੰਸਾਰਕ ਐਸ਼ਵਰਜ ਦੀ ਪ੍ਰਵਿਰਤੀ ਪ੍ਰਦਾਨ ਕੀਤੀ। 'ਮੇਰੇ ਖਿਆਲ ਵਿਚ ਗੁਰਬਖਸ਼ ਸਿੰਘ ਦੀ ਪੰਜਾਬੀ ਸਭਿਆਚਾਰ ਨੂੰ ਇਹ ਵੱਡੀ ਦੇਣ ਹੈ ਜਿਸ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦੀ ਨਾਪੀ-ਤੋਲੀ ਪਰਖ ਪੜਤਾਲ ਰਾਹੀਂ ਮਾਰਕਸਵਾਦ ਨੂੰ ਅਖੌਤੀ ਆਚਾਰਵਾਦ ਤੋਂ ਆਜ਼ਾਦ ਕਰਵਾਇਆ ਜਾ ਸਕਦਾ ਹੈ।





## 1. ਨਵੀਨਤਮ/ਗੁਰਨਾਮ ਢਿਲੋਂ

ਹੁੱਕ ਦੇ ਨਾਲ ਲਗਾ ਕੇ ਆਟਾ
ਪੂਰੇ ਜੋਸ਼, ਜ਼ੋਰ ਸੰਗ ਉਸ ਨੇ
ਕੁੰਡੀ ਝੱਟ ਵਗਾਹ ਕੇ ਸਾਗਰ ਦੇ ਵਿੱਚ ਸੁੱਟੀ,
ਆਪ ਸਮੁੰਦਰੀ ਤੱਟ ਤੇ ਬਣੇ ਵਾਧਰੇ ਉੱਤੇ,
ਜੰਗਲੇ ਦੇ ਗੋਡੇ ਮੁੱਢ ਬਹਿ ਕੇ,
ਠੰਡੀ ਬੀਅਰ ਦੇ ਘੁੱਟ ਭਰਦਾ,
ਕੱਜੇ, ਅੱਧ-ਕੱਜੇ, ਨਾ-ਕੱਜੇ,
ਭਰ ਜਿਸਮਾਂ ਦੇ ਪੁਸ਼ਪ ਖਿੜੇ ਤੱਕ,
ਧੰਨ ਧੰਨ ਹੋਇਆ ਸੋਚ ਰਿਹਾ ਸੀ :
ਐਤਵਾਰ ਦੀ ਛੁੱਟੀ ਵਾਲਾ,
ਅੱਜ ਕਿਤਨਾ ਸੋਹਣਾ ਦਿਨ ਚੜ੍ਹਿਆ !
ਸਾਗਰ ਕੰਢੇ ਲਹਿਰ ਬਹਿਰ ਹੈ
ਪਾਣੀ ਵਿੱਚ ਬੇਅੰਤ ਨੇ ਮੱਛੀਆਂ
ਸੂਰਜ ਛਿਪਦੇ ਤੱਕ ਪਕੜਾਂਗਾ।
ਐਪਰ ਆਧੁਨਿਕ ਯੁੱਗ ਦੀਆਂ ਮੱਛੀਆਂ
ਬੇਮੁਹਾਰੀ, ਖੂੰਨੀ ਏਸ ਖੇਡ ਤੋਂ ਸਤੀਆਂ,
ਸਜਰੀ, ਸੁੱਚੀ ਤੇ ਨਵੀਨਤਮ
ਸੋਚ ਦਾ ਕੋਰਾ ਪੱਲੂ ਫੜ ਕੇ,
ਹੋ ਕੇ ਇਕ ਆਵਾਜ਼ ਬੋਲੀਆਂ—
ਵੇਖੋ ਅੜੀਓ !
ਜਿਸ ਦਿਨ ਵੀ ਸੂਰਜ ਦੀਆਂ ਕਿਰਨਾਂ
ਸਾਗਰ ਦੀ ਹਿੱਕ ਉੱਤੇ ਮੇਲਣ,
ਤੇ ਤੱਟ ਉੱਤੇ,
ਆਦਮ ਜਾਤੀ,
ਹਲਕੇ, ਪੀਲੇ, ਗੂੜ੍ਹੇ ਨੀਲੇ, ਜਸ਼ਨ ਮਨਾਵੇ,
ਉਸੇ ਦਿਨੇ ਹਿੰਸਕ,

ਸਾਨੂੰ ਹੀ ਕਿਉਂ,

ਤੱਤੇ ਤੇਲ ਦੀ ਭਰੀ ਕੜਾਹੀ ਦੇ ਵਿਚ ਤਲ ਕੇ
ਭੋਜ-ਮੇਜ਼ ਦਾ ਮਜ਼ੇਦਾਰ ਸ਼ਿੰਗਾਰ ਬਣਾਵੇ
ਛੁਰੀ ਕਾਂਟਿਆਂ ਦੇ ਨਾਲ ਖਾਵੇ ।

## 2. ਗੋਰੀ ਨਦੀ

ਗੋਰੀ ਨਦੀ ਜੋ ਆਦਿ ਕਾਲ ਤੋਂ
ਧਰਤੀ ਦੇ ਕੋਮਲ ਪਿੰਡੇ ਤੇ
ਪੈਰਾਂ ਦੇ ਸੰਗ ਬੰਨ੍ਹ ਝਾਂਜਰਾਂ
ਛਣ ਛਣ ਨਚਦੀ, ਵਗਦੀ ਪਈ ਏ
ਇਸ ਨੇ ਇੰਜ ਹੀ ਵਗਦੀ ਰਹਿਣਾ ।
ਵਾਵਾਂ ਦੇ ਬੁਲਿਆਂ ਸੰਗ ਲੜ ਕੇ
ਝੱਖੜਾਂ ਦਾ ਦਿਲ ਚੀਰ ਚੀਰ ਕੇ
ਇੱਕ ਨਿਰੰਤਰ ਮੋਮਬੱਤੀ ਨੇ
ਰਾਹਾਂ ਦੇ ਵਿੱਚ ਜਗਦੀ ਰਹਿਣਾ ।
ਲੱਖ ਵਾਰੀ ਭਾਵੇਂ ਬੰਨ੍ਹ ਮਾਰੋ
ਪੈਰਾਂ ਦੇ ਵਿੱਚ ਪਾਓ ਸੰਗਲ
ਤੋੜ ਸੁੱਟੇਗੀ ਸਾਰੇ ਬੰਧਨ
ਮਾਰੂਥਲ, ਸ਼ਹਿਰ ਜਾਂ ਜੰਗਲ ।
ਜੇ ਇਹ ਬੰਧਨ ਤੋੜ ਸਕੀ ਨਾ
ਬਦਲ ਲਏਗੀ ਰੰਗ ਢੰਗ ਆਪਣਾ
ਐਪਰ ਸੁਕਦੀ ਵਧੇਗੀ ਅੱਗੇ
ਧ੍ਰਿਗ ਹੈ, ਇਸ ਲਈ ਇੱਕ ਪਲ ਰੁਕਣਾ ।
ਕੰਢਿਆਂ ਉੱਤੇ ਲਹਿ-ਲਹਾਉਂਦੇ
ਮਿੱਠੇ ਕੌੜੇ ਗੀਤ ਸੁਣਾਉਂਦੇ,
ਠੰਡੇ, ਤੱਤੇ ਰੁੱਖ ਨੇ ਜਿਹੜੇ
ਇਹ ਹਨ ਉੱਕਾ ਅੱਜ ਦੇ ਹਾਣੀ
ਦੱਸਣ, ਅੱਜ ਦੀ ਮੂਕ ਕਹਾਣੀ ।
ਰੁੱਤਾਂ ਵਿਚ ਪ੍ਰੀਵਰਤਨ ਆਉਣਾ
ਨਵੀਆਂ ਲਹਿਰਾਂ ਢੋਲ ਵਜਾਉਣਾ
ਏਸ ਨਦੀ ਨਾ ਕਦੇ ਖਲੋਣਾ ।

(ਪੋਰਟਸ ਮਾਊਥ ਯੂ.ਕੇ.)





## ਡਰ/ਅਮਰ ਜਿਉਤੀ

ਡਰ ਕਿਥੇ ਉਗਦਾ ਹੈ
ਸਾਡੇ ਆਲੇ ਦਵਾਲੇ ਵਿਚ ਜਾਂ
ਸਾਡੇ ਜਿਸਮ ਦੀਆਂ
ਬਾਰੀਕ ਨਾੜਾਂ ਵਿਚ
ਡਰ ਕਿਥੇ ਵਸਦਾ ਹੈ
ਲਟਕਦਾ ਹੈ ਆਲੇ ਦਵਾਲੇ ਵਿਚ
ਚਮਗਿੱਦੜ ਬਣਕੇ
ਉੱਗਦਾ ਹੈ ਸਾਡੇ ਦਿਮਾਗ ਦੀਆਂ
ਬਾਰੀਕ ਨਾੜਾਂ ਵਿਚ ।
ਡਰ ਬੰਨ੍ਹ ਲੈਂਦਾ ਹੈ
ਸਾਡੇ ਹੱਥ ਪੈਰ
ਗੂੰਗੀ ਕਰਦਾ ਹੈ
ਸਾਡੀ ਜ਼ਬਾਨ ਤੇ
ਮਨ ਦੇ ਸੁੱਚੇ ਬੋਲ ।
ਡਰ-ਜਿਸ ਕਾਰਨ
ਬੋਲਦੇ ਹਾਂ ਅਸੀਂ
ਥਥਲਾ ਕੇ
ਬੋਲ ਪੂਰਾ ਹੋਣ ਤੋਂ ਪਹਿਲਾਂ
ਲਫਜ਼ ਕੰਬਦੇ 'ਤੇ
ਹਰਫ਼ ਮਰ ਜਾਂਦੇ ਹਨ ।
ਡਰ ਸਾਡੇ ਨਾਲ ਤੁਰਦਾ
ਹਰ ਵੇਲੇ ਸਾਡਾ ਹੀ
ਪ੍ਰਛਾਵਾਂ ਬਣ ਕੇ
ਹਮਰਾਹ ਬਣ ਕੇ ਸਾਡੀ
ਹਰ ਗੱਲ ਸੁਣਦਾ ਤੇ
ਹੁੰਗਾਰਾ ਭਰਦਾ ।
ਡਰ-ਲਹੂ ਵਿਚ ਘਰ ਬਣਾਂਉਂਦਾ
ਦਿਲ ਵਲੋਂ ਆਉ ਦੀਆਂ
ਕੋਮਲ ਸੁਰਾਂ ਨੂੰ

ਕਤਲ ਕਰਦਾ ਪਰ
ਬੇਵਾਕ ਹੋ ਕੇ ਨਾ ਹੱਸਦਾ
ਨਾ ਇਕਬਾਲ ਕਰਦਾ ਸਗੋਂ
ਮੀਸਣਾ ਬਣਕੇ ਚੁੱਪ ਰਹਿੰਦਾ।
ਡਰ-ਰਾਹਾਂ ਵਿਚ
ਖਲੋ ਕੇ ਰਾਹੀਆਂ ਨੂੰ
ਭਟਕਾਉਂਦਾ
ਗਲਤ ਦਿਸ਼ਾ ਵਿਖਾਉਂਦਾ
ਉਂਗਲੀ ਲਾ ਕੇ
ਉਜਾੜ ਖੂਹ ਤੇ
ਲੈ ਜਾਂਦਾ।
ਡਰ-ਹੱਥ ਵਿਚ ਕਸ਼ਕੌਲ ਫੜੀ
ਬੁੱਢਾ ਮੰਗਤਾ ਬਣਕੇ
ਤੁਹਾਡੇ ਦਰ 'ਤੇ ਆਉਂਦਾ
ਕਰੁਣਾ ਦਾ ਪਾਤਰ ਬਣਕੇ
ਮਨਚਾਹੀ ਖੈਰਾਤ
ਲੈ ਜਾਂਦਾ।
ਡਰ-ਰੇਗਿਸਤਾਨਾਂ ਵਿਚ
ਬਬੂਲ ਬਣਕੇ ਉੱਗਦਾ
ਮ੍ਰਿਗ ਤ੍ਰਿਸ਼ਨਾ ਬਣ ਕੇ ਨੱਚਦਾ
ਆਬਸ਼ਾਰ ਬਣਕੇ ਵਗਦਾ
ਜਲ ਤਰੰਗ ਵਜਾਉਂਦਾ
ਗੀਤ ਗਾਉਂਦਾ
ਭੁੱਲੇ ਭਟਕਿਆਂ ਨੂੰ ਭਰਮਾਉਂਦਾ।
ਡਰ-ਸ਼ਾਹਾਂ ਦਾ ਹਮਸ਼ੀਰ
ਫੌਜ ਦੀ ਸ਼ਮਸ਼ੀਰ
ਸਮਿਆਂ ਦਾ ਸਾਥੀ
ਲੁੱਟ ਦਾ ਪਹਿਰੇਦਾਰ
ਜ਼ਾਲਮਾਂ ਨਾਲ ਸੀਰ
ਗੁਲਾਮਾਂ ਦੀ ਤਕਦੀਰ।
ਡਰ-ਵਕਤ ਦਾ ਯਾਰ
ਉਹਨੂੰ ਕੱਢਦਾ ਗਾਲ੍ਹਾਂ



ਜੱਫੀ ਪਾ ਕੇ ਤੁਰਦਾ
ਭ੍ਰਿਗੂ ਬਣਕੇ ਜੰਗਲਾਂ ਵਿਚ ਘੁੰਮਦਾ
ਪੱਤੇ ਪੱਤੇ ਉਤੇ ਲਿਖਦਾ
ਵਕਤ ਦੇ ਸੰਗੀਆਂ ਦੇ ਲੇਖ।
ਡਰ-ਨੂੰ ਲਭਦਾ ਹਰ ਕੋਈ
ਅਵਾਗੌਣ ਭੌਂਦਾ
ਆਲੇ ਦਵਾਲੇ ਤੱਕਦਾ
ਦੂਰ ਤਕ ਜਾਂਦਾ ਤੇ
ਖ਼ੁਦ ਨੂੰ ਡਰ ਦੇ ਜਾਲ ਵਿਚ
ਫਸਿਆ ਪਾਉਂਦਾ।

**(P. Box 14160, 1001 L j Amsterdom, Netherlands)**

## **ਵਾਪਸੀ**/ਕੁਲਵਿੰਦਰ ਖਹਿਰਾ

ਸੁੱਕੇ ਵਣ 'ਚੋਂ
ਚੋਗ ਨੂੰ ਉਡੇ ਪੰਛੀ
ਵਾਪਸ ਆਲ੍ਹਣਿਆਂ ਨੂੰ ਨਹੀਂ ਪਰਤਣਗੇ
ਉਂਝ ਆਪਣੇ ਵਣ ਦੀ ਯਾਦ ਵਿਚ
ਉਹ ਰਾਤ ਦਿਨ ਪਏ ਤੜਫਣਗੇ
ਆਪਣੀ ਭੁੱਖ ਮਿਟਾਉਣ ਤੋਂ ਬਾਅਦ
ਵਾਪਸ ਪਰਤਣ ਦੀ ਸੋਚ ਕੇ ਉਡੇ ਪੰਛੀ
ਇਹ ਨਹੀਂ ਸੀ ਜਾਣਦੇ
ਕਿ ਇਸ ਕਦਰ ਮੋਹ ਲਵੇਗਾ ਉਨ੍ਹਾਂ ਨੂੰ
ਸਬਜ਼ ਬਾਗ ਦਾ ਸੁਖ
ਕਿ ਚਾਹੁੰਦੇ ਹੋਏ ਵੀ ਉਹ
ਪਿੱਤਰਾਂ ਦੇ ਵਣ ਨੂੰ
ਵਾਪਸ ਪਰਤ ਨਹੀਂ ਸਕਣਗੇ
ਸੁੱਕੇ ਵਣ 'ਚੋਂ ਚੋਗ ਨੂੰ ਉਡੇ ਪੰਛੀ
ਇਹ ਨਹੀਂ ਸੀ ਜਾਣਦੇ
ਕਿ ਚੋਗ ਲਈ ਭਰੀ ਉਨ੍ਹਾਂ ਦੀ ਉਡਾਰੀ
ਖ਼ੂਬਸੂਰਤ ਬੂਟਿਆਂ 'ਤੇ!
ਆਲ੍ਹਣੇ ਪਾਉਣ ਦੀ ਲਾਲਸਾ ਵਿਚ ਬਦਲ ਜਾਇਗੀ
ਤੇ ਇਸ ਆਲ੍ਹਣੇ ਲਈ ਤੀਲ੍ਹੇ ਚੁਗਦੇ ਉਹ

ਪਿੱਤਰਾਂ ਦਾ ਵਣ ਤਾਂ ਕੀ
ਭੁੱਲ ਜਾਣਗੇ ਆਪਣਾ ਆਪ ਵੀ
ਸੁੱਕੇ ਵਣ 'ਚੋਂ ਚੋਗ ਨੂੰ ਉਡੇ ਪੰਛੀ
ਇਹ ਨਹੀਂ ਸੀ ਜਾਣਦੇ
ਕਿ ਬਾਗ 'ਚ ਪੈਦਾ ਹੋਏ ਉਨ੍ਹਾਂ ਦੇ ਬੋਟਾਂ ਨੂੰ
ਕਦੀ ਵੀ ਆਪਣਾ ਨਹੀਂ ਜਾਪੇਗਾ
ਉਨ੍ਹਾਂ ਦੇ ਪਿੱਤਰਾਂ ਦਾ ਵਣ
ਤੇ ਬਾਗ ਕਦੀ ਵੀ ਉਨ੍ਹਾਂ ਨੂੰ
ਆਪਣਾ ਨਹੀਂ ਸਮਝੇਗਾ
ਕਿ ਜ਼ਿੰਦਗੀ ਉਨ੍ਹਾਂ ਲਈ
ਬਣ ਜਾਇਗੀ...ਦੋ ਬੇੜੀਆਂ ਦਾ ਸਫਰ
ਸੁੱਕੇ ਵਣ 'ਚੋਂ ਚੋਗ ਨੂੰ ਉਡੇ ਪੰਛੀ
ਝੱਖੜਾਂ ਵਿਚ ਅੱਗ ਦੀ ਭੇਟਾ ਚੜ੍ਹ ਗਏ
ਵਣ ਨੂੰ ਵਾਪਸ ਨਹੀਂ ਪਰਤਣਗੇ
ਕਿਉਂਕਿ
ਬਹੁਤ ਮੁਸ਼ਕਲ ਹੋਇਗਾ ਉਨ੍ਹਾਂ ਲਈ
ਝੁਲਸੇ ਹੋਏ ਖੰਭਾ 'ਚੋਂ
"ਆਪਣਿਆਂ" 'ਤੇ "ਬੇਗਾਨਿਆਂ" ਨੂੰ ਪਰਖਣਾ
ਬਹੁਤ ਭੈਭੀਤ ਕਰੇਗਾ ਉਨ੍ਹਾਂ ਨੂੰ
ਪਰ ਕੱਟੇ, ਬੇ ਵੱਸ ਹੋਏ ਪਰਿੰਦਿਆਂ ਨੂੰ
ਖਾਣ ਦੇ ਆਦੀ ਹੋ ਗਏ
ਦਰਿੰਦਿਆਂ ਦਾ ਡਰ
ਬਹੁਤ ਮੁਸ਼ਕਲ ਲੱਗੇਗਾ ਉਨ੍ਹਾਂ ਨੂੰ
ਫਿਰ ਸੁੱਕੇ ਹੋਏ ਵਣ 'ਚੋਂ
ਆਪਣੇ ਢਿੱਡਾਂ ਨੂੰ ਭਰਨਾ
ਤੇ ਸੁੱਕੇ ਵਣ ਨੂੰ ਆਪਣੇ ਬੋਟਾਂ ਸਾਹਮਣੇ
ਬਾਗ ਤੋਂ ਉਤਮ ਸਿੱਧ ਕਰਨਾ
ਤੇ
ਬੋਟਾਂ ਦੇ ਦਿਲਾਂ ਵਿੱਚ
ਵਣ ਦਾ ਮੋਹ ਭਰਨਾ
ਸੁੱਕੇ ਵਣ 'ਚੋਂ ਚੋਗ ਨੂੰ ਉਡੇ ਪੰਛੀ
ਹੁਣ ਆਲਣਿਆਂ ਨੂੰ ਨਹੀਂ ਪਰਤਣਗੇ ।

(60 Abelard Ave Brampton ONT LGY 2K8 Canada)





## ਆਧੁਨਿਕ ਹੋਣ ਤੋਂ ਪਹਿਲਾਂ ਹੀ ਉੱਤਰ-ਆਧੁਨਿਕਤਾਵਾਦੀ/ਸ਼ੰਭੂ ਨਾਥ

ਦੂਜੀ ਸੰਸਾਰ ਜੰਗ ਦੇ ਦਿਨਾਂ ਵਿਚ ਜੰਗੀ ਜਹਾਜ਼ ਜਿੱਤੇ ਹੋਏ ਸ਼ਹਿਰਾਂ ਵਿਚ ਕਈ ਵਾਰ ਇਹੋ ਜਿਹੇ ਰੰਗ-ਬਰੰਗੇ ਪਰਚੇ ਤੇ ਗੁਬਾਰੇ ਸੁੱਟਦੇ ਸਨ ਜਿਨ੍ਹਾਂ ਉਪਰ ਗੁਲਾਮੀ ਦੇ ਫੁਰਮਾਨ ਲਿਖੇ ਹੁੰਦੇ ਸਨ । ਬੱਚੇ ਜੰਗੀ ਜਹਾਜ਼ਾਂ ਦੀ ਕੰਨ ਪਾੜਵੀਂ ਆਵਾਜ਼ ਤੋਂ ਸਹਿਮ ਜਾਂਦੇ ਸਨ । ਪਰ ਹੌਲੀ-ਹੌਲੀ ਉਹ ਇਸ ਦੇ ਆਦੀ ਹੋ ਗਏ ਅਤੇ ਉਨ੍ਹਾਂ ਨੂੰ ਇਨ੍ਹਾਂ ਪਰਚਿਆਂ ਤੇ ਗੁਬਾਰਿਆਂ ਨਾਲ ਖੇਲ੍ਹਣ ਦਾ ਆਨੰਦ ਆਉਣ ਲੱਗ ਪਿਆ । ਉਹ ਜਹਾਜਾਂ ਦੇ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਗੜਗੜਾਹਟ ਵਿਚ ਹੀ ਗੁਬਾਰਿਆਂ ਵਲ ਦੌੜ ਪੈਂਦੇ ਤੇ ਉਨ੍ਹਾਂ ਨਾਲ ਖੇਲਣ ਲੱਗ ਪੈਂਦੇ । ਸਾਡੇ ਦੇਸ਼ ਦੇ ਬੁੱਧੀਜੀਵੀ ਉਨ੍ਹਾਂ ਬੱਚਿਆਂ ਵਰਗੇ ਹੀ ਭੋਲੇ ਹਨ ਜੋ ਪਿਛਲੇ ਕੁਝ ਸਾਲਾਂ ਤੋਂ ਉਤਰਆਧੁਨਿਕਤਾਵਾਦ ਦੀ ਜਾਦੂ-ਭਰੀ ਵਿਆਖਿਆ ਕਰਨ ਵਿਚ ਰੁੱਝੇ ਹੋਏ ਹਨ । ਪੱਛਮ ਦੀ ਅੰਨ੍ਹੀ ਵਿਚਾਰਕ ਨਕਲ ਪਹਿਲਾਂ ਵੀ ਕਈ ਵਾਰ ਹੋਈ ਹੈ ਪਰੰਤੂ ਇਸ ਵਾਰ ਵਿਦਵਾਨ ਇਸ ਪਾਸਿਉਂ ਅਣਜਾਣ ਹਨ ਕਿ ਉਹ ਇਕ ਸੰਸਾਰ ਪੱਧਰੀ ਗੰਭੀਰ ਸਭਿਆਚਾਰਕ ਸਾਜ਼ਿਸ਼ ਵਿਚ ਸ਼ਾਮਲ ਹਨ । ਰਾਮ ਚੰਦਰ ਸ਼ੁਕਲ ਨੇ ਬਾਹਰੋਂ ਲਿਆਂਦੇ ਜਾ ਰਹੇ ਬੌਧਿਕ ਵਿਚਾਰਾਂ ਉਪਰ ਵਿਅੰਗ ਕਰਦਿਆਂ ਕਿਹਾ ਸੀ ਕਿ ਸਾਡੇ ਬੁੱਧੀਜੀਵੀ ਪੱਛਮ ਦੇ ਮੁਰਝਾਏ ਤੇ ਕੁਝ ਤਰੁੰਡੇ-ਮਰੁੰਡੇ ਹਰੇ ਪੱਤੇ ਇਉਂ ਦਿਖਾਉਂਦੇ ਹਨ ਜਿਵੇਂ ਉਹ ਸਵਰਗੀ-ਦਰਖਤ ਪਾਰਜਾਤ ਦੇ ਪੱਤੇ ਹੋਣ ।

ਸਾਡਾ ਸਮਾਜ ਵਿਚਾਰਧਾਰਾ ਦੇ ਸੰਕਟ ਰਾਹੀਂ ਗੁਜ਼ਰ ਰਿਹਾ ਹੈ । ਇਸਦਾ ਫਾਇਦਾ ਉਠਾ ਕੇ ਆਧੁਨਿਕਤਾ ਤੇ ਉੱਤਰ-ਆਧੁਨਿਕਤਾ ਦੀ ਬਹਿਸ ਦੂਸਰੇ ਸਾਰੇ ਸਵਾਲਾਂ ਨੂੰ ਛੱਡ ਕੇ ਕੇਂਦਰ ਵਿਚ ਆਉਣ ਲਈ ਕਾਹਲੀ ਪੈ ਰਹੀ ਹੈ । ਜਿਵੇਂ ਪਹਿਲਾਂ ਪੁਰਾਤਨਤਾ ਨੂੰ ਪਿਛੜਿਆ ਕਿਹਾ ਜਾਂਦਾ ਸੀ ਉਵੇਂ ਹੀ ਹੁਣ ਆਧੁਨਿਕਤਾ ਨੂੰ ਪਿਛੜਿਆ ਕਿਹਾ ਜਾ ਰਿਹਾ ਹੈ । ਉੱਤਰ-ਆਧੁਨਿਕਤਾਵਾਦ ਕੋਈ ਵਿਚਾਰਧਾਰਾ ਨਹੀਂ ਹੈ । ਇਸ ਉਪਰ ਇਕ ਪਾਸੇ ਇਤਿਹਾਸ-ਵਿਰੋਧੀ ਬਹੁ-ਕੇਂਦਰਵਾਦੀ, ਦਿਸ਼ਾਹੀਣ ਅਤੇ ਅਤਿਯਥਾਰਥਵਾਦੀ ਧਾਰਾਵਾਂ ਕਬਜ਼ਾ ਕਰਨ ਲਈ ਯਤਨਸ਼ੀਲ ਹਨ । ਦੂਜੇ ਪਾਸੇ ਇਤਿਹਾਸ ਦੇ ਅੰਤ ਨੂੰ ਭਰਮ ਕਹਿਣ ਵਾਲੀਆਂ ਰਾਸ਼ਟਰੀ ਘਟ ਗਿਣਤੀਆਂ ਦੀ ਵੱਖਰੀ ਪਹਿਚਾਣ ਲਈ ਲੜ ਰਹੀਆਂ, ਬਹੁਦਿਸ਼ਾਵੀ ਅਤੇ ਵਿਕਾਸਸ਼ੀਲ ਧਾਰਾਵਾਂ ਆਪਣੇ-ਆਪਣੇ ਵਿਗਿਆਨਕ ਸੰਦਾਂ ਨਾਲ ਇਸ ਉਪਰ ਕਬਜ਼ਾ ਚਾਹੁੰਦੀਆਂ ਹਨ । ਇਸ ਕਸ਼ਮਕਸ਼ ਨੇ ਉੱਤਰ-ਆਧੁਨਿਕਤਾਵਾਦ ਨੂੰ ਕਿਸੇ ਸਪੱਸ਼ਟ ਅਤੇ ਸੇਧ-ਸਹਿਤ ਵਿਚਾਰਧਾਰਾ ਦੀ ਥਾਂ ਉੱਤਰ-ਆਧੁਨਿਕਤਾਵਾਦੀ ਜੰਗ ਦੇ ਮੈਦਾਨ ਵਿਚ ਬਦਲ ਦਿੱਤਾ ਹੈ । ਆਧੁਨਿਕਤਾ ਅਨਿਸ਼ਚਿਤ ਤੇ ਪਰਿਵਰਤਨਸ਼ੀਲ ਸੀ । ਉੱਤਰ-ਆਧੁਨਿਕਤਾ ਨੂੰ ਵੀ ਇਉਂ ਹੀ ਵੇਖਣਾ ਚਾਹੀਦਾ ਹੈ । ਕਈ ਬੁੱਧੀਜੀਵੀ ਉੱਤਰ-ਆਧੁਨਿਕਤਾਵਾਦ ਦੀ ਕਿਸੇ ਇਕ ਧਾਰਣਾ ਨੂੰ ਜਾਂ ਕਿਸੇ ਇਕ ਵਰਗ ਦੀਆਂ ਧਾਰਨਾਵਾਂ ਨੂੰ ਉੱਤਰ-ਆਧੁਨਿਕਤਾਵਾਦ ਦਾ ਅੰਤਮ ਰੂਪ ਮੰਨ ਕੇ ਉਨ੍ਹਾਂ ਦੀ ਪੇਸ਼ਕਾਰੀ ਕਰਦੇ ਹਨ । ਜਿਨ੍ਹਾਂ ਧਾਰਨਾਵਾਂ ਨੂੰ ਦੁਬਾਰਾ ਪੇਸ਼ ਕੀਤਾ ਜਾਂਦਾ ਹੈ ਉਹ ਹੀ ਉੱਤਰ-ਆਧੁਨਿਕ ਚਿੰਤਨ ਉਪਰ ਹਾਵੀ ਹਨ । ਲੇਕਿਨ ਕੁਝ ਧਾਰਨਾਵਾਂ ਨੂੰ ਛੱਡਣਾ ਜਾਂ ਘੱਟ ਮਹੱਤਵ ਦੇਣਾ ਅੰਦਰੂਨੀ ਰੁਝਾਨਾਂ ਨੂੰ ਸਪੱਸ਼ਟ ਕਰ ਦਿੰਦਾ ਹੈ । ਉਦਾਹਰਣ ਲਈ ਕੁਝ ਬੁੱਧੀਜੀਵੀ

'ਇਤਿਹਾਸ ਦੇ ਅੰਤ' ਨੂੰ ਉੱਤਰ-ਆਧੁਨਿਕਤਾਵਾਦ ਦਾ ਕੇਂਦਰ ਬਿੰਦੂ ਮੰਨਦੇ ਹਨ। ਪਰ ਪਿਛਲੇ ਦਿਨੀਂ ਬੌਦਰੀਆ ਨੇ ਆਪਣੀ ਨਵੀਂ ਪੁਸਤਕ "ਇਲੂਜ਼ਨ ਆਫ਼ ਦਾ ਏਂਡ" ਵਿਚ ਇਤਿਹਾਸ ਦਾ ਅੰਤ ਨਾ ਕਹਿ ਕੇ ਉਸਦੀ ਇਕ ਰੇਖਾ ਦਾ ਅੰਤ ਕਿਹਾ ਜਦ ਕਿ ਇਤਿਹਾਸ ਬਹੁ-ਰੇਖਾਵਾਂ ਵਿਚ ਚਲਦਾ ਹੈ। ਇਸ ਤਰ੍ਹਾਂ ਇਤਿਹਾਸ ਦੇ ਅੰਤ ਦੀ ਧਾਰਣਾ ਨੂੰ ਸੀਮਤ ਕਰ ਦਿੱਤਾ ਗਿਆ ਹੈ। ਉਚੀ ਤਕਨੀਕ ਅਤੇ ਵਿਕਸਿਤ ਸੰਚਾਰ ਮਾਧਿਅਮਾਂ ਵਾਲੇ ਉੱਤਰ-ਉਦਯੋਗਿਕ ਸ਼ਮਾਜ ਵਿਚ ਜਦੋਂ ਕਿ ਉਪਭੋਗਤਾ-ਵਾਦ ਬੇਰੋਕ ਗਤੀ ਨਾਲ ਵਧ ਰਿਹਾ ਹੈ, ਇਤਿਹਾਸ ਦੀ ਨਿਰੰਤਰਤਾ ਦਾ ਅਨੁਭਵ ਉੱਤਰ ਆਧੁਨਿਕਤਾ ਦੀ ਸਥਿਤੀ ਨੂੰ ਆਖਿਰਕਾਰ ਉਨ੍ਹਾਂ ਨਿਰਾਸਾ-ਜ਼ਨਕ ਨਹੀਂ ਰਹਿਣ ਦਿੰਦਾ, ਜਿਨ੍ਹਾਂ ਕਿ ਪੇਸ਼ ਕੀਤਾ ਜਾਂਦਾ ਹੈ। ਸਮਾਜ ਵਿਚ ਅਜੇ ਵੀ ਸਭ ਤੋਂ ਵੱਡਾ ਸਚ ਹੈ ਗਰੀਬੀ। ਇਕ ਸਿਰੇ ਤੇ ਭਾਵੇਂ ਉੱਤਰ-ਉਦਯੋਗਿਕ ਸਮਾਜ ਹੋਵੇ ਪਰ ਸਭ ਤੋਂ ਵੱਡੇ ਦੂਜੇ ਸਿਰੇ ਤੇ ਇਕ ਪੂਰਵ-ਉਦਯੋਗਿਕ ਸਮਾਜ ਵੀ ਹੈ। ਇਸ ਸਮਾਜ ਦੀਆਂ ਲੋੜਾਂ-ਥੋੜ੍ਹਾਂ ਉਪਭੋਗਤਾਵਾਦ ਦੇ ਮੂੰਹ ਤੇ ਵੱਜਾ ਥੱਪੜ ਹੈ। ਲੋੜਾਂ-ਥੋੜਾਂ ਦਾ ਯਥਾਰਥ ਸਾਰੀਆਂ ਦੀਆਂ ਸਾਰੀਆਂ ਉੱਤਰ-ਆਧੁਨਿਕ ਮਿੱਥਾਂ ਨੂੰ ਖੋਖਲਾ ਸਾਬਤ ਕਰ ਦਿੰਦਾ ਹੈ ਤੇ ਖੋਖਲਾ ਸਾਬਤ ਕਰ ਦਿੰਦਾ ਹੈ ਇਤਿਹਾਸ ਦੇ ਅੰਤ ਬਾਰੇ ਕੀਤੇ ਗਏ ਦਾਅਵਿਆਂ ਨੂੰ ਵੀ।

ਉੱਤਰ-ਉਦਯੋਗਿਕ ਸਮਾਜ, ਉਦਯੋਗਿਕ ਰੂਪ ਵਿਚ ਹੱਦੋਂ ਵੱਧ ਵਿਕਸਿਤ ਬਹੁ-ਰਾਸ਼ਟਰੀ ਪੂੰਜੀ, ਉਚੀ ਤਕਨੀਕ ਅਤੇ ਵਿਕਸਿਤ ਸੰਚਾਰ ਮਾਧਿਅਮਾਂ ਵਾਲਾ ਸਮਾਜ ਹੈ। ਸਵਾਲ ਪੈਦਾ ਹੁੰਦਾ ਹੈ ਕਿ ਉੱਤਰ-ਆਧੁਨਿਕਤਾਵਾਦ ਇਕ ਵਿਚਾਰਕ ਦਖਲ ਅੰਦਾਜ਼ੀ ਹੈ ਜਾਂ ਇਸ ਸਮਾਜ ਦਾ ਸਭਿਆ-ਚਾਰਕ ਨਤੀਜਾ ? ਜੇ ਉੱਤਰ-ਆਧੁਨਿਕਤਾਵਾਦ ਮਕੈਨੀਕਲ ਰੂਪ ਨਾਲ ਉੱਤਰ-ਆਧੁਨਿਕ ਸਮਾਜ ਦੀ ਧਾਰਣਾ ਨਾਲ ਹੀ ਬੱਝਾ ਹੋਇਆ ਹੈ ਅਤੇ ਉਸਦੀ ਉਹੀ ਦਿਸ਼ਾ ਹੈ ਜੋ ਉਤਰ-ਉਦਯੋਗਿਕ ਸਮਾਜ ਦੀ ਤਾਂ ਪਹਿਲਾ ਸਵਾਲ ਇਹ ਪੈਦਾ ਹੋਵੇਗਾ ਕਿ 'ਦਿਸ਼ਾਹੀਣਤਾ ਦੀ ਉਤਰ-ਆਧੁਨਿਕ' ਧਾਰਣਾ ਦਾ ਭਵਿੱਖ ਕੀ ਹੈ ? ਇਧਰ ਉੱਤਰ-ਆਧੁਨਿਕਤਾਵਾਦ ਨੂੰ ਕੁਝ ਸਾਧਾਰਣੀਕਰਣਾਂ ਤਕ ਸੀਮਤ ਕਰਕੇ ਵੇਖਿਆ ਜਾ ਰਿਹਾ ਹੈ। ਜਿਵੇਂ 'ਹਰ ਮਹਾਨਤਾ ਨੂੰ ਵਿਦਾਈ', 'ਆਧੁਨਿਕਤਾ ਦੀ ਆਨੰਦਦਾਇਕ ਗਰੀਬੀ', 'ਬ੍ਰਿਤਾਂਤ ਦਾ ਅੰਤ', 'ਸਭਿਆਚਾਰ ਦਾ ਬਾਜ਼ਾਰੀਕਰਣ' ਆਦਿ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਉੱਤਰ-ਆਧੁਨਿਕਤਾਵਾਦ ਕੋਈ ਪਰਿਪੇਖ ਨਹੀਂ ਸਿਰਫ 'ਇਕ ਜੜ੍ਹ ਦ੍ਰਿਸ਼' ਹੈ। ਉੱਤਰ-ਉਦਯੋਗਿਕ ਸਮਾਜ ਨਾਲ ਉਸਦੀ ਟਕਰਾਹਟ ਨਹੀਂ ਹੈ। ਠੀਕ ਇਸਦੇ ਉਲਟ ਇਨ੍ਹਾਂ ਦਾ ਆਪਸ ਵਿਚ ਮੋਹ ਹੈ ਅਤੇ ਦੋਨੋਂ ਸ੍ਵੈ-ਵਿਸਰਜਨ ਦੇ ਰਾਹ ਤੇ ਪਏ ਹੋਏ ਹਨ। ਉੱਤਰ-ਆਧੁਨਿਕਤਾ-ਵਾਦ ਦੇ ਇਤਿਹਾਸਕ ਵਿਕਾਸ ਨੂੰ ਨਾ ਦੇਖ ਕੇ ਉਸ ਨੂੰ ਕੁਝ ਸੀਮਤ ਅਤੇ ਨਿਸਚਿਤ ਧਾਰਨਾਵਾਂ ਨਾਲ ਬੰਨ ਦੇਣ ਕਰਕੇ ਹੀ ਉਪਰਲੇ ਚਾਲੂ ਕਿਸਮ ਦੇ ਜੁਮਲੇ ਸਾਹਮਣੇ ਆਏ ਹਨ। ਉਤਸ਼ਾਹੀ ਬੁੱਧੀਜੀਵੀਆਂ ਨੇ ਇਹ ਨਹੀਂ ਵੇਖਿਆ ਕਿ ਉੱਤਰ-ਆਧੁਨਿਕਤਾਵਾਦ ਪੱਛਮ ਵਿਚ ਕਿੰਨੇ ਪੜਾਵਾਂ ਵਿਚ ਵਿਕਸਿਤ ਹੋਇਆ ਹੈ ਅਤੇ ਹੁਣ ਉਹ ਕਿਥੇ ਪਹੁੰਚ ਚੁੱਕਾ ਹੈ। ਉਨ੍ਹਾਂ ਨੇ ਇਸਦੇ ਦਾਰਸ਼ਨਿਕ ਵਿਕਾਸ ਨੂੰ ਉਪਭੋਗਤਾਵਾਦ ਦੇ ਸਮਾਜ ਸ਼ਾਸਤਰ ਨਾਲ ਢੱਕ ਦਿੱਤਾ ਅਤੇ ਇਕ ਚਮਕੀਲੀ ਰਲਗੱਡਤਾ (ਹਾਚਪਾਚ) ਭਾਰਤੀ ਮੁਲਾਂਕਣਾਂ ਉਪਰ ਮੜ੍ਹ ਦਿੱਤੀ।

ਇਥੇ ਪੱਛਮੀ ਵਿਕਾਸ ਦੇ ਉੱਤਰ-ਆਧੁਨਿਕਰਾਵਾਦੀ ਪੜਾਵਾਂ ਦਾ ਜ਼ਿਕਰ ਜ਼ਰੂਰੀ ਨਹੀਂ।



ਪਰੰਤੂ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ 'ਆਧੁਨਿਕਤਾ', 'ਆਧੁਨਿਕਤਾਵਾਦ' ਅਤੇ 'ਉੱਤਰ-ਆਧੁਨਿਕਤਾਵਾਦ ਨੂੰ ਕਿਸੇ ਪਰਿਭਾਸ਼ਾ ਵਿਚ ਨਹੀਂ ਬੰਨਿਆ ਜਾ ਸਕਦਾ। ਤਿੰਨਾਂ ਦੇ ਅਰਥ ਬੇਹੱਦ ਵਿਸਤ੍ਰਿਤ ਹੋਣ ਦਾ ਆਭਾਸ ਦਿੰਦੇ ਰਹੇ ਹਨ। 'ਆਧੁਨਿਕਤਾ' ਨੂੰ ਹੀ ਲਉ। ਪਹਿਲਾਂ ਪਹਿਲ ਇਸਨੂੰ ਯੂਰਪ ਵਿਚ ਪੁਰਾਤਨਤਾ ਦੇ ਵਿਰੋਧੀ ਵਰਤਮਾਨਤਾ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਗਿਆ। ਅਠਾਰਵੀਂ ਸਦੀ ਵਿਚ ਜਾ ਕੇ ਇਸਨੂੰ ਤਰਕ ਧਾਰਮਿਕ ਆਸਥਾ ਅਤੇ ਸੁਹਜਸ਼ਾਸਤਰੀ ਮੁਲਾਂਕਣ ਦੇ ਸੰਦਰਭ ਵਿਚ ਇਕ ਨਵਾਂ ਅਰਥ ਮਿਲਿਆ। ਅਗਾਂਹ ਚਲਕੇ ਇਹ ਜੋ ਕੁਝ ਵੀ ਪ੍ਰਚਲਿਤ ਹੈ, ਉਸਦੇ ਵਿਰੋਧ ਦਾ ਦਰਸ਼ਨ ਬਣ ਗਿਆ। ਨਵ-ਜਾਗਰਣ ਕਾਲ ਦੀ ਆਧੁਨਿਕਤਾ ਨੇ ਪੂਰਵ-ਆਧੁਨਿਕ ਸਮਾਜ ਦੀਆਂ ਕਈ ਬਣਾਉਟੀ 'ਸੀਮਾ-ਰੇਖਾਵਾਂ' ਨੂੰ, ਤਰਕ, ਬੁੱਧੀ ਅਤੇ ਅਨੁਭਵ ਦੇ ਜੋਰ ਤੇ ਪਾਰ ਕਰ ਲਿਆ। ਇਹ ਪੂਰਵ-ਆਧੁਨਿਕ ਰੂਪਾਂ ਦਾ ਵਿਖੰਡਨ (ਡੀਕੰਸਟ੍ਰਕਸ਼ਨ) ਸੀ। ਇਕ ਆਧੁਨਿਕਤਾ ਜਦੋਂ ਪ੍ਰਚਲਿਤ ਹੋ ਗਈ ਤਾਂ ਦੂਸਰੀ ਆਧੁਨਿਕਤਾ ਸੀਮਾਵਾਂ ਨੂੰ ਤੋੜ ਕੇ ਨਵੀਂ ਖੋਜ ਕਰਨ ਲਈ ਤੁਰ ਪਈ। ਅੱਜ ਅਸੀਂ ਆਧੁਨਿਕਤਾ ਤੋਂ ਇਕ ਦੂਰੀ ਤੇ ਖੜ੍ਹੇ ਹਾਂ ਅਤੇ ਇਹ ਸਪੱਸ਼ਟ ਦੇਖ ਰਹੇ ਹਾਂ ਕਿ 'ਪ੍ਰਚਲਿਤ' ਆਧੁਨਿਕਤਾ ਤੋਂ 'ਨਵੀਂ ਖੋਜ' ਵਾਲੀ ਆਧੁਨਿਕਤਾ ਇਕ ਲਗਾਤਾਰ ਛਾਲ ਸੀ। ਤੇ ਇਹੀ ਇਸਦੀ ਸਭ ਤੋਂ ਵੱਡੀ ਸ਼ਕਤੀ ਸੀ।

ਪ੍ਰਸਿੱਧ ਇਤਿਹਾਸਕਾਰ ਟਾਇਨਬੀ ਨੇ ਯੂਰਪ ਦੇ ਆਧੁਨਿਕ ਕਾਲ ਦਾ ਆਰੰਭ 15ਵੀਂ ਸਦੀ ਤੋਂ ਮੰਨਿਆ ਸੀ। ਜਦੋਂ ਉਸਦੇ ਹੀ ਸ਼ਬਦਾਂ ਵਿਚ 'ਪ੍ਰਭੁਤਾਸ਼ਾਲੀ ਬੁਰਜੁਆਜ਼ੀ ਹੋਂਦ ਵਿਚ ਆਈ।' ਟਾਇਨਬੀ ਪਹਿਲੀ ਸੰਸਾਰ ਜੰਗ ਦੇ ਸਮੇਂ ਤੋਂ 'ਉਤਰ-ਆਧੁਨਿਕ' ਦਾ ਐਲਾਨ ਕਰਦਾ ਹੈ। ਉਦੋਂ ਤੋਂ ਹੀ ਮੱਧ-ਵਰਗ ਆਪਣੀ 'ਰਚਨਾਤਮਕ ਮਾਨਸਿਕ ਊਰਜਾ' ਗੁਆ ਕੇ ਆਰਾਮਦਾਇਕ, ਅਮੀਰ ਅਤੇ ਸੁਰਖਿਅਤ ਜਿੰਦਗੀ ਜਿਊਣ ਦਾ ਦੀਵਾਨਾ ਹੋ ਗਿਆ। ਰਾਮਵਿਲਾਸ ਸ਼ਰਮਾ ਨੇ ਭਾਰਤੀ ਆਧੁਨਿਕ ਕਾਲ ਦੀ ਸ਼ੁਰੂਆਤ 13ਵੀਂ ਸਦੀ ਤੋਂ ਕਰ ਦਿੱਤੀ ਜਦੋਂ ਕਿ ਜਾਤੀਆਂ ਦਾ ਗਠਨ ਸ਼ੁਰੂ ਹੋਇਆ। ਉਹ ਉਤਰ-ਆਧੁਨਿਕਤਾ ਦੀ ਸ਼ੁਰੂਆਤ ਸ਼ਾਇਦ ਨਵਜਾਗਰਣ ਕਾਲ ਤੋਂ ਕਰਨ। ਵੀਹਵੀਂ ਸਦੀ ਦੇ ਰਾਜਨੀਤਕ ਤੇ ਤਕਨੀਕੀ ਵਿਕਾਸ ਅਧੀਨ ਆਧੁਨਿਕਤਾ ਦੀਆਂ ਕਈ ਧਾਰਾਵਾਂ ਅਤੇ ਵਿਰੋਧੀ ਧਾਰਾਵਾਂ ਚਲੀਆਂ ਹਨ। ਕਲੋਨੀਅਲ ਹਿੱਤਾਂ ਦੀ ਆਧੁਨਿਕਤਾ ਅਤੇ ਜਾਤੀ ਹਿੱਤਾਂ ਵਾਲੀ ਆਧੁਨਿਕਤਾ ਵਿਚਕਾਰ ਲੰਬੇ ਸਮੇਂ ਤਕ ਚਲੀ ਰੱਸਾਕਸ਼ੀ ਤੋਂ ਅਸੀਂ ਅਨਜਾਣ ਨਹੀਂ ਹਾਂ। ਇਹ ਇਕ ਪੁਰਾਣੀ ਕਹਾਣੀ ਹੈ। ਜਿਸ ਉੱਤਰ ਆਧੁਨਿਕਤਾਵਾਦ ਦਾ ਅਜਕਲ ਚਰਚਾ ਹੈ ਉਹ ਸੱਠਵਿਆਂ ਵਿਚ ਆਇਆ। ਨੀਤਸ਼ੇ ਤੋਂ ਪ੍ਰਭਾਵਿਤ ਮਿਸ਼ੇਲ ਫੂਕੋ ਨੇ ਨਵਜਾਗਰਣ ਕਾਲ ਦੇ ਆਧੁਨਿਕ ਆਦਰਸ਼ਾਂ ਨੂੰ ਖ਼ਤਰਨਾਕ ਐਲਾਨਿਆ। ਖਾਸ ਤੌਰ ਸਰਵ-ਵਿਆਪਕਤਾ ਦਾ ਉਸਨੇ ਡੱਟ ਕੇ ਵਿਰੋਧ ਕੀਤਾ। 1784 ਵਿਚ ਕਾਂਟ ਦੁਆਰ ਲਿਖੇ ਲੇਖ 'ਵਟ ਇਜ਼ ਇਨਲਾਈਟਨਮੇਂਟ' ਵਿਚ ਆਤਮ ਨਿਰਭਰਤਾ ਅਤੇ ਨਿੱਜੀ ਆਜ਼ਾਦੀ ਦਾ ਸੰਦੇਸ਼ ਸੀ। ਆਪਣੇ ਯੁੱਗ ਦੇ ਪਰਿਵਰਤਨ ਦੇ ਸੰਦਰਭ ਵਿਚ ਉਸਨੇ ਅੰਧਕਾਰ ਤੋਂ ਛੁਟਕਾਰਾ ਪਾਉਣ ਲਈ ਸਰਵ-ਵਿਆਪਕਤਾ ਦਾ ਦਰਸ਼ਨ ਦਿੱਤਾ। ਫੂਕੋ ਨੇ ਉਸਦਾ ਵਿਰੋਧ ਕੀਤਾ ਅਤੇ 'ਵਿਸ਼ਿਸ਼ਟਤਾ' 'ਅੰਤਰ' ਕ੍ਰਮਹੀਣਤਾ' 'ਇਤਿਹਾਸ ਦਾ ਅੰਤ' 'ਅਨਿਰੰਤਰਤਾ' ਦੀਆਂ ਧਾਰਨਾਵਾਂ ਪੇਸ਼ ਕੀਤੀਆਂ। ਉਸਨੇ 'ਸਮੱਗ੍ਰਤਾ' ਦੀ ਧਾਰਨਾ ਦਾ ਵਿਰੋਧ ਕੀਤਾ। ਧਿਆਨ ਦੇਣ ਦੀ ਲੋੜ ਹੈ ਕਿ ਜਿਨ੍ਹਾਂ ਚੀਜ਼ਾਂ ਨੂੰ ਅਸੀਂ ਉਦੋਂ ਆਧੁਨਿਕਤਾਵਾਦ ਦੇ ਨਾਮ ਨਾਲ ਜਾਣਦੇ ਸਾਂ, ਉਨ੍ਹਾਂ ਨੂੰ ਹੀ ਪੱਛਮ ਦੀ ਆਧੁਨਿਕ ਚਿੰਤਨ ਦੀ ਪਰੰਪਰਾ ਵਿਚ ਉੱਤਰ-

ਆਧੁਨਿਕਤਾ ਜਾਂ ਉੱਤਰ ਆਧੁਨਿਕਤਾਵਾਦ ਕਿਹਾ ਜਾ ਰਿਹਾ ਸੀ ਕਿਉਂਕਿ ਉਥੋਂ ਦੇ ਚਿੰਤਕਾਂ ਲਈ ਆਧੁਨਿਕਤਾ ਤੇ ਆਧੁਨਿਕਤਾਵਾਦ ਨੂੰ ਇਕ ਦਮ ਵੱਖ ਨਹੀਂ ਸਨ ਕਰਦੇ। ਇਸ ਤਰ੍ਹਾਂ ਸੱਠ ਤੋਂ ਬਾਦ ਦੇ ਲੇਖਕ ਪੱਛਮੀ ਦ੍ਰਿਸ਼ਟੀ ਤੋਂ ਉੱਤਰ ਆਧੁਨਿਕਤਾਵਾਦੀ ਹੋਣੇ ਚਾਹੀਦੇ ਹਨ। ਜੇ ਉੱਤਰ-ਆਧੁਨਿਕਤਾਵਾਦ ਏਨਾ ਆਮ ਜਿਹਾ ਮਾਮਲਾ ਹੈ ਤਾਂ ਫਿਰ ਇਹਦਾ ਦੁਬਾਰਾ ਰੌਲਾ ਕਿਉਂ ਪਿਆ ?

ਅੱਸੀ ਦੇ ਦਹਾਕੇ ਵਿਚ ਸੂਚਨਾ ਦੇ ਖੇਤਰ ਵਿਚ ਵਿਸਫੋਟ ਅਤੇ ਨਵੀਂ ਆਰਥਿਕਤਾ ਦੀ ਵਧਦੀ ਲੋਕਪ੍ਰਿਅਤਾ ਨੇ ਉੱਤਰ-ਆਧੁਨਿਕਤਾਵਾਦੀ ਤਰਕਾਂ ਨੂੰ ਨਵੇਂ ਸਿਰਿਉਂ ਖੜੇ ਕਰ ਦਿੱਤਾ। ਪੱਛਮ ਦਾ ਦਰਖ਼ਤ ਲੱਗਣ ਲਈ ਹਿੰਦੀ ਵਿਚ ਪਹਿਲਾਂ ਤੀਹ-ਚਾਲੀ ਸਾਲ ਲਗ ਜਾਂਦੇ ਸਨ। ਨਵੀਂ ਤਰਕ-ਸਜਾਵਟ ਨਾਲ ਉੱਤਰ ਆਧੁਨਿਕਤਾਵਾਦ ਦੇ ਦਰਖ਼ਤ ਨੂੰ ਉੱਗਣ ਲਈ ਲੱਗੇ ਦਸ ਸਾਲ। ਇਹ ਇਸ ਗੱਲ ਦਾ ਸਬੂਤ ਹੈ ਕਿ ਸਾਡੀ ਬੌਧਿਕ ਸੰਵੇਦਨਸ਼ੀਲਤਾ ਪਹਿਲਾਂ ਨਾਲੋਂ ਵਿਕਸਿਤ ਹੋਈ ਹੈ।

ਪੱਛਮੀ ਜਗਤ 1983-84 ਵਿਚ ਹੀ ਉੱਤਰ-ਆਧੁਨਿਕਤਾਵਾਦ ਦੀ ਬਹਿਸ ਵਿਚ ਉਲਝ ਚੁੱਕਾ ਸੀ। ਕਿਉਂਕਿ ਆਧੁਨਿਕਤਾ ਆਪਣੀ ਉੱਚੀ ਤੋਂ ਉੱਚੀ ਹੱਦ ਤਕ ਪਹੁੰਚ ਚੁੱਕੀ ਸੀ ਇਸ ਲਈ ਉੱਤਰ ਆਧੁਨਿਕਤਾਵਾਦ ਆਇਆ। ਇਨਕਲਾਬ ਦੇ ਫੇਲ ਹੋ ਜਾਣ ਅਤੇ ਇਤਿਹਾਸ ਅਤੇ ਕੁਝ ਸਰਵ ਪ੍ਰਵਾਣਿਤ ਸਮਾਜਿਕ ਸਿਧਾਂਤਾਂ ਦੇ ਪ੍ਰਭਾਵਹੀਣ ਨਹੀਂ ਸਗੋਂ ਅਵਿਸ਼ਵਾਸਯੋਗ ਹੋਣ ਕਾਰਣ ਲਿਉਤਾਰ ਦੇ ਸ਼ਬਦਾਂ ਵਿਚ 'ਉੱਤਰ ਆਧੁਨਿਕ ਦਿਸ਼ਾਵਾਂ' ਪੈਦਾ ਹੋਈਆਂ। ਲਿਉਤਾਰ ਸੱਠ ਦੇ ਦਹਾਕੇ ਦੇ ਉੱਤਰ ਆਧੁਨਿਕਤਾਵਾਦ ਨੂੰ ਅੱਸੀ ਦੇ ਦਹਾਕੇ ਵਿਚ ਉਪਭੋਗਤਾਵਾਦ ਅਤੇ ਬਹੁਰਾਸ਼ਟਰੀ ਸਾਮਰਾਜਵਾਦ ਦਾ ਸਭਿਆਚਾਰਕ ਦੁੰਮਛੱਲਾ ਬਣਾ ਦਿੰਦਾ ਹੈ। ਉਪਭੋਗਤਾਵਾਦੀ ਪੂੰਜੀਵਾਦ ਦਾ ਸਭਿਆਚਾਰਕ ਪੁਨਰ ਉਤਪਾਦਨ ਕਰਨ ਵਾਲਾ। ਮਕਾਨਕੀ ਸਮਾਜ-ਸ਼ਾਸਤਰੀਆਂ ਨੇ ਵੀ ਸਭਿਆ-ਚਾਰ ਅਤੇ ਅਰਥ ਵਿਵਸਥਾ ਵਿਚਕਾਰ ਏਨਾ ਮਕੈਨੀਕਲ ਸਬੰਧ ਸਥਾਪਿਤ ਨਹੀਂ ਕੀਤਾ ਸੀ ਜਿਨਾਂ ਉੱਤਰ ਆਧੁਨਿਕਤਾਵਾਦੀਆਂ ਨੇ ਕਰ ਦਿੱਤਾ। ਕੀ ਸਭਿਆਚਾਰ ਅਤੇ ਅਰਥ ਵਿਵਸਥਾ ਦਾ ਅੰਤਰ ਸੰਬੰਧ ਏਨਾ ਮਕੈਨੀਕਲ ਹੋ ਸਕਦਾ ਹੈ ਕਿ ਵਿਸ਼ਵ ਬਾਜ਼ਾਰ ਅਜੇ ਬਣਿਆ ਨਹੀਂ ਕਿ ਸਭਿਆਚਾਰ ਆਪਣੀਆਂ ਸਾਰੀਆਂ ਪਹਿਚਾਣਾਂ ਗੁਆ ਕੇ ਗਲੋਬੇਲਾਈਜ਼ਡ (ਭੂਮੰਡਲੀ) ਹੋ ਜਾਏ ? ਇਥੇ ਇਕ ਹੋਰ ਸਵਾਲ ਉੱਠਦਾ ਹੈ ਕਿ ਜਿਹੜਾ ਉੱਤਰ ਆਧੁਨਿਕਤਾਵਾਦ ਇਤਿਹਾਸ ਦੇ ਅੰਤ ਦਾ ਐਲਾਨ ਕਰਦਾ ਹੈ ਉਸਨੂੰ ਸਭਿਆਚਾਰ ਉਪਰ ਚਰਚਾ ਕਰਨ ਦਾ ਕੀ ਅਧਿਕਾਰ ਹੈ ਜਿਸ ਦਾ ਇਕ ਇਤਿਹਾਸ ਹੁੰਦਾ ਹੈ ? ਇਕ ਹੋਰ ਫ਼ਰਕ ਪਛਾਨਣਯੋਗ ਹੈ ਕਿ ਨਵਜਾਗਰਣ ਕਾਲ ਦੀ ਆਧੁਨਿਕਤਾ ਇਕ ਉਚੇਰੀ ਸੰਸਕ੍ਰਿਤੀ ਪੈਦਾ ਕਰ ਰਹੀ ਸੀ, ਜਦਕਿ ਉੱਤਰ ਆਧੁਨਿਕਤਾਵਾਦ ਇਕ ਨਿਚਲੇ ਪੱਧਰ ਦੀ ਸੰਸਕ੍ਰਿਤੀ ਦੇ ਪਿੱਛੇ ਖੜਾ ਹੈ। ਉਹ ਆਪ ਸੰਸਕ੍ਰਿਤੀ ਦੇ ਪੱਖ ਵਿਚ ਤਰਕ ਬਣਾਉਂਦਾ ਘੁੰਮ ਰਿਹਾ ਹੈ।

ਮੁਸ਼ਕਿਲ ਇਹ ਹੈ ਕਿ ਹਿੰਦੀ ਵਿਚ ਆਧੁਨਿਕਤਾ ਉਪਰ ਰਚਨਾਤਮਕ ਚਿੰਤਨ ਵਿਵਸਥਿਤ ਰੂਪ ਵਿਚ ਸਾਹਮਣੇ ਨਹੀਂ ਆਇਆ। ਇਸ ਲਈ ਲੇਖਕਾਂ ਨੂੰ ਆਧਾਰ ਸਮੱਗਰੀ ਲਈ ਵਿਦੇਸ਼ੀ ਪੁਸਤਕਾਂ ਦਾ ਸਹਾਰਾ ਲੈਣਾ ਪਿਆ। ਇਸ ਕਾਰਣ ਸਾਡੇ ਸਿਰ ਉਪਰ ਉਹ ਕੁਝ ਵੀ ਲੱਦ ਦਿੱਤਾ ਗਿਆ ਜਿਸ ਲਈ ਸਾਡਾ ਸਿਰ ਨਹੀਂ ਸੀ ਬਣਿਆ ਹੋਇਆ। ਆਧੁਨਿਕਤਾ ਉਪਰ ਦੇਸੀ ਰਚਨਾਤ-ਮਕ ਚਿੰਤਨ ਦੀ ਕਮੀ ਦਾ ਇਕ ਕਾਰਣ ਇਹ ਵੀ ਹੈ ਕਿ ਸਾਡੇ ਸਮਾਜ ਵਿਚ ਆਧੁਨਿਕਤਾ ਦੇਰ



ਨਾਲ ਆਈ ਹੋਣ ਕਾਰਣ ਆਮ ਤੌਰ ਤੇ ਇਕ ਦਰਦ, ਯਾਤਨਾ, ਅੰਤਰਦਵੰਦ ਅਤੇ ਹਰਾਸ ਦੇ ਅਨੁਭਵਾਂ ਵਿਚ ਹੀ ਫੈਲੀ ਹੋਈ ਸੀ। ਯਥਾਰਥਵਾਦ ਦਾ ਏਨਾ ਦਬਾਅ ਸੀ ਕਿ ਆਧੁਨਿਕਤਾ ਵਿਚ ਹਮੇਸ਼ਾਂ ਆਧੁਨਿਕਤਾਵਾਦ ਦਿਖਾਈ ਦਿੰਦਾ ਸੀ। ਕਿਸੇ ਨੂੰ ਆਧੁਨਿਕ ਸਿੱਧ ਕਰਨ ਤੋਂ ਜ਼ਿਆਦਾ ਪ੍ਰਸੰਗਿਕ ਸੀ ਪ੍ਰਗਤੀਸ਼ੀਲ ਸਿੱਧ ਕਰਨਾ। ਭਾਰਤੇਂਦੂ, ਮਹਾਵੀਰ ਪ੍ਰਸਾਦ ਦਵੇਦੀ. ਪ੍ਰਸਾਦ ਜਾਂ ਪ੍ਰੇਮ ਚੰਦ ਉਪਰ ਆਧੁਨਿਕਤਾ ਦੇ ਪਿਛੋਕੜ ਵਿਚ ਵਿਚਾਰ ਨਹੀਂ ਸੀ ਹੁੰਦਾ। ਆਮ ਤੌਰ ਤੇ ਸਿਰਫ ਅਗੇਯ. ਨਿਰਮਲ ਵਰਮਾ, ਸ਼੍ਰੀਕਾਂਤ ਵਰਮਾ ਨਵੀਂ ਕਹਾਣੀ-ਅਕਹਾਣੀ ਦੇ ਸੰਦਰਭ ਵਿਚ ਹੀ ਆਧੁ-ਨਿਕਤਾਵਾਦ ਉਪਰ ਵਿਚਾਰ ਹੁੰਦਾ ਸੀ। ਆਲੋਚਕਾਂ ਨੂੰ ਨਵਜਾਗਰਣ ਕਾਲ ਦੀ ਆਧੁਨਿਕਤਾ ਵਿਚ ਆਧੁਨਿਕਤਾ ਦਿਖਾਈ ਨਹੀਂ ਸੀ ਦਿੰਦੀ।

ਮੁਕਤੀਬੋਧ ਨੇ ਨਿਡਰ ਹੋ ਕੇ ਪਹਿਲੀ ਬਾਰ ਆਧੁਨਿਕਤਾ ਦੀ ਵਿਅਕਤੀਗਤ ਤਰਫ਼ਦਾਰੀ ਕੀਤੀ। 'ਅਫਸੋਸ ਦੀ ਗੱਲ ਹੈ ਕਿ ਆਧੁਨਿਕਤਾ ਦੇ ਮੂਲ ਦੇਸ਼ ਯੂਰਪ ਤੇ ਅਮਰੀਕਾ ਮੰਨੇ ਗਏ ਹਨ। ਭਰਿਸ਼ਟਾਚਾਰ, ਅਨਾਚਾਂਰ, ਤੰਗੀ, ਕਲਹ, ਰਾਗ-ਦਵੇਸ਼ ਤੇ ਦਾਅ-ਪੇਚ ਦੇ ਦ੍ਰਿਸ਼ ਸਾਨੂੰ ਹਰ ਥਾਂ ਦਿਖਾਈ ਦਿੰਦੇ ਹਨ। ਪੈਸੇ ਦੀ ਕੀਮਤ ਵਧ ਗਈ ਹੈ, ਆਦਮੀ ਦੀ ਕੀਮਤ ਗਿਰ ਗਈ ਹੈ। ਅਜਿਹੀ ਸਥਿਤੀ ਵਿਚ ਭਾਰਤੀ ਕਵੀ ਦੀ ਕਵਿਤਾ ਵਿਚ ਉਦਾਸੀ, ਅਸਫਲਤਾ, ਗਿਲਾਨੀ, ਝੁੰਝਲਾਹਟ ਦਾ ਚਿਤ੍ਰਣ ਹੋਣਾ ਸੁਭਾਵਿਕ ਹੈ। ਇਸ ਲਈ ਇਸ ਭਾਵਨਾ ਨੂੰ ਯੂਰਪ ਅਮਰੀਕਾ ਤੋਂ ਉਧਾਰ ਲਈ ਹੋਈ ਭਾਵਨਾ ਕਹਿਣਾ ਅਸੰਗਤ ਪ੍ਰਤੀਤ ਹੁੰਦਾ ਹੈ।' ਬਿਨਾਂ ਸ਼ੱਕ ਹਰ ਦੇਸ਼ ਵਿਚ ਆਧੁਨਿਕਤਾ ਬੱਧ ਦੇ ਆਪਣੇ ਜਾਤੀ ਸੰਦਰਭ ਹੋਣਗੇ ਜੋ ਉਸ ਦੇਸ਼ ਵਿਚ ਆਧੁਨਿਕਤਾ ਦੀ ਵਿਆਖਿਆ ਨੂੰ ਵੀ ਪ੍ਰਭਾ-ਵਿਤ ਕਰਨਗੇ। ਇਸ ਤਰ੍ਹਾਂ ਆਧੁਨਿਕਤਾ ਇਕ ਸਰਵ ਵਿਆਪੀ ਮਾਮਲਾ ਹੋਣ ਦੇ ਬਾਵਜੂਦ ਹਰ ਦੇਸ਼ ਵਿਚ ਜਾਤੀ ਵਿਸ਼ੇਸ਼ਤਾ ਦਾ ਮਾਲਿਕ ਹੋਵੇਗਾ। ਉੱਤਰ ਆਧੁਨਿਕਤਾਵਾਦ ਦੇ ਹਮਲੇ ਨੇ ਸਾਡੇ ਲਈ ਆਧੁਨਿਕਤਾ ਦਾ ਅਰਥ ਵਧਾ ਦਿੱਤਾ ਹੈ। ਉਸਦੀ ਦੁਬਾਰਾ ਵਿਆਖਿਆ ਕਰਨ ਦੀ ਲੋੜ ਵੀ ਵਧਾ ਦਿੱਤੀ ਹੈ। ਨਾਲ ਦੀ ਨਾਲ ਨਵਜਾਗਰਣ, ਛਾਇਆਵਾਦ ਅਤੇ ਨਵੀਂ ਕਵਿਤਾ ਤੇ ਨਵੀਂ ਕਹਾਣੀ ਹੀ ਨਹੀਂ ਸੱਠ ਤੋਂ ਬਾਦ ਦੇ ਸਾਹਿਤ ਅਤੇ ਰੂਪਵਾਦ ਦਾ ਲੱਛਣ ਲਾ ਕੇ ਖਾਰਿਜ ਕੀਤੇ ਗਏ ਇਕ ਵੱਡੇ ਸਾਹਿਤ ਭੰਡਾਰ ਦੇ ਦੁਬਾਰਾ ਮੁਲਾਂਕਣ ਦੀ ਜ਼ਰੂਰਤ ਵੀ ਪੈਦਾ ਹੋ ਗਈ ਹੈ। ਆਧੁਨਿਕਤਾ ਅਤੇ ਯਥਾਰਥਵਾਦ ਵਿਚ ਖ਼ਿੱਚੀ ਲਛਮਣ ਰੇਖਾ ਹੁਣ ਵਿਅਰਥ ਹੈ।

ਤੀਸਰੀ ਦੁਨੀਆਂ ਦੇ ਸਮਾਜਾਂ ਵਿਚ ਆਧੁਨਿਕਤਾ ਦੀ ਯੋਜਨਾ ਅਪੂਰਣ ਰਹੀ। ਇਸਦੇ ਬਾਵ-ਜੂਦ ਵੱਖ ਵੱਖ ਜਾਤੀਆਂ ਅਤੇ ਸਮਾਜਾਂ ਲਈ ਆਧੁਨਿਕਤਾ ਨੇ ਰੁਪਾਂਤ੍ਰਣ ਵਿਚ ਕਾਫ਼ੀ ਹਾਂ-ਪੱਖੀ ਭੂਮਿਕਾ ਨਿਭਾਈ। ਇਸਨੂੰ ਸਿਰਫ ਇਸ ਲਈ ਖਾਰਿਜ ਨਹੀਂ ਕੀਤਾ ਜਾ ਸਕਦਾ ਕਿ ਇਹ ਅਪੂਰਣ ਰਹੀ ਜਾਂ ਕਿ ਇਹ ਸੰਸਾਰੀ ਵਰਤਾਰਾ ਹੈ। ਆਧੁਨਿਕਤਾ ਵਿਸ਼ਵ-ਵਿਆਪਕੀ ਮਾਮਲਾ ਹੋਣ ਅਤੇ ਯੂਰਪੀ ਵਿਕਾਸ ਤੋਂ ਪ੍ਰਭਾਵਿਤ ਮਾਮਲਾ ਹੋਣ ਦੇ ਬਾਵਜੂਦ ਸਥਾਨਕ ਖੋਜ ਵੀ ਹੈ। ਭਾਰਤੀ ਨਵ-ਜਾਗਰਣ ਦਾ ਲੰਮਾ ਸੰਘਰਸ਼ ਕੇਵਲ ਆਧੁਨਿਕਤਾ ਲਈ ਹੀ ਨਹੀਂ ਸੀ ਸਗੋਂ ਜਾਤੀ ਦੀ ਘੱਟ ਪਹਿ-ਚਾਣ ਲਈ ਵੀ ਸੀ। ਇਹ ਸੰਘਰਸ਼ ਗੈਰ-ਬਸਤੀਵਾਦੀ ਆਧੁਨਿਕਤਾ ਲਈ ਵੀ ਸੀ। ਇਸ ਪ੍ਰਕ੍ਰਿਆ ਵਿਚ ਭਾਰਤ ਦਾ ਹੀ ਨਹੀਂ ਸਗੋਂ ਬਸਤੀਵਾਦ ਨਾਲ ਜੂਝ ਰਹੇ ਸਾਰੇ 'ਰਾਸ਼ਟਰਾਂ' ਦਾ ਇਕ ਵਿਸ਼ਵ-ਸਭਿਆਚਾਰਕ ਨਕਸ਼ਾ ਬਣਿਆ। ਇਤਿਹਾਸ, ਮਾਨਵੀ ਮੁੱਲ ਅਤੇ ਸੰਵੇਦਨਾ, ਲੋਕਤਾਂਤ੍ਰਿਕ ਅਧਿਕਾਰ, ਸਿੱਖਿਆ ਦਾ ਵਿਵੇਕਵਾਦ, ਧਰਮ ਨਿਰਪੱਖਤਾ ਬਹੁ-ਪੱਧਰੀ ਰਾਸ਼ਟਰੀ ਮੁਕਤੀ ਅਤੇ ਵਿਸ਼ਵ ਮਾਨ-

ਵਤਾਵਾਦ ਦੀਆਂ ਨਵੀਆਂ ਧਾਰਵਾਵਾਂ ਸਾਹਮਣੇ ਆਈਆਂ । ਇਹ ਵੱਖਰੀ ਗੱਲ ਹੈ ਕਿ ਜਾਣੇ ਪਹਿ-ਚਾਣੇ ਕਾਰਨਾਂ ਕਰਕੇ ਇਨ੍ਹਾਂ ਦੇਸ਼ਾਂ ਵਿਚ ਨਵਜਾਗਰਣ ਦਾ ਕੰਮ ਨੇਪਰੇ ਨਹੀਂ ਚੜ੍ਹ ਸਕਿਆ । ਇਸ ਆਧੁਨਿਤਾ ਨੂੰ ਜਾਗੀਰਦਾਰੀ ਅਤੇ ਸਾਮਰਾਜਵਾਦ ਦੇ ਕੱਟੜ ਤੱਤਾਂ ਦਾ ਸਾਹਮਣਾ ਕਰਨਾ ਪਿਆ ।

ਉੱਤਰ-ਆਧੁਨਿਕਤਾਵਾਦ ਨਵਜਾਗਰਣ ਦੀ ਆਧੁਨਿਕਤਾ ਦਾ ਵਿਰੋਧੀ ਹੈ । ਸਵਾਲ ਪੈਦਾ ਹੁੰਦਾ ਹੈ ਕਿ ਨਵਜਾਗਰਣ ਦੀ ਆਧੁਨਿਕਤਾ ਵਿਚ ਸਭ ਕੁਝ ਬੁਰਾ ਹੀ ਬੁਰਾ ਅਤੇ ਅਤਾਰਕਿਕ ਹੀ ਅਤਾਰਕਿਕ ਸੀ ? ਕੀ ਉਸਦੀ, ਜੜ੍ਹ ਪੂਰਵ-ਆਧੁਨਿਕ ਰੂਪਾਂ ਦੀ ਡੀਕੰਸਟਰਕਸ਼ਨ ਇਸ ਲਈ ਦੋਸ਼-ਪੂਰਣ ਸੀ ਕਿ ਉਸ ਪਿੱਛੇ ਰੀਕੰਸਟਰਕਸ਼ਨ ਦੀ ਚੇਤਨਾ ਸੀ ? ਨਵਜਾਗਰਣ ਕੋਈ ਸਿੱਧੀ ਰੇਖਾ ਵਿਚ ਹੋਣ ਵਾਲਾ ਨਵਜਾਗਰਣ ਨਹੀਂ ਸੀ । ਇਸਦੀਆਂ ਕਈ ਦਿਸ਼ਾਵਾਂ ਸਨ, ਜਿਨ੍ਹਾਂ ਨੂੰ ਸਾਮਰਾਜ ਵਿਰੋਧੀ ਲੜਾਈ ਨੇ ਇਕ ਸੂਤਰ ਵਿਚ ਜੋੜ ਦਿੱਤਾ । ਇਹ ਇਕ ਵਿਆਪਕ ਮਾਨਵਤਾਵਾਦੀ ਜਾਗਰਣ ਸੀ । ਉੱਤਰ-ਆਧੁਨਿਕਤਾਵਾਦੀ ਚਿੰਤਕਾਂ ਵਿਚ ਸਿਰਕੱਢ ਹੈਬਰਮਾਸ ਨੇ ਫੂਕੋ ਨੂੰ ਵਿਵੇਕਵਾਦ ਵਿਰੋਧੀ ਗਰਦਾਨਦੇ ਹੋਏ ਕਿਹਾ ਕਿ ਅਸੀਂ ਤਾਂ ਹੀ ਵਰਤਮਾਨ ਨੂੰ ਜੀਵਨ ਦੇ ਸਕਾਂਗੇ ਜੇਕਰ ਨਵਜਾਗਰਣ ਦੇ ਬੌਧਿਕ ਸੰਦਾਂ ਨੂੰ ਵਿਕਸਿਤ ਕਰੀਏ । ਤਾਂ ਹੀ ਅਸੀਂ ਭਟਕਾਅ ਦੀ ਸਥਿਤੀ ਤੋਂ ਨਿਕਲ ਕੇ ਸਹੀ ਰਸਤੇ ਤੇ ਆ ਸਕਾਂਗੇ । ਉਸਦੇ ਸਬਦਾਂ ਵਿਚ 'ਆਧੁਨਿਕਤਾ ਦੀ ਯੋਜਨਾ ਪੂਰੀ ਨਹੀਂ ਹੋ ਸਕੀ, ਅਧੂਰੀ ਪਈ ਹੈ ।' ਹੈਬਰਮਾਸ ਨੇ ਦੋਸ਼ ਲਾਇਆ ਕਿ ਫੂਕੋ ਹੀ ਨਹੀਂ ਬਾਡੀਲਾਰਡ, ਲਯੋਤਾਰ, ਡਿਲਊਜ਼ ਅਤੇ ਕਈ ਦੂਸਰੇ ਚਿੰਤਕਾਂ ਨੇ ਨਵਜਾਗਰਣ ਕਾਲ ਦੀ 'ਉਸ ਆਧੁਨਿਕਤਾ ਨੂੰ ਕੁਚਲਕੇ ਰੱਖ ਦਿੱਤਾ ਜਿਹੜੀ ਖ਼ੁਦ ਇਕ ਸ਼ਕਤੀਸ਼ਾਲੀ ਵਿਰੋਧ-ਅਭਿਵਿਅਕਤੀ ਸੀ ।' ਅਸੀਂ ਲਗਾਤਾਰ ਕਹਿੰਦੇ ਰਹੇ ਹਾਂ ਕਿ ਭਾਰਤੀ ਨਵਜਾਗਰਣ ਅਧੂਰਾ ਸੀ । ਹਿੰਦੀ ਸਮਾਜ ਵਿਚ ਉਹ ਲਗਭਗ ਆਇਆ ਹੀ ਨਹੀਂ । [ਪੰਜਾਬੀ ਸਮਾਜ ਵਿਚ ਵੀ ਇਹੀ ਸਥਿਤੀ ਹੈ-ਅਨੁਵਾਦਕ]

ਉੱਤਰ-ਆਧੁਨਿਕਤਾਵਾਦ ਆਧੁਨਿਕਤਾ ਦਾ ਵਿਕਾਸ ਨਹੀਂ, ਉਸ ਤੋਂ ਦੂਰ ਜਾਣਾ ਹੈ । ਇਹ ਨਵਜਾਗਰਣ ਦੇ ਵਿਵੇਕਵਾਦ ਦੀ ਆਲੋਚਨਾ ਦੇ ਰੂਪ ਵਿਚ ਸਾਹਮਣੇ ਆਇਆ । ਨਵਜਾਗਰਣ ਨੇ ਇਹ ਸੰਦੇਸ਼ ਦਿੱਤਾ ਸੀ ਕਿ ਵਿਅਕਤੀ ਨੂੰ ਕਿਸੇ ਦੂਸਰੀ ਸੱਤਾ ਉਪਰ ਨਿਰਭਰ ਨਹੀਂ ਰਹਿਣਾ ਚਾਹੀਦਾ । ਉਸਨੂੰ ਆਪਣੀ ਤਰਕਬੁੱਧੀ ਨਾਲ ਵਿਚਾਰ ਕਰਕੇ ਆਤਮ-ਨਿਰਭਰ ਹੋਣਾ ਚਾਹੀਦਾ ਹੈ ਅਤੇ ਸੰਦੇਹਵਾਦੀ ਵੀ । ਇਸ ਵਿਚ ਉੱਤਰ-ਆਧੁਨਿਕਤਾਵਾਦ ਨੂੰ ਵਿਵੇਕਵਾਦ, ਇਤਿਹਾਸ ਦੀ ਨਿਰੰਤਰਤਾ ਅਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਜੁਰਮ ਦਿਖਾਈ ਦਿੱਤੇ । ਉੱਤਰ-ਆਧੁਨਿਕਤਾ-ਵਾਦੀ ਚਿੰਤਨ ਵਿਚ, ਸਾਡੇ ਜੜ੍ਹ-ਰਹਿਤ ਬੁੱਧੀਜੀਵੀ ਹੈਬਰਮਾਸ ਦੀ ਵਿਚਾਰਕ ਅੰਤਰਧਾਰਾ ਨੂੰ ਸਾਹ-ਮਣੇ ਨਹੀਂ ਲਿਆਉਂਦੇ । ਅਸੀਂ ਜਾਣਦੇ ਹਾਂ ਕਿ ਅਗੇਯ ਅਤੇ ਨਿਰਮਲ ਵਰਮਾ ਲਈ ਵੀ ਨਵ-ਜਾਗਰਣ ਦੀ ਕੋਈ ਮਹੱਤਤਾ ਨਹੀਂ ਸੀ । ਆਧੁਨਿਕਤਾਵਾਦ ਇਤਿਹਾਸ ਦਾ ਅੰਤ ਕਰਕੇ 'ਛਿਣ ਦੇ ਤਤਕਾਲੀ ਅਨੁਭਵ ਦੀ ਵਿਸੇਸ਼ਤਾ ਦਰਸਾਉਣ ਵਿਚ ਲੱਗਾ ਹੋਇਆ ਸੀ । ਨਿਰਮਲ ਵਰਮਾ ਇਤਿ-ਹਾਸ ਤੋਂ ਹੱਟ ਕੇ ਮਿੱਥਾਂ ਵਿਚ ਜਾਣ ਲਈ ਉਤਾਵਲੇ ਹੋ ਗਏ । ਕਿਉਂਕਿ ਇਤਿਹਾਸ ਉਨ੍ਹਾਂ ਨੂੰ ਡਰਾਉਣਾ ਲੱਗਦਾ ਸੀ । "ਅਸੀਂ ਸੰਸਾਰ ਦੇ ਗਵਾਹ ਹੋਣ ਦਾ ਦੰਭ ਕਰਦੇ ਹਾਂ । ਅਸੀਂ ਤਾਂ ਆਪ ਇਤਿਹਾਸ ਤੋਂ ਡਰੇ ਹੋਏ ਹਾਂ । ਇਕ ਡਰੇ ਹੋਏ ਦੀ ਗਵਾਹੀ ਦਾ ਕੀ ਅਰਥ ? ਉਹ ਨਾ ਇਤਿਹਾਸ ਰਚ ਸਕਦਾ ਹੈ ਤੇ ਨਾ ਇਤਿਹਾਸ ਤੋਂ ਪਾਰ ਜਾ ਸਕਦਾ ਹੈ, ਜਿਸ ਤੋਂ ਕਵਿਤਾ ਜਨਮ ਲੈਂਦੀ ਹੈ ।" ਉਨ੍ਹਾਂ ਨੂੰ ਮਿੱਥਾਂ ਵਿਚ ਰੌਸ਼ਨੀ ਅਤੇ ਇਤਿਹਾਸ ਵਿਚ ਸਿਰਫ ਹਨੇਰਾ ਹੀ ਹਨੇਰਾ ਦਿਖਾਈ ਦਿੰਦਾ ਹੈ ।



ਇਸੇ ਹਨੇਰੇ ਦੀ ਚੀਖ ਸੀ ਉਨ੍ਹਾਂ ਦਾ ਸਾਹਿਤ । ਇਤਿਹਾਸ ਵਿਚ ਜਿਉਂਦਿਆਂ ਹੋਇਆਂ ਵੀ ਇਤਿਹਾਸ ਦੇ ਬਾਰੇ ਅਜਿਹੇ ਵਿਚਾਰ ਰੱਖਣ ਵਾਲਿਆਂ ਨੂੰ ਨਵਜਾਗਰਣ ਅਤੇ ਰਾਸ਼ਟਰੀ ਮੁਕਤੀ ਅੰਦੋਲਨ ਦੇ ਆਦਰਸ਼ਾਂ ਦੇ ਵਿਕਾਸ ਵਿਚ ਭਲਾ ਕੀ ਰੁਚੀ ਹੋ ਸਕਦੀ ਸੀ ?

ਨਵਜਾਗਰਣ ਤੋਂ ਲੈ ਕੇ ਛਾਇਆਵਾਦ ਅਤੇ ਪ੍ਰਗਤੀਸ਼ੀਲ ਅੰਦੋਲਨਾਂ ਤਕ ਸੁਹਜ-ਚੇਤਨਾ, ਮੁੱਲਾਂ ਦੀ ਚੇਤਨਾ ਅਤੇ ਅੰਤਰ ਦ੍ਰਿਸ਼ਟੀ ਦੀ ਪੱਧਰ ਤੇ ਆਧੁਨਿਕਤਾ ਦਾ ਆਗ੍ਰਹਿ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਸੀ । ਆਧੁਨਿਕਤਾ ਇਕ ਸੁਹਜਾਤਮਕ ਅਤੇ ਕਦਰਾਂ-ਕੀਮਤਾਂ ਨਾਲ ਜੁੜੀ ਧਾਰਣਾ ਸੀ । ਪਤਨਸ਼ੀਲ ਪੂੰਜੀਵਾਦੀ ਸਭਿਅਤਾ ਨੇ ਆਧੁਨਿਕਤਾ ਦੀ ਧਾਰਣਾ ਨੂੰ ਕੇਵਲ ਜੀਵਨ ਸ਼ੈਲੀ ਤਕ ਸੀਮਤ ਕਰ ਦਿੱਤਾ । ਇਸਨੂੰ ਵਿਹਾਰਕ ਆਧੁਨਿਕਤਾ ਵਿਚ ਬਦਲ ਦਿੱਤਾ । 'ਹਾਇ-ਹੈਲੋ' ਕਰਨ ਵਾਲਾ ਖੂਹ ਦਾ ਡੱਡੂ ਵੀ ਆਧੁਨਿਕ ਮੰਨਿਆ ਜਾਣ ਲੱਗਾ । ਆਧੁਨਿਕਤਾ ਦਾ ਵਿਹਾਰਕ ਸੰਦਰਭ ਹੋ ਗਿਆ ਮਹਿਜ ਫੈਸ਼ਨ ਜਾਂ ਡਿਜ਼ਾਇਨ । ਆਧੁਨਿਕਤਾ ਦਾ ਮੁੱਖ ਤੱਤ ਵਿਅਕਤੀ ਸੁਤੰਤਰਤਾ ਸੀ ਜੋ ਅੰਦਰੂਨੀ ਵਿਅਕਤੀ-ਸੁਤੰਤਰਤਾ ਤੱਕ ਫੈਲੀ ਹੋਈ ਸੀ । ਇਹ ਕਲਾ-ਸਾਹਿਤ-ਸਭਿਆਚਾਰ ਦੇ ਖੇਤਰ ਵਿਚ ਹੀ ਨਹੀਂ ਵਿਗਿਆਨ ਦੇ ਖੇਤਰ ਵਿਚ ਵੀ ਅਣਗਿਣਤ ਅਨੋਖੇ ਪ੍ਰਯੋਗਾਂ ਤੇ ਕਾਢਾਂ ਦਾ ਮਾਧਿਅਮ ਸੀ । ਪਰ ਹੌਲੀ ਹੌਲੀ ਇਹ ਵਿਅਕਤੀਵਾਦ ਵਿਚ ਬਦਲਣ ਲੱਗੀ । ਆਧੁਨਿਕੀਕਰਣ ਦੇ ਵਿਸਤਾਰ ਨਾਲ ਤਿੱਖੇ ਰੂਪ ਵਿਚ ਵਿਅਕਤੀ ਦਾ ਸੰਸਥਾਨੀਕਰਣ ਹੋਣ ਲੱਗਾ । ਹੁਣ ਉਹ ਸੁਤੰਤਰ ਸੋਚ ਦਾ ਮਾਲਕ ਨਹੀਂ ਰਹਿ ਗਿਆ । ਅੱਜ ਦੀਆਂ ਵਿਗਿਆਨਕ ਤੇ ਤਕਨੀਕੀ ਕਾਢਾਂ ਵਿਅਕਤੀ ਦੀ ਮਰਜ਼ੀ ਤੇ ਸਾਧਨਾਂ ਨਾਲ ਨਹੀਂ, ਸਗੋਂ ਕੰਪਨੀ ਦੀ ਮਰਜ਼ੀ ਤੇ ਸਾਧਨਾਂ ਨਾਲ ਸਿਰੇ ਚੜ੍ਹਦੀਆਂ ਹਨ । ਹੁਣ ਉਸ ਤਰ੍ਹਾਂ ਕਾਢਾਂ ਨਹੀਂ ਕੱਢਦੀਆਂ ਜਿਵੇਂ ਕਿ ਗ੍ਰਾਹਮਵੈੱਲ ਨੇ ਟੈਲੀ-ਫੂਨ ਦੀ ਕਾਢ ਕੱਢੀ ਸੀ । ਵਿਅਕਤੀ ਸੁਤੰਤਰ ਸੋਚ ਦਾ ਮਾਲਕ ਨਾ ਰਿਹਾ ਇਸ ਲਈ ਉਸਦੇ ਅਨੁਭਵ ਅਤੇ ਵਿਹਾਰ ਬੌਧਿਕ-ਵਿਵੇਕ ਤੋਂ ਤਲਾਕੇ ਗਏ । ਆਪਣੀ ਉੱਤਰ-ਆਧੁਨਿਕ ਮਨੋਦਸ਼ਾ ਮਨੁੱਖ ਵਰਤਮਾਨਵਾਦੀ, ਕਦਰਾਂ-ਕੀਮਤਾਂ ਤੋਂ ਵਿਮੁੱਖ ਅਤੇ ਕਾਮੁਕ ਹੁੰਦਾ ਗਿਆ । ਉੱਤਰ-ਆਧੁ-ਨਿਕਤਾ ਨੇ ਅਜਿਹੇ ਹੀ ਦਬਾ ਪੈਦਾ ਕੀਤੇ । ਆਧੁਨਿਕਤਾ ਨੂੰ ਅਗਾਂਹ ਲਿਜਾਣ ਵਾਲਾ ਪੁਰਾਣਾ ਉੱਠ ਰਿਹਾ ਵਿਕਾਸਸ਼ੀਲ ਮੱਧ ਵਰਗ ਸੀ ਜਦਕਿ ਉੱਤਰ-ਆਧੁਨਿਕਤਾ ਨੂੰ ਅਗਾਂਹ ਲਿਜਾ ਰਿਹਾ ਹੈ, ਗਲਤ ਢੰਗਾਂ ਤਰੀਕਿਆਂ ਨਾਲ ਵਧਦਾ-ਫੈਲਦਾ ਨਵੇਂ ਧੰਨ-ਕੁਬੇਰਾਂ ਦਾ ਉਪਭੋਗਤਾਵਾਦੀ ਸਮਾਜ । ਉੱਤਰ ਆਧੁਨਿਕਤਾ, ਆਧੁਨਿਕਤਾ ਦੇ ਉਲਟ ਹੈ, ਇਕ ਤਰ੍ਹਾਂ ਦਾ ਆਤਮ-ਵਿਸਰਜਕ ।

ਕੀ ਆਧੁਨਿਕਤਾ ਤੋਂ ਉੱਤਰ-ਆਧੁਨਿਕਤਾ ਵਲ ਪ੍ਰਸਥਾਨ ਕਰਨ ਦਾ ਕੋਈ ਨਿਸ਼ਚਿਤ ਬਿੰਦੂ ਲੱਭਿਆ ਜਾ ਸਕਦਾ ਹੈ ? ਇਸ ਸਵਾਲ ਨਾਲ ਟਕਰਾਉਂਦਿਆਂ ਉੱਤਰ-ਆਧੁਨਿਕਤਾਵਾਦੀ ਚਿੰਤਨ ਦੀ ਵਿਡੰਬਨਾ ਸਿਖਰ ਨੂੰ ਪਹੁੰਚ ਜਾਂਦੀ ਹੈ । ਉੱਤਰ-ਆਧੁਨਿਕਤਾ ਉੱਪਰ ਕੁਝ ਇਸ ਤਰ੍ਹਾਂ ਚਰਚਾ ਹੋਈ ਹੈ ਕਿ ਜਿਵੇਂ ਇਹ ਅੱਜ ਦੀ ਟੈਕਨਾਲੋਜੀ, ਸੂਚਨਾ ਮਾਧਿਅਮਾਂ ਦੀ ਕ੍ਰਾਂਤੀ ਅਤੇ ਕਿਸੇ ਵਿਸ਼ਾਲ ਅੰਦਰੂਨੀ ਵਿਸਫੋਟ ਦੀ ਦੇਣ ਹੋਵੇ । ਲੱਗਦਾ ਹੈ ਜਿਵੇਂ ਹੁਣ ਆਕੇ ਇਤਿਹਾਸ ਤੇ ਕਥਾ ਦੇ ਅੰਤ ਦਾ ਐਲਾਨ ਹੋਇਆ ਹੋਵੇ ਤੇ ਜਿਵੇਂ ਸਰਵਵਿਆਪਕਤਾ ਨੂੰ ਹੁਣ ਆ ਕੇ ਚੁਨੌਤੀ ਮਿਲੀ ਹੋਵੇ । ਜਿਵੇਂ ਸਾਮਰਾਜਵਾਦ ਦੀ ਪਹਿਲਾਂ ਕੋਈ ਬੌਧਿਕ ਘੁਸਪੈਠ ਨਾ ਹੋਵੇ ਅਤੇ ਹੁਣ ਆਕੇ ਉਸਨੇ ਆਰਥਿਕ ਤੇ ਬੌਧਿਕ ਦਾ ਫਰਕ ਮਿਟਾ ਦਿੱਤਾ ਹੋਵੇ, ਜਿਵੇਂ ਕੀਤੀਆਂ ਜਾ ਰਹੀਆਂ ਵਿਆਖਿਆਵਾਂ ਹੁਣ ਜਾ ਕੇ ਭਾਸ਼ਾ

ਦਾ ਖੇਲ ਬਣੀਆਂ ਹੋਣ । ਸਮੁੱਚਤਾ ਨੂੰ ਵਿਖੰਡਨਵਾਦ (Deconstruction) ਦੀ ਚੁਨੌਤੀ ਜਿਵੇਂ ਹੁਣੇ ਜਿਹੇ ਮਿਲੀ ਹੋਵੇ ਤੇ ਜਿਵੇਂ ਅਨੇਕ-ਅਰਥਾਂ ਦੀ ਧਾਰਨਾ ਹੁਣ ਜਾ ਕੇ ਹੋਂਦ ਵਿਚ ਆਈ ਹੋਵੇ ।

ਉੱਤਰ-ਆਧੁਨਿਕਤਾਵਾਦੀ ਚਿੰਤਨ ਨੂੰ ਹਿੰਦੀ ਵਿਚ ਦੁਬਾਰਾ ਪੇਸ਼ ਕਰਨ ਵਾਲਿਆਂ ਨੂੰ ਈਮਾਨਦਾਰੀ ਨਾਲ ਇਹ ਦੱਸਣਾ ਚਾਹੀਦਾ ਸੀ ਕਿ ਉਹ ਕੋਈ ਨਵੀਂ ਗੱਲ ਨਹੀਂ ਕਰ ਰਹੇ ਹਨ । ਇਹ ਸਾਰੀਆਂ ਧਾਰਨਾਵਾਂ ਸੱਠਵਿਆਂ ਤੋਂ ਬਾਦ ਦੇ ਆਧੁਨਿਕਤਾਵਾਦੀ ਸਾਹਿਤ ਵਿਚ ਪ੍ਰਚਲਿਤ ਸਨ । ਉਹ ਵੱਧ ਤੋਂ ਵੱਧ ਇਹ ਦਾਅਵਾ ਕਰਦੇ ਕਿ ਭੂ-ਮੰਡਲੀਕਰਣ (Globalisation) ਅਤੇ ਸੂਚਨਾ-ਮਾਧਿਅਮਾਂ ਦੀ ਕ੍ਰਾਂਤੀ ਨੇ ਆਧੁਨਿਕਤਾਵਾਦ ਨੂੰ ਸਿਖਰ ਤੇ ਪਹੁੰਚਾ ਦਿੱਤਾ ਹੈ । ਫਿਰ ਵੀ ਕੀ ਉਹ ਸਾਹਿਤ ਦੇ ਉਦਾਹਰਣ ਦੇ ਕੇ ਇਹ ਸਾਬਿਤ ਕਰ ਸਕਣਗੇ ਕਿ ਹੁਣ ਉੱਤਰ-ਆਧੁਨਿਕਤਾਵਾਦ ਹੀ ਸਿਰਕੱਢ ਵਿਚਾਰਧਾਰਾ ਹੈ ? ਕੀ ਬੁੜ, ਅਨਿਆਂ ਅਤੇ ਗਰੀਬੀ ਤੋਂ ਆਤੰਕਿਤ ਨਵੇਂ ਆਜ਼ਾਦ ਦੇਸ਼ਾਂ ਵਿਚ ਉੱਤਰ-ਆਧੁਨਿਕਤਾਵਾਦ ਪ੍ਰਮੁੱਖ ਸਾਹਿਤਕ ਵਿਚਾਰਧਾਰਾ ਕਦੇ ਬਣ ਵੀ ਸਕੇਗਾ ?

ਸਾਡੇ ਦੇਸ਼ ਵਿਚ ਸੱਠ ਤੋਂ ਬਾਦ ਦੀ ਆਧੁਨਿਕਤਾ ਪੱਛਮੀ ਤੱਤਾਂ ਤੋਂ ਕਾਫ਼ੀ ਸਹਿਮੀ ਹੋਈ ਸੀ । ਫਿਰ ਵੀ ਸੱਠ ਤੇ ਸੱਤਰ ਦੇ ਦਹਾਕੇ ਦੇ ਜੇ ਸਮੁੱਚੇ ਸਾਹਿਤ ਨੂੰ ਧਿਆਨ ਵਿਚ ਰੱਖੀਏ ਤਾਂ ਉਸ ਵਿਚ ਇਤਿਹਾਸ ਅਤੇ ਪਰੰਪਰਾਗਤ ਸਮਾਜਿਕ ਸੰਬੰਧਾਂ ਦੇ ਨਿਖੇਧ ਦੇ ਬਾਵਜੂਦ ਬਹੁਤ ਕੁਝ ਅਜਿਹਾ ਹੈ ਜੋ ਤਿਆਗਣਯੋਗ ਨਹੀਂ ਹੈ । ਉਹ ਸਭ ਕੁਝ ਆਧੁਨਿਕਤਾ ਦਾ ਹੀ ਇਕ ਨਵਾਂ ਅਨੁਭਵ ਹੈ । ਉਸਦਾ ਅੰਗ ਹੈ । ਕੀ ਅਸੀਂ ਨਵੀਂ ਕਹਾਣੀ ਨੂੰ ਉੱਤਰ ਆਧੁਨਿਕਤਾ ਕਹਾਂਗੇ ? ਨਵੀਂ ਕਹਾਣੀ, ਨਵੀਂ ਕਵਿਤਾ, ਨਵੇਂ ਨਾਟਕ ਆਦਿ ਵਿਚ ਉਹ ਸਾਰੇ ਲੱਛਣ ਮੌਜੂਦ ਹਨ ਜੋ ਅੱਜ ਉੱਤਰ-ਆਧੁਨਿਕਤਾ ਦੇ ਨਾਂ ਤੇ ਗਿਣਾਏ ਜਾ ਰਹੇ ਹਨ । ਫਿਰ ਵੀ ਉਨ੍ਹਾਂ ਵਿਚ ਆਪਣੇ ਦੌਰ ਦਾ ਆਧੁਨਿਕਤਾਵਾਦ ਹੈ, ਜੋ ਆਧੁਨਿਕਤਾ ਤੋਂ ਪੂਰੀ ਤਰ੍ਹਾਂ ਵੱਖ ਨਹੀਂ ਹੋਇਆ ਹੈ । ਇਹ ਆਧੁਨਿਕਤਾ ਦਾ ਹੀ ਇਕ ਰੂਪਭੇਦ ਹੈ । ਤਾਂ ਹੀ ਉਨ੍ਹਾਂ ਰਚਨਾਵਾਂ ਵਿਚ ਇਕੱਲਪੁਣਾ, ਬੇਚਾਰਗੀ, ਦਵੰਦ ਅਤੇ ਨਿਰਾਸ਼ਾ ਪੂੰਜੀਵਾਦੀ ਵਿਵਸਥਾ ਦਾ ਗੁਣਗਾਨ ਕਰਨ ਵਾਲੇ ਨਹੀਂ ਹਨ ਸਗੋਂ ਉਸ ਦੀਆਂ ਕਮਜ਼ੋਰੀਆਂ ਨੂੰ ਨੰਗਿਆਂ ਕਰਦੇ ਹਨ । ਇਨ੍ਹਾਂ ਰਚਨਾਵਾਂ ਦੀ ਆਧੁਨਿਕਤਾ ਭਾਰਤੇਂਦੂ-ਪ੍ਰਸਾਦ-ਪ੍ਰੇਮ ਚੰਦ ਯੁੱਗ ਤੋਂ ਵੱਖਰੀ ਹੈ ਪਰ ਜਮ੍ਹਾਂ ਉਲਟੀ ਨਹੀਂ । ਇਸ ਪ੍ਰਕ੍ਰਿਆ ਵਿਚ ਸੱਠ ਤੋਂ ਬਾਦ ਦਾ ਨਵਾਂ ਆਧੁਨਿਕਤਾ ਦਾ ਦੌਰ ਕੁਲੀਨਤਾ ਦਾ ਉਸੇ ਤਰ੍ਹਾਂ ਮੂਰਤੀ-ਭੰਜਨ ਕਰਦਾ ਹੈ ? ਜਿਵੇਂ ਨਵਜਾਗਰਣ ਕਾਲ ਦੀ ਆਧੁਨਿਕਤਾ ਨੇ ਆਪ ਪੁਰਾਤਨਤਾ ਦੀ ਕੁਲੀਨਤਾ ਨੂੰ ਤੋੜਿਆ ਸੀ । ਅਸੀਂ ਇਸ ਨੂੰ ਆਧੁਨਿਕਤਾਵਾਦ ਕਹਿੰਦੇ ਸਾਂ ਅਤੇ ਇਸ ਨੂੰ ਆਧੁਨਿਕਤਾ ਦੇ ਵਿਰੋਧ ਵਿਚ ਰੱਖ ਕੇ ਦੇਖਣ ਦੇ ਆਦੀ ਸਾਂ । ਜਦੋਂ ਕਿ ਇਹ ਆਧੁਨਿਕਤਾ ਦਾ ਹੀ ਉੱਗਰ ਅਨੁਭਵ ਸੀ । ਇਕ ਨਵਾਂ ਰੂਪਭੇਦ ਸੀ ।

ਵਿਖੰਡਨਾਤਮਕ ਪ੍ਰਵਿਰਤੀਆਂ ਦੇ ਬਾਵਜੂਦ ਇਹ ਆਧੁਨਿਕਤਾਵਾਂ ਪੂੰਜੀਵਾਦੀ ਵਿਵਸਥਾ ਦੀ ਅਮਾਨਵਤਾ, ਤਕਨੀਕੀ ਆਸ਼ਾਵਾਦ ਅਤੇ ਲੋਕਪ੍ਰਿਯਤਾਵਾਦੀ ਸੰਸਕ੍ਰਿਤੀ ਦੇ ਤਿੱਖੇ ਵਿਰੋਧ ਵਿਚ ਖੜੀਆਂ ਸਨ । ਵਿਅਕਤੀ ਅਤੇ ਸੰਸਕ੍ਰਿਤੀ ਦਾ ਸੰਸਥਾਨੀਕਰਣ (Institutionlisation) ਜੋ ਅੱਜ ਆਪਣੀ ਸਿਖਰ ਤੇ ਹੈ ਉਸ ਸਮੇਂ ਉਸਨੂੰ ਵੀ ਚਨੌਤੀ ਦਿੱਤੀ ਗਈ । ਵਿਅਕਤੀ ਉੱਜੜੇ ਟਾਪੂ ਵਰਗਾ ਹੀ ਸੀ ਪਰ ਚਮਕ ਦਮਕ ਰਿਹਾ ਸੀ । ਉਸਦੀ ਵਿਰੋਧ ਦੀ ਰਚਨਾਤਮਕ ਬੌਧਿਕ ਸ਼ਕਤੀ ਖਤਮ ਨਹੀਂ ਹੋਈ ਸੀ । ਉਹ ਵਿਰੋਧ ਦਿਸ਼ਾਹੀਣ ਸੀ ਪਰ ਉਸਦੀ ਹੋਂਦ ਸੀ । ਇਸ ਵਿਚ ਕੋਈ ਸ਼ੱਕ ਨਹੀਂ ਕਿ ਸੱਠ ਤੋਂ ਬਾਅਦ ਦੀ ਆਧੁਨਿਕਤਾ ਵਿਚ ਆਧੁਨਿਕਤਾ ਦੇ ਕਈ ਜ਼ਰੂਰੀ ਇਤਿਹਾਸਕ



ਤੱਤਾਂ ਦੀ ਬੁਰੀ ਤਰ੍ਹਾਂ ਅਣਹੋਂਦ ਸੀ । ਫਿਰ ਵੀ ਉਸਦਾ ਰੂਪ ਅਜਿਹਾ ਨਹੀਂ ਸੀ ਕਿ ਉਸਨੂੰ ਉਪਭੋਗਤਾਵਾਦੀ ਸਮਾਜ ਦਾ ਭੂ-ਮੰਡਲੀਕਰਣ ਜਾਂ ਬਹੁ-ਰਾਸ਼ਟਰੀ ਪੂੰਜੀਵਾਦ ਦਾ ਸਾਂਸਕ੍ਰਿਤਕ ਤਰਕ ਕਿਹਾ ਜਾ ਸਕੇ ।

ਪਹਿਲੀ ਨਜ਼ਰੇ ਇਉਂ ਲੱਗਦਾ ਹੈ ਕਿ ਉੱਤਰ-ਆਧੁਨਿਕਤਾ ਆਧੁਨਿਕਤਾ ਨਹੀਂ । ਆਧੁਨਿਕਤਾ ਤੋਂ ਵਖਰੇਵਾਂ ਹੈ ਜਾਂ ਆਧੁਨਿਕਤਾਵਾਦ ਵਿਚ ਇਕ ਤਰ੍ਹਾਂ ਦਾ ਸੁਧਾਰਵਾਦ ਹੈ । ਲੁਕਾਚ ਤੋਂ ਬਾਦ ਬ੍ਰੈਖ਼ਤ, ਫਰਾਜ਼ ਫ਼ੈਨਨ, ਏਰਕ ਫਰਾਮ ਆਦਿ ਕਈ ਵਿਚਾਰਕਾਂ ਨੇ ਆਪਣੇ ਆਪਣੇ ਢੰਗ ਨਾਲ ਯਥਾਰਥਵਾਦ ਦੇ ਢਾਂਚੇ ਵਿਚ ਸੁਧਾਰ ਸੁਝਾਏ ਸਨ ।......+ਉੱਤਰ-ਯਥਾਰਥਵਾਦ ਦਾ ਨਾਅਰਾ ਉਚਾ ਨਹੀਂ ਹੋਇਆ ਕਿਉਂਕਿ ਬੁਨਿਆਦੀ ਵਿਚਾਰਕ ਢਾਂਚੇ ਦੇ ਅੰਤਰਗਤ ਹੀ ਸੁਧਾਰ ਸੁਝਾਏ ਗਏ ਸਨ । ਪੱਛਮ ਵਿਚ ਅੰਮ੍ਰਿਤ ਸਮਾਨ ਪੂੰਜੀਵਾਦ, ਉਪਭੋਗਤਾਵਾਦ ਅਤੇ ਜਨ ਸੰਚਾਰ ਕ੍ਰਾਂਤੀ ਹੀ ਨਹੀਂ ਹੈ ਸਗੋਂ ਆਜ਼ਾਦ ਬੌਧਿਕ ਚਿੰਤਨ ਦੀ ਇਕ ਲੰਬੀ ਪਰੰਪਰਾ ਵੀ ਹੈ । ਉਥੇ ਵਿਚਾਰਕ ਜਕੜਨ ਅਤੇ ਸਾਚਿਆਂ ਵਿਚ ਫਿੱਟ ਸੋਚ ਚਿਰਜੀਵੀ ਨਹੀਂ ਰਹਿ ਸਕਦੇ । ਵਿਚਾਰਕ ਤੌਰ ਤੇ ਆਤਮ-ਚੇਤੰਨਤਾ ਦੇ ਕਾਰਣ ਹੀ ਯਥਾਰਥਵਾਦ ਸਾਂਚਿਆਂ ਦੀ ਸੋਚ ਤੋਂ ਬਾਹਰ ਨਿਕਲਿਆ । ਇਸੇ ਤਰ੍ਹਾਂ ਆਧੁਨਿਕਤਾ-ਵਾਦ ਨੂੰ ਵੀ ਬਾਹਰ ਨਿਕਲਣਾ ਸੀ । ਸੰਕਟ ਦੋਨਾਂ ਤੇ ਸੀ । ਅਜਿਹੇ ਸਮੇਂ ਜਿਸ ਤਰ੍ਹਾਂ ਯਥਾਰਥਵਾਦ ਦੇ ਆਧੁਨਿਕ ਵਿਕਾਸ ਦੇ ਸੁਝਾਅ ਆਏ ਉਸੇ ਤਰ੍ਹਾਂ ਆਧੁਨਿਕਤਾਵਾਦ ਦਾ ਵੀ ਯਥਾਰਥਵਾਦੀ ਵਿਕਾਸ ਜਰੂਰੀ ਸੀ । ਇਸ ਦੇ ਉਲਟ ਆਧੁਨਿਕਤਾਵਾਦ ਨੇ ਮੋਰਚਾ ਬਦਲ-ਬਦਲ ਕੇ ਯਥਾਰਥਵਾਦ ਨਾਲ ਸ਼ੀਤ ਯੁਧ ਚਲਾਇਆ । ਉਸਦੇ ਕਠਪੁਤਲੀ ਭਾਰਤੀ ਸੰਸਕਰਣ ਤਿਆਰ ਹੋਏ । ਕਦੇ ਸ਼ੈਲੀ ਵਿਗਿਆਨ, ਕਦੇ ਸੰਕੇਤ ਵਿਗਿਆਨ ਅਤੇ ਕਦੇ ਸੰਰਚਨਾਵਾਦ ਤੋਂ ਉੱਤਰ-ਸੰਰਚਨਾਵਾਦ ਤੱਕ ਵਿਚਾਰਕ ਲੜਾਈ ਵਿਚ ਅੰਤ ਨੂੰ ਆਧੁਨਿਕਤਾਵਾਦ ਹਾਰ ਗਿਆ । ਹੋਣਾ ਇਹ ਚਾਹੀਦਾ ਸੀ ਕਿ ਆਧੁਨਿਕਤਾਵਾਦ ਤੋਂ ਪ੍ਰਸਥਾਨ ਕਰਕੇ ਉੱਤਰ-ਆਧੁਨਿਕਤਾਵਾਦ ਨਵ-ਜਾਗਰਣ ਕਾਲ ਦੀ ਆਧੁ-ਨਿਕਤਾ ਨਾਲ ਜੁੜਦਾ, ਦੂਜੇ ਪਾਸੇ ਯਥਾਰਥਵਾਦ ਨਾਲ 'ਇੰਟਰੈਕਸ਼ਨ ਕਰਕੇ ਆਪਣੇ ਅੰਦਰ ਸੁਧਾਰ ਲਿਆਉਂਦਾ । ਉਹ 'ਪ੍ਰਚਲਨ' ਤੋਂ 'ਨਵੀਂ ਖੋਜ' ਵਲ ਇਕ ਅਸਰਦਾਰ ਛਾਲ ਲਾਉਂਦਾ । ਪਰੰਤੂ ਹੋਇਆ ਇਹ ਕਿ ਪੁਰਾਣੀ ਜਗਹ ਤੇ ਫੁਸ ਫੁਸਾ ਕੇ ਹੀ ਉਸ ਨੇ ਉਪਭੋਗਤਾਵਾਦ ਅਤੇ ਮੀਡੀਆ ਦੇ ਸਮਾਜ-ਸ਼ਾਸਤਰ ਸਾਹਵੇਂ ਆਤਮ-ਸਮਰਪਣ ਕਰ ਦਿੱਤਾ । ਆਮ ਤੌਰ ਤੇ ਇਸਨੇ ਨਾ ਸਿਰਫ ਉਲਟ ਆਧੁਨਿਕਤਾ ਦਾ ਹੀ ਰੁਖ਼ ਅਪਣਾ ਲਿਆ ਸਗੋਂ ਯਥਾਰਥਵਾਦ-ਵਿਰੋਧੀ ਮੁਹਿੰਮ ਨੂੰ ਵੀ ਤੇਜ਼ ਕਰ ਦਿੱਤਾ । ਇਸ ਤਰ੍ਹਾਂ ਇਹ ਬਹੁਰਾਸ਼ਟਰੀ ਉਪਨਿਵੇਸ਼ਵਾਦ ਨਾਲ ਨੱਥੀ ਹੋ ਗਿਆ । ਜਿਸ ਤਰ੍ਹਾਂ ਕਦੇ ਆਧੁਨਿਕੀਕਰਣ ਯੂਰਪ ਦੇ ਸਾਮਰਾਜਵਾਦੀ ਇਤਿਹਾਸ ਨਾਲ ਜੁੜਿਆ ਸੀ ਉਵੇਂ ਹੀ ਉੱਤਰ ਆਧੁਨਿਕਤਾਵਾਦ ਨਵ-ਸਾਮਰਾਜਵਾਦੀ ਵਿਕਾਸ ਦਾ ਸਭਿਆਚਾਰਕ ਸਕਾ-ਸੋਦਰਾ ਹੈ । ਇਸ ਦਾ ਸਰੋਕਾਰ ਲੋਕ ਜੀਵਨ ਨਾਗਰਿਕਾਂ ਦੀ ਅਸਲੀ ਪੀੜ ਅਤੇ ਰਾਸ਼ਟਰੀ ਇਤਿਹਾਸ ਤੇ ਸਭਿਆਚਾਰ ਨਾਲ ਨਾ ਹੋ ਕੇ ਨਵ-ਸਾਮਰਾਜਵਾਦੀ ਉਤਪਾਦਨਾਂ ਬਾਜ਼ਾਰ ਅਤੇ ਸੂਚਨਾਂ ਮਾਧਿਅਮਾਂ ਨਾਲ ਹੈ । ਵਿਅਕਤੀ ਦੀ ਰਚਨਾਤਮਕ ਬੌਧਿਕ ਸ਼ਕਤੀ ਵਿਚ ਇਸ ਦਾ ਭਰੋਸਾ ਨਹੀਂ ਰਿਹਾ । ਹੁਣ ਇਸ ਨੂੰ ਸਿਰਫ ਵਿਕਸਿਤ ਤਕਨਾਲੋਜੀ ਉਪਰ ਹੀ ਯਕੀਨ ਹੈ । ਉੱਤਰ ਆਧੁਨਿਕਤਾਵਾਦ ਦੀ ਨਜ਼ਰ ਵਿਚ ਮਨੁੱਖ ਦੀ ਸਾਰਥਕਤਾ, ਇੱਜ਼ਤ ਤੇ ਉਸ ਦੀ ਜਿੱਤ ਦਾ ਅਹਿਸਾਸ ਕਰਾਉਣ ਵਾਲੇ ਸਾਰੇ ਪਰੰਪਰਾਗਤ ਸਭਿਆਚਾਰਕ ਮਾਧਿਅਮ ਵਿਅਰਥ ਹਨ, ਕਿਉਂਕਿ ਸਭਿਆਚਾਰ ਦੇ ਵਪਾਰਕ ਭੂ-ਮੰਡਲੀਕਰਣ ਦੇ

ਦੌਰ ਵਿਚ ਇਨ੍ਹਾਂ ਦੀ ਕੋਈ ਸਾਰਥਕਤਾ ਨਹੀਂ ਰਹੀ। ਵਿਸ਼ਵ ਬਾਜ਼ਾਰ ਵਿਵਸਥਾ ਇਕ ਨਿਯਤੀ ਹੈ ਜਿਸ ਵਿਚ ਮਨੁੱਖ ਨਿਗੂਣਾ ਤੇ ਇੱਜ਼ਤਹੀਣ ਹੋਣ ਲਈ ਮਜ਼ਬੂਰ ਹੈ। ਹੁਣ ਵਿਅਕਤੀ ਦੀ ਪਰਿਭਾਸ਼ਾ ਉਸਦੇ ਕੰਮ ਵਿਚਾਰ ਜਾਂ ਉਸਦੀ ਆਜ਼ਾਦੀ ਨੂੰ ਦੇਖ ਕੇ ਨਹੀਂ ਕੀਤੀ ਜਾਵੇਗੀ ਸਗੋਂ ਇਹ ਦੇਖਕੇ ਕੀਤੀ ਜਾਵੇਗੀ ਕਿ ਉਹ ਤਕਨੀਕੀ ਕੁਸ਼ਲਤਾ ਉਪਭੋਗਤਾ ਅਤੇ ਸੱਤਾ ਦੇ ਕਿੰਨੇ ਉਚੇ ਪੱਧਰ ਤੇ ਹੈ। ਵਿਅਕਤੀ ਦੀ ਹੀ ਨਹੀਂ ਹੁਣ ਤਾਂ ਜਾਤੀ ਦੀ ਵੀ ਪਹਿਚਾਣ ਨਹੀਂ ਹੋਵੇਗੀ। ਇਨ੍ਹਾਂ ਦਾ ਆਪਣਾ ਕੋਈ ਚਿਹਰਾ ਨਹੀਂ ਹੋਵੇਗਾ।

ਨਵੀਂ ਤਕਨੋਲਜੀ ਦੇ ਆਤੰਕਵਾਦ ਅੱਗੇ ਸਹਿਮ ਜਾਣ ਕਰਕੇ ਉੱਤਰ-ਆਧੁਨਿਕਤਾਵਾਦ ਬਹੁ-ਰਾਸ਼ਟਰੀ ਪੂੰਜੀਵਾਦੀ ਟੈਲੀਵਿਯਨ ਅਤੇ ਭੂ-ਮੰਡਲੀ ਕਰਣ ਦੇ ਛਿਛਲੇਪਣ ਦੀ ਵਿਲਕਦੀ ਹੋਈ ਵਿਆਖਿਆ ਮਾਤਰ ਹੈ। ਉਸ ਵਿਚ 'ਦਖਲ ਦੇਣ ਦੀ ਹਿੰਮਤ ਨਹੀਂ ਹੈ ਜਦੋਂ ਕਿ ਕਰੋੜਾਂ ਲੋਕ ਉਪਰੋਕਤ ਰੰਗੀਨ ਹਨੇਰੇ ਵਿਚ ਬੇਹਾਲ ਹੋ ਕੇ ਰਸਤੇ ਉਪਰ ਖੜੇ ਬਾਹਰ ਨਿਕਲਣ ਦਾ ਰਸਤਾ ਲੱਭ ਰਹੇ ਹਨ।

ਉੱਤਰ- ਆਧੁਨਿਕ ਚਿੰਤਨ ਆਮ ਤੌਰ ਤੇ ਬੌਧਿਕ ਨਿਰਾਸ਼ਾ ਤੋਂ ਪੈਦਾ ਹੋਇਆ ਹੈ। ਇਸ ਦੇ ਆਪਣੇ ਅੰਤਰ ਵਿਰੋਧ ਹਨ। ਪਰੰਤੂ ਹਿੰਦੀ ਦੇ ਉੱਤਰ-ਆਧੁਨਿਕਤਾਵਾਦੀਆਂ ਦਾ ਅੰਤਰ ਵਿਰੋਧ ਨਾਲ ਹੀ ਅੰਤਰ- ਵਿਰੋਧ ਹੈ। ਉਨ੍ਹਾਂ ਨੂੰ ਉੱਤਰ ਅਧੁਨਿਕਤਾਵਾਦ ਸਪਾਟ ਚਿਹਰੇ ਵਰਗਾ ਲੱਗਦਾ ਹੈ। 'ਆਧੁਨਿਕਤਾ' ਸਬੰਧੀ ਹੈਬਰਮਾਸ ਅਤੇ 'ਇਤਿਹਾਸ ਦੇ ਅੰਤ' ਸੰਬੰਧੀ ਬਾਡੀਲਾਰਡ ਉਹੋ ਕੁਝ ਨਹੀ ਸੋਚਦੇ ਜੋ ਕੁਝ ਫੂਕੋ ਤੇ ਲਿਉਤਾਰ ਨੇ ਸੋਚਿਆ ਸੀ। ਫਿਰ ਵੀ ਉੱਤਰ ਆਧੁਨਿਕਤਾਵਾਦ ਦੇ ਨਾਂ ਤੇ ਆਧੁਨਿਕਤਾ ਅਤੇ ਇਤਿਹਾਸ ਵਿਰੋਧੀ ਤੱਤ ਹੀ ਵਧੇਰੇ ਪ੍ਰਮੁੱਖ ਹੋ ਗਏ ਹਨ। ਅਸੀਂ ਭਾਰਤਵਾਸੀ ਜੇ ਨਵਜਾਗਰਣ ਕਾਲ ਦੀ ਵਿਕਾਸਸ਼ੀਲ ਆਧੁਨਿਕਤਾ, ਆਧੁਨਿਕ ਕਦਰਾਂ ਕੀਮਤਾਂ ਆਪਣੇ ਇਤਿਹਾਸ ਨੂੰ ਹੀ ਗੁਆ ਦਈਏ ਤਾਂ ਸਾਡੇ ਕੋਲ ਕੀ ਬਚੇਗਾ ? ਪੱਛਮੀ ਦੇਸ਼ਾਂ ਨੂੰ ਗੁਆਉਣ ਤੇ ਖੇਲਣ ਦਾ ਸ਼ੌਕ ਹੈ ਜਦੋਂ ਕਿ ਸਾਡੇ ਲਈ ਨਵਜਾਗਰਣ ਕਾਲ ਦੀ ਆਧੁਨਿਕਤਾ ਅਤੇ ਇਤਿਹਾਸ ਸਾਡੀ ਪਹਿਚਾਣ ਹੈ ਅਤੇ ਸਾਮਰਾਜਵਾਦ ਵਿਰੋਧੀ ਸੰਘਰਸ਼ ਦਾ ਹਥਿਆਰ ਵੀ ਹਨ। ਸਾਡੇ ਸਮਾਜ ਵਿਚ ਬਹੁਲਤਾਵਾਦ ਦਾ ਵਿਰੋਧਾਂ ਦੇ ਅੰਤਰਦਵੰਦਾਂ ਰਾਹੀਂ ਨਵ ਸਾਮਰਾਜਵਾਦੀ ਰੂਪਾਂਤਣ ਹੋ ਰਿਹਾ ਹੈ। ਇਸ ਦੌਰ ਵਿਚ ਜੇ ਸਾਡੇ ਵਿਚਾਰਕ ਹਥਿਆਰ ਹੀ ਖੋ ਲਏ ਜਾਣਗੇ ਤਾ ਫਿਰ ਅਸੀਂ ਕਿੱਥੇ ਦੇ ਰਹਾਂ ਗੇ। ਇਸ ਲਈ ਨਾ ਸਿਰਫ ਆਧੁਨਿਕਤਾ ਦੀ ਪੁਨਰ ਵਿਆਖਿਆ ਜਰੂਰੀ ਹੈ ਸਗੋਂ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਪੱਛਮੀ ਉੱਤਰ ਆਧੁਨਿਕਤਾਵਾਦ ਇਕ 'ਫਿਊਜ਼ਡ ਬੱਲਬ' ਕਿਵੇਂ ਹੈ।

ਪੱਛਮ ਦਾ ਸੰਕਟ ਇਹ ਹੈ ਉਹ ਆਪਣੇ ਆਦਰਸ਼ਾਂ ਉਪਰ ਟਿਕਿਆ ਨਹੀਂ। ਭਾਰਤ ਦੀ ਬਦਕਿਸਮਤੀ ਇਹ ਹੈ ਕਿ ਇਸਨੇ ਲੰਬੇ ਸੰਘਰਸ਼ ਤਾਂ ਬਾਦ ਪ੍ਰਾਪਤ ਕੀਤੇ ਆਦਰਸ਼ਾਂ ਨੂੰ ਗੁਆ ਦਿੱਤਾ। ਸਾਡੇ ਦੇਸ਼ ਨੂੰ ਇਕ ਅਜਿਹੇ ਖੋਖਲੇਪਣ ਵਲ ਧੱਕਿਆ ਜਾ ਰਿਹਾ ਹੈ ਜਿਸ ਦੇ ਇਕ ਸਿਰੇ ਉਪਰ ਪੁਰਾਤਨਤਾ ਦਾ ਵਿਰਲਾਪ ਹੈ। ਇਸ ਦੇ ਨਤੀਜੇ ਵਜੋਂ ਸੰਪ੍ਰਦਾਇਕ ਜਾਤੀ ਵਾਦੀ ਅਤੇ ਖੇਤਰੀ ਪੁਨਰ ਸੁਰਜੀਤੀਵਾਦੀ ਚੜ੍ਹਤ ਵੱਲ ਹੈ। ਦੂਜੇ ਸਿਰੇ ਤੇ ਅਪਸੰਸਕ੍ਰਿਤੀ ਦਾ ਮੋਹ ਹੈ ਜੋ ਉਪਭੋਗਤਾ-ਵਾਦ ਵਲ ਉਕਸਾ ਰਿਹਾ ਹੈ। ਉੱਤਰ ਅਧੁਨਿਕਤਾਵਾਦ ਲੋਕਾਂ ਨੂੰ ਬਿਨਾਂ ਆਧੁਨਿਕ ਬਣਾਏ ਪੂਰਵ ਆਧੁਨਿਕਤਾ ਅਤੇ ਉੱਤਰ ਆਧੁਨਿਕਤਾ ਦੇ ਜਾਲ ਵਿਚ ਫਸਾਉਂਦਾ ਹੈ। ਉਹ ਮੱਧਕਾਲੀਨਤਾ ਅਤੇ



ਉੱਤਰ ਆਧੁਨਿਕਤਾ ਦਾ ਨਵੀਂ ਕਿਸਮ ਦਾ ਸੈਂਡਵਿਚ ਬਣਾਉਣਾ ਚਾਹੁੰਦਾ ਹੈ। ਇਸ ਲਈ ਇਹ ਕਹਿਣ ਦੀ ਇੱਛਾ ਹੁੰਦੀ ਹੈ ਕਿ ਉੱਤਰ ਆਧੁਨਿਕ ਮਹਾਰਾਜ ਪਹਿਲਾ ਥੋੜਾ ਆਧੁਨਿਕਤਾ ਹੋ ਲਵੇ। ਸਾਨੂੰ ਇਹ ਧਿਆਨ ਵਿਚ ਰੱਖਣਾ ਪਵੇਗਾ ਕਿ ਪੂਰਬ-ਆਧੁਨਿਕਤਾ ਦਾ ਸਭ ਕੁਝ ਬੇਕਾਰ ਨਹੀਂ ਹੈ। ਪੂਰਬ-ਆਧੁਨਿਕ ਤੋਂ ਆਧੁਨਿਕ ਸਮਾਜ ਵਿਚ ਆਉਣ ਦੀ ਪ੍ਰਕਿਆ ਵਿਚ ਜੀਵੰਤ ਪੂਰਬ-ਆਧੁਨਿਕ ਵਿਰਾਸਤ ਨੂੰ ਸਮਝਣ ਬਚਾਉਣ ਅਤੇ ਵਿਕਸਿਤ ਕਰਨ ਦਾ ਬਹੁਤ ਸਾਰਾ ਕੰਮ ਹੋਇਆ ਹੈ। ਸਾਮ-ਰਾਜ ਵਿਰੋਧੀ ਜਾਤੀ ਸੰਘਰਸ਼ ਦੌਰਾਨ ਇਹ ਮੁੱਦਾ ਹਮੇਸ਼ਾ ਜਿੰਦਾ ਰਿਹਾ ਤੇ ਹੁਣ ਵੀ ਜ਼ਿੰਦਾ ਹੈ। ਆਤੀਤ ਦਾ ਅਧਿਐਨ ਇਸ ਕਰਕੇ ਹੀ ਠੱਪ ਨਹੀਂ ਕੀਤਾ ਜਾ ਸਕਦਾ ਕਿ ਉਸਦਾ ਦੁਰਪਯੋਗ ਕੀਤਾ ਜਾ ਰਿਹਾ ਹੈ। ਪੂਰਵ ਆਧੁਨਿਕਤਾ ਤੋਂ ਆਧੁਨਿਕਤਾ ਵਲ ਪਰਿਵਰਤਨ ਦਾ ਕੋਈ ਇਕ ਹੀ ਇਤਿਹਾਸਕ ਰਸਤਾ ਨਹੀਂ ਹੈ। ਨਵਜਾਗਰਣ ਕਾਲ ਦਾ ਭਾਰਤੀ ਅਨੁਭਵ ਨਾ ਤਾਂ ਅਤੀਤ ਦੇ ਅੰਤਰ ਵਿਰੋਧਾਂ ਨੂੰ ਆਧੁਨਿਕ ਭਵਿੱਖ ਉਪਰ ਥੋਪਣ ਦਾ ਹੈ ਅਤੇ ਨਾ ਹੀ ਅਤੀਤ ਦੇ ਬਾਈਕਾਟ ਦਾ। ਨਵਜਾਗਰਣ ਕਾਲ ਦਾ ਭਾਰਤੀ ਅਨੁਭਵ ਇਹ ਦੱਸਦਾ ਹੈ ਕਿ ਅਤੀਤ ਦੀ ਜੀਵੰਤ ਵਿਰਾਸਤ ਦਾ ਵਿਵੇਕਵਾਦੀ ਅਤੇ ਸਿਰਜਣਾਤਮਕ ਇਸਤੇਮਾਲ ਕੀਤਾ ਜਾਏ। ਨਵਜਾਗਰਣ ਕਾਲ ਦੀ ਲੰਬੀ ਲੜਾਈ ਦੌਰਾਨ ਭਾਰਤੀ ਜਨਤਾ ਨੇ ਪਰੰਪਰਾ ਅਤੇ ਵਿਵੇਕ ਵਿਚਕਾਰ ਇਕ ਰਾਸ਼ਟਰੀ ਰਿਸ਼ਤਾ ਪੈਦਾ ਕੀਤਾ ਸੀ ਅਤੇ ਸਮਾਜਿਕ ਸੁਧਾਰਾਂ ਵਿਚ ਰੁਚੀ ਦਿਖਾਈ ਸੀ। ਅਜਿਹਾ ਤਾਂ ਨਹੀਂ ਹੈ ਕਿ ਨਵ-ਜ਼ਾਗਰਣ ਤੋਂ ਪਹਿਲਾਂ ਕਦੇ ਪੁਰਾਤਨ ਰੂੜੀਆਂ ਦਾ ਕਦੇ ਵਿਰੋਧ ਨਹੀਂ ਹੋਇਆ ਅਤੇ 'ਸੀਮਾ ਰੇਖਾਵਾਂ' ਟੁਟੀਆਂ ਨਹੀਂ ਹਨ। ਪੂਰਵ ਅਧੁਨਿਕ 'ਡੀਕੰਨਸਟਰਕਸ਼ਨ' ਦੀ ਵੀ ਇਕ ਗੌਰਵਮਈ ਪਰੰਪਰਾ ਹੈ। ਇਹ ਪਰੰਪਰਾ ਹੈ ਪ੍ਰਾਚੀਨ ਸਾਹਿਤ ਦਰਸ਼ਨ ਵਿਗਿਆਨ ਅਤੇ ਭਗਤੀ ਅੰਦੋਲਨ ਵਿਚ। ਉੱਤਰ ਆਧੁਨਿਕਤਾਵਾਦੀ ਦੀ ਬਹੁਤ ਵੱਡੀ ਸੀਮਾ ਇਹ ਹੈ ਕਿ ਉਸਦੀ ਨਿਗਾਹ ਇਸ ਗੌਰਵਮਈ ਪਰੰਪਰਾ ਵਲ ਨਹੀਂ ਮੁੜਦੀ। ਆਧੁਨਿਕਤਾ ਦੀ ਅਣਹੋਂਦ ਕਾਰਣ ਉਹ ਅਤੀਤ ਦੀ ਨਾਂਹ-ਮੁਖੀ ਤੇ ਹਾਂ-ਮੁਖੀ ਸਭਿਆਚਾਰਕ ਵਿਰਾਸਤ ਵਿਚ ਫ਼ਰਕ ਨਹੀਂ ਕਰ ਸਕਦਾ।

ਯੂਰਪ ਨੂੰ ਕੇਂਦਰ ਵਿਚ ਰਖਕੇ ਪ੍ਰਚਾਰੀ ਜਾਂਦੀ ਸਰਵਵਿਆਪਕਤਾ ਦੇ ਉਤਰ-ਆਧੁਨਿਕਤਾਵਾਦ ਇਸ ਪੱਖ ਦਾ ਵਿਰੋਧ ਜ਼ਰੂਰ ਕਰਦਾ ਹੈ ਕਿ ਪੂਰਬ ਦੀ ਪਿਛੜੀ ਆਤਮਾ ਉਪਰ ਅੰਤ ਨੂੰ ਪੱਛਮ ਨੇ ਹੀ ਸਥਾਪਿਤ ਹੋਣਾ ਹੈ। ਪਰੰਤੂ ਪੂਰਵ ਨੂੰ ਅਨੇਕਾਂ ਟੁਕੜਿਆਂ ਵਿਚ ਵੰਡ ਕੇ ਦੇਖਣ ਦੀ ਪੁਰਾਣੀ ਸਾਮ-ਰਾਜਵਾਦੀ ਦ੍ਰਿਸ਼ਟੀ ਦੇ ਪ੍ਰਭਾਵ ਤੋਂ ਉੱਤਰ ਆਧੁਨਿਕਤਾਵਾਦ ਆਪਣੇ ਆਪਨੂੰ ਬਚਾ ਨਹੀਂ ਸਕਿਆ। ਇਹ ਪਰੰਪਰਾ ਦੀ ਭਿੰਨਤਾ ਤੇ ਬਹੁਭਾਤ ਦਾ ਪੱਖ ਤਾਂ ਪੂਰਦਾ ਹੈ ਪਰ ਨਵਜਾਗਰਣ ਅਤੇ ਆਧੁ-ਨਿਕਤਾ ਵਿਰੋਧੀ ਰੁਝਾਨ ਕਰਕੇ ਇਸ 'ਭਿੰਨਤਾ ਤੇ ਬਹੁਤਾਤ' ਨੂ 'ਅਖੰਡਤਾ' ਅਤੇ 'ਪੁਨਰ ਰਚਨਾ ਤਮਕਤਾ' ਨਾਲ ਜੋੜ ਕੇ ਨਹੀਂ ਵੇਖਦਾ। ਨਵਜਾਗਰਣ ਨੇ 'ਵਿਅਕਤੀ ਵਿਸ਼ੇਸ਼ਤਾ' ਦੇ ਨਾਲ ਨਾਲ ਸਮੁੱਚਤਾ ਨੂੰ ਵੀ ਪਹਿਚਾਣਿਆ ਸੀ। ਸਾਮਰਾਜੀ ਸ਼ਕਤੀਆਂ ਨੇ ਭਾਰਤ ਨੂੰ ਹਮੇਸ਼ਾਂ 'ਝੁੰਡ' (ਭੀੜ) ਜਾਂ 'ਸਮੂਹ ਮੰਨਿਆ। ਉਹ ਇਸਨੂੰ ਸਮਾਜ ਨਹੀਂ ਮੰਨਦੀਆਂ ਜਿਸ ਵਿਚ 'ਵਿਅਕਤੀ-ਵਿਸ਼ੇਸਤਾ' ਤੇ ਸਾਮੂਹਿਕਤਾ' ਦੋਨੋਂ ਹੁੰਦੀਆਂ ਹਨ। ਭੀੜ ਵਿਚ ਇਹ ਚੀਜ਼ਾਂ ਨਹੀਂ ਹੁੰਦੀਆਂ। ਵਿਅਕਤੀ ਵਿਸ਼ੇਸ਼ਤਾ ਅਤੇ ਸਾਮੂਹਿਕਤਾ ਦਾ ਅਦੈਤ, ਵਿਸ਼ਸ਼ਟਤਾ ਅਤੇ ਸਾਮਾਨਯਤਾ ਦਾ ਅਦੈਤ ਜਾਂ ਭੇਦ ਵਿਚ ਅਭੇਦਤਾ ਭਾਰਤੀ ਪਰੰਪਰਾ ਵਿਚ ਕੋਈ ਨਵੀਂ ਲੜਾਈ ਨਹੀਂ ਹੈ। ਖੰਡ ਚੇਤਨਾ ਦੇ ਪੱਖੀ ਉੱਤਰ ਆਧੁਨਿਕ-ਤਾਵਾਦ ਨੂੰ ਸਮੁੱਚਤਾ ਜਮਾਂ ਚੰਗੀ ਨਹੀਂ ਲੱਗਦੀ। ਉਹ ਵੀ ਆਜ਼ਾਦੀ ਦੀ ਆਵਾਜ਼ ਉਠਾਉਂਦਾ

ਹੈ । ਉਹ ਇਸ ਗੱਲ ਉਪਰ ਵਿਵੇਕ ਪੂਰਣ ਵਿਚਾਰ ਨਹੀਂ ਕਰਦਾ ਕਿ ਇਹ ਪਰੰਪਰਾ ਜੀਵੰਤ ਹੈ ਜਾ ਮਰੀ ਹੋਈ । ਇਹ ਪਰੰਪਰਾ ਹੈ ਵੀ ਜਾਂ ਕਿ ਸਿਰਫ ਰੂੜ੍ਹੀ ਜਾਂ ਮਿੱਥ ਹੀ ਹੈ । ਰਾਸ਼ਟਰੀ ਜਾਗਰਣ ਦੇ ਸਮੇਂ ਦੇਸ ਭਗਤਾਂ ਨੇ ਉਪ-ਸਭਿਆਚਾਰਾਂ ਦੀ ਸਰਪ੍ਰਸਤੀ ਦਾ ਜਿੰਮਾ ਲਿਆ ਤੇ ਨਾਲ ਹੀ ਮਿਲੀ ਜੁਲੀ ਸੰਸਕ੍ਰਿਤੀ ਦੇ ਵਿਕਾਸ ਦੀ ਜ਼ਿੰਮੇਵਾਰੀ ਲਈ । ਇਹ ਕੰਮ ਸਾਮਰਾਜ ਵਿਰੋਧੀ ਲੜਾਈ ਦਾ ਇਕ ਮੁੱਖ ਅੰਗ ਸੀ । ਨਵ-ਸਾਮਰਾਜਵਾਦੀ ਤੱਤਾਂ ਦੀ ਹੋਂਦ ਕਾਰਣ ਉੱਤਰ ਆਧੁਨਿਕਤਾਬਾਦ ਮਿਲੇ ਜੁਲੇ ਰਾਸ਼ਟਰੀ ਸਭਿਆਚਾਰ ਦਾ ਵਿਰੋਧੀ ਹੈ । ਉਸਦੀਆਂ ਧਾਰਣਾਵਾਂ ਸਮੁੱਚਤਾ ਦੇ ਖ਼ਿਲਾਫ ਹਨ ।

ਉੱਤਰ-ਆਧੁਨਿਕਤਾਵਾਦੀਆਂ ਨੂੰ ਆਧੁਨਿਕ ਰਾਸ਼ਟਰੀ ਪਰੰਪਰਾਵਾਂ ਦੀ ਕੋਈ ਪ੍ਰਵਾਹ ਨਹੀਂ ਪਰੰਤੂ ਪੁਰਾਤਨ ਮੱਧ ਯੁੱਗ ਦੀਆਂ ਉਪ-ਸਾਂਸਕ੍ਰਿਤਕ ਰੂੜ੍ਹੀਆਂ ਤੇ ਮਿੱਥਾਂ ਦੀ ਬਹੁਤ ਚਿੰਤਾ ਹੈ । ਉਨ੍ਹਾਂ ਨੂੰ ਲੱਗਦਾ ਹੈ ਸਥਾਨਕ ਉਪ-ਸੰਸਕ੍ਰਿਤੀਆਂ ਭੂ-ਮੰਡਲੀਕਰਣ ਦਾ ਮੁਕਾਬਲਾ ਕਰ ਸਕਦੀਆਂ ਹਨ । ਭੂ-ਮੰਡਲੀਕਰਣ ਦਾ ਜਵਾਬ 'ਸਥਾਨਕਤਾ' ਹੈ । ਇਸ ਨੁਕਤੇ 'ਤੇ ਆਕੇ ਆਧੁਨਿਕਤਾਵਾਦ ਝੂਠੇ ਮਾਨਵਤਾਵਾਦ ਨੂੰ ਪੇਸ਼ ਕਰਦਾ ਹੈ । ਉਹ ਦਰਸਾਉਂਦਾ ਹੈ ਕਿ ਭੂ-ਮੰਡਲੀਕਰਣ ਉਪ-ਸੰਸਕ੍ਰਿਤੀਆਂ ਨੂੰ ਬਰਬਾਦ ਕਰ ਦੇਵੇਗਾ । ਇਸ ਲਈ ਉਸਦਾ ਸਹੀ ਰਾਜਨੀਤਕ ਵਿਰੋਧ ਉਪ-ਸੰਸਕ੍ਰਿਤੀਆਂ ਦੀ ਪੁਨਰ-ਸੁਰਜੀਤੀ ਹੈ । ਇਸ ਪੁਨਰ-ਸੁਰਜੀਤੀ ਵਿਚ ਪੁਰਾਣੀਆਂ ਮਿੱਥਾਂ ਅਤੇ ਧਾਰਮਿਕ ਰੀਤਾਂ ਦੀ ਪੁਨਰ-ਸੁਰਜੀਤੀ ਵੀ ਸ਼ਾਮਿਲ ਹੈ । ਲਿਉਤਾਰ ਜਦੋਂ ਇਹ ਕਹਿੰਦਾ ਹੈ ਕਿ ਸਾਰੇ ਕੇਂਦਰ ਢਹਿ ਗਏ ਹਨ ਤਾਂ ਉਹ 'ਹਰ ਪਰੰਪਰਾ ਦੀ ਆਪਣੀ ਹੋਂਦ' ਦੀ ਵਕਾਲਤ ਕਰਦਾ ਹੈ । ਉੱਤਰ-ਆਧੁਨਿਕਤਾਵਾਦੀ ਚਿੰਤਨ ਆਪਣਾ ਫੋਕਸ ਰਾਸ਼ਟਰ ਤੇ ਵਿਅਕਤੀ ਤੋਂ ਹਟਾ ਕੇ ਇਸ 'ਉਪ-ਸੰਸਕ੍ਰਿਤੀ' ਉੱਪਰ ਕਰਦਾ ਹੈ ਕਿਉਂਕਿ ਇਸ ਵਿਚ ਆਪਣੀ ਤਰ੍ਹਾਂ ਦਾ ਪਰੰਪਰਾਗਤ ਸਰਪਰਸਤੀਵਾਦ ਹੁੰਦਾ ਹੈ । ਭੂ-ਮੰਡਲੀਕਰਣ ਨੇ ਰਾਸ਼ਟਰ ਅਤੇ ਵਿਅਕਤੀ ਦੇ ਆਤਮ-ਰੱਖਿਆ ਦੇ ਸੰਸਕਾਰ ਕਿਉਂਕਿ ਖਤਮ ਕਰ ਦਿੱਤੇ ਹਨ ਇਸ ਲਈ ਆਖਰੀ ਭਰੋਸਾ ਉਪ-ਸੰਸਕ੍ਰਿਤੀਆਂ ਦੀ ਸਵੈ-ਚੇਤਨਾਂ ਉੱਪਰ ਹੈ । ਅਸਲ ਵਿਚ ਉੱਤਰ-ਆਧੁਨਿਕਤਾਵਾਦੀ ਪਿਛਲੇ ਦਹਾਕੇ ਦੇ ਨਵ-ਪੁਨਰਸੁਰਜੀਤੀਵਾਦ ਤੋਂ ਵਿਸ਼ੇਸ਼ ਤੌਰ ਤੇ ਉਤਸਾਹਿਤ ਹਨ । ਖਾਸ ਕਰਕੇ ਭਾਰਤ ਵਿਚ ਸਥਾਨਕ ਕੱਟੜਵਾਦ ਫਿਰ ਜਾਗ ਉੱਠਿਆ ਹੈ ਅਤੇ ਉਪ-ਸੰਸਕ੍ਰਿਤੀਆਂ ਅਤੀਤ ਦੇ ਭੈੜੇ ਅੰਤਰ-ਵਿਰੋਧਾਂ ਨਾਲ ਫਿਰ ਉਭਰ ਰਹੀਆਂ ਹਨ । ਜਾਤੀਵਾਦ, ਸੰਪ੍ਰਦਾਇਕਵਾਦ, ਖੇਤਰੀਵਾਦ ਆਦਿ ਭੈੜੇ ਤੱਤਾਂ ਨਾਲ ਸੱਨਧਬੱਧ ਉਪ-ਸੰਸਕ੍ਰਿਤੀਆਂ ਦਾ ਉਭਾਰ ਰਾਸ਼ਟਰੀ ਜਾਗਰਣ ਦੇ ਆਦਰਸ਼ਾਂ ਨੂੰ ਮਲੀਆਮੇਟ ਕਰ ਰਿਹਾ ਹੈ । ਉੱਤਰ-ਆਧੁਨਿਕਤਾਵਾਦੀ ਲੇਖਕ ਅਜਿਹੇ ਉਭਾਰਾਂ ਨੂੰ ਭੂ-ਮੰਡਲੀਕਰਣ ਦਾ ਜਵਾਬ ਬਣਾਉਣਾ ਚਾਹੁੰਦੇ ਹਨ । ਉਹ ਵਿਕਾਸ ਦਾ ਮੁਕਾਬਲਾ ਪਿਛੜੇਪਣ ਨਾਲ ਕਰਨਾ ਚਾਹੁੰਦੇ ਹਨ ।

ਨਵ-ਸਾਮਰਾਜਵਾਦੀ ਵਿਕਾਸ ਭੂ-ਮੰਡਲੀਕਰਣ ਦਾ ਮੁਕਾਬਲਾ ਕਰਨ ਲਈ ਤਿੰਨ ਚੀਜ਼ਾਂ ਜ਼ਰੂਰੀ ਹਨ । ਪਹਿਲਾ-ਆਤਮ-ਵਿਸ਼ਲੇਸ਼ਣ· ਦੂਜਾ ਪੁਰਾਤਨ ਸੰਸਕ੍ਰਿਤੀ, ਨਵਜਾਗਰਣ ਅਤੇ ਵਿਕਾਸਸ਼ੀਲ ਆਧੁਨਿਕਤਾ ਦਾ ਵਿਵੇਕਵਾਦੀ ਪੁਨਰਗਠਨ ਅਤੇ ਤੀਜਾ, ਸਮਾਜਿਕ ਆਰਥਿਕ ਨਿਆਂ ਦੀ ਚੇਤਨਾ । ਪੂਰਵ-ਆਧੁਨਿਕ ਸਰਪਰਸਤੀਵਾਦ ਅਤੇ ਅਰਾਜਕਤਾ ਦੇ ਰਾਹੇ ਪੈ ਕੇ ਉੱਤਰ-ਆਧੁਨਿਕਤਾਵਾਦ ਅੰਤ ਨੂੰ ਨਵ-ਸਾਮਰਾਜੀ ਵਿਕਾਸ ਅਤੇ ਭੂ-ਮੰਡਲੀਕਰਣ ਲਈ ਹੀ ਸਭਿਆਚਾਰਕ



ਰਾਹ ਪੱਧਰਾ ਕਰ ਰਿਹਾ ਹੈ । ਉਹ ਮੁਕਾਬਲਾ ਕਰਨ ਦੀ ਬਜਾਇ ਆਪਾ ਰਾਹਾਂ ਵਿਚ ਵਿਛਾ ਰਿਹਾ ਹੈ । ਇਸ ਨਾਲ ਭੂ-ਮੰਡਲੀਕਰਣ ਨੇ ਪਰਾਜਿਤ ਤਾਂ ਕੀ ਹੋਣਾ ਹੈ ਸਗੋਂ ਉਲਟਾ ਉਸਨੂੰ ਖੰਡ-ਚੇਤਨਾ ਜਾਂ ਵਿਖੰਡਤਾ ਦਾ ਫਾਇਦਾ ਹੀ ਹੋਵੇਗਾ । ਜੇ ਉੱਤਰ-ਉਦਯੋਗਿਕ ਸਮਾਜ ਦੀ ਆਧੁਨਿਕਤਾਵਾਦੀ ਪ੍ਰਵਿਰਤੀਆਂ ਦਾ ਵਿਆਪਕ ਅਸਰ ਪਿਆ ਤਾਂ ਸੰਭਾਵਨਾ ਹੈ ਕਿ ਪਿਛਲੇ ਲਗਭਗ ਦੋ ਸੌ ਸਾਲਾਂ ਦੇ ਇਤਿਹਾਸਕ ਸੰਘਰਸ਼ਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਇਸ ਪ੍ਰਭਾਵ ਹੇਠ ਨਕਾਰ ਦਿੱਤੀਆਂ ਜਾਣਗੀਆਂ । ਸਮੁੱਚਤਾ ਦੀ ਵਿਕਾਸਸ਼ੀਲ ਚੇਤਨਾਂ ਉੱਪਰ ਖੰਡ-ਚੇਤਨਾ ਹਾਵੀ ਹੋ ਜਾਵੇਗੀ । ਦੂਸਰੇ ਉਪ-ਜਾਤੀ ਸੰਘਰਸ਼ ਤਿੱਖੇ ਹੋਣਗੇ । ਇਸ ਨਾਲ ਸਾਡਾ ਦੇਸ਼ ਗ੍ਰਹਿ-ਯੁੱਧ ਵੱਲ ਵਧੇਗਾ ਅਤੇ ਤਤਕਾਲੀ ਸਹਾਇਤਾ ਲਈ ਇਸ਼ਦਾ ਝੁਕਾ ਲਗਾਤਾਰ ਭੂ-ਮੰਡਲੀਕਰਣ ਵੱਲ ਹੋਵੇਗਾ । ਉਹ ਨਵ-ਸਾਮਰਾਜੀ ਜ਼ੰਜੀਰਾਂ ਵਿਚ ਤੜਪ ਕੇ ਰਹਿ ਜਾਵੇਗਾ ।

ਇਨ੍ਹਾਂ ਉਦਾਹਰਣਾਂ ਦੀ ਕਮੀ ਨਹੀਂ ਹੈ ਕਿ ਕਿਵੇਂ ਉੱਤਰ-ਆਧੁਨਿਕਤਾਵਾਦ ਦੇ ਪ੍ਰਭਾਵ ਹੇਠ ਕਈ ਬੁੱਧੀਜੀਵੀ ਭੂ-ਮੰਡਲੀਕਰਣ ਨਾਲ ਸੰਘਰਸ਼ ਕਰਨ ਦਾ ਦਾਅਵਾ ਕਰਦੇ ਹੋਏ ਬੜਾ ਖੂਬਸੂਰਤੀ ਨਾਲ ਇਸਦੀ ਲਪੇਟ ਵਿਚ ਆ ਗਏ । ਪਿਛਵੇ ਦਿਨਾਂ ਵਿਚ ਲੋਕ-ਸੰਘਰਸ਼ਾਂ ਦੇ ਮਖੌਲਾਂ, ਪੁਰਾਣੀਆਂ ਮਿੱਥਾਂ ਅਤੇ ਧਾਰਮਿਕ ਰੀਤੀ ਰਿਵਾਜਾਂ ਦੇ ਗੁਣਗਾਨ ਅਤੇ ਟੀ.ਵੀ. ਸੰਸਕ੍ਰਿਤੀ ਦੀਆਂ ਆਤਮਕ੍ਰੰਦਨ ਮੂਲਕ ਵਿਆਖਿਆਵਾਂ ਦਾ ਬੋਲਬਾਲਾ ਸੀ । ਇਕ ਚਿੰਤਾ ਦੇਸ਼ ਦੇ ਤਟਵਰਤੀ ਖੇਤਰਾਂ ਅਤੇ ਦੂਸਰੇ ਅਣਗੌਲੇ ਇਲਾਕਿਆਂ ਨੂੰ ਲੈ ਕੇ ਹੈ ਜਿਥੇ ਪੂਰਵ-ਆਧੁਨਿਕ ਸਰਪਰਸਤੀਵਾਦ ਪਰੰਪਰਾ ਦੀ ਸਵੈ-ਹੋਂਦ ਦੀ ਆਵਾਜ਼ ਅਰਾਜਕਤਾਵਾਦੀ ਸਥਿਤੀ ਪੈਦਾ ਕਰ ਸਕਦੀ ਹੈ । ਉਪ-ਸਾਂਸਕ੍ਰਿਤਕ ਪਛਾਣ ਦੀ ਛਟਪਟਾਹਟ ਭੂ-ਮੰਡਲੀਕਰਣ ਦੀ ਪ੍ਰਤਿਕ੍ਰਿਆ ਹੈ । ਕੀ ਇਹ ਹੀ ਅਸਲੀ ਉੱਤਰ ਹੈ ।

ਇਕ ਉਦਾਹਰਣ ਨਾਲ ਸਵਾਲ ਨੂੰ ਥੋੜ੍ਹਾ ਸਪੱਸ਼ਟ ਕੀਤਾ ਜਾ ਸਕਦਾ ਹੈ । ਮਲਿਆਲਮ ਦੇ ਮਹੱਤਵਪੂਰਨ ਕਵੀ ਕੇ.ਵੀ. ਸ਼ੰਕਰ ਪਿੱਲੈ ਆਪਣੀ ਪ੍ਰਸਿੱਧ ਕਵਿਤਾ 'ਕੋਚੀ ਦੇ ਦਰਖ਼ਤ' (ਸਮਕਾਲੀਨ ਭਾਰਤੀ ਸਾਹਿਤ-54) ਵਿਚ, ਵਿਸ਼ਣੂ ਦੇ ਅਵਤਾਰ ਵਾਮਨ ਦੇ ਇਕੋ ਇਕ ਮੰਦਿਰ ਤ੍ਰਿਕਾਕੱਰਾ ਨੂੰ ਬੜੀਆਂ ਵਿਸ਼ਵਾਸ ਭਰੀਆਂ ਨਜ਼ਰਾਂ ਨਾਲ ਨਿਹਾਰਦੇ ਹੋਏ ਲਿਖਦੇ ਹਨ, "ਤ੍ਰਿੱਕਾਕੱਰਾ ਤੋਂ ਲੈ ਕੇ/ ਕੋਚੀ ਦੀ ਬੰਦਰਗਾਹ ਦਾ ਰਸਤਾ ਇਕ ਕਹਾਵਤ ਦੇ ਵਾਂਗ/ਰੌਸ਼ਨੀ ਨਾਲ ਲਬਾਲਬ ਹੈ ।" ਇਸ ਕਵਿਤਾ ਵਿਚ ਮਲਿਆਲਮ ਦੇ ਕਈ ਪੁਰਾਣੇ ਕਵੀਆਂ ਦੇ ਜਾਤੀ ਅਭਿਮਾਨ ਦਾ ਵਰਣਨ ਵੀ ਹੈ । ਇਸਨੂੰ ਕੇਰਲ ਦੀ ਉਪ-ਸੰਸਕ੍ਰਿਤੀ ਦੀ ਪਛਾਣ ਦਾ ਬੋਧ ਕਿਹਾ ਗਿਆ ਹੈ ਜਿਸਨੂੰ ਸਾਮਰਾਜ-ਵਿਰੋਧੀ ਲੜਾਈ ਲਈ ਜ਼ਰੂਰੀ ਸਮਝਿਆ ਗਿਆ ਹੈ । ਚਿੰਤਾ ਦਾ ਵਿਸ਼ਾ ਇਹ ਹੈ ਕਿ ਭਾਰਤੀ ਸਮਾਜ ਵਿਚ ਉਪ-ਸੰਸਕ੍ਰਿਤੀ ਦੀ ਧਾਰਨਾ ਤੋਂ ਪਛਾਣ ਦੇ ਰੂਪ ਵਿਚ ਵੱਖਰੀ ਮੁੱਖ ਸੰਸਕ੍ਰਿਤੀ ਦੀ ਧਾਰਣਾ ਜਨਮ ਲਵੇਗੀ । ਅਤੇ ਸਾਂਝੀ ਸੰਸਕ੍ਰਿਤੀ ਦੀ ਧਾਰਨਾ ਧਰੀ ਧਰਾਈ ਰਹਿ ਜਾਵੇਗੀ । ਕੀ ਹਿੰਦੀ ਪ੍ਰਦੇਸ਼ ਅਜਿਹੀ ਪਛਾਣ ਦਾ ਬੋਧ ਕਰ ਸਕਦਾ ਹੈ ! ਇਕ ਵੱਖਰੀ ਤੇ ਵਿਸ਼ਿਸ਼ਟ ਸੰਸਕ੍ਰਿਤਕ ਪਛਾਣ ਦਾ ਬੋਧ ! ਕੀ ਹਿੰਦੀ ਕਵੀ ਵੀ ਬਨਾਰਸ ਦੇ ਮੰਦਿਰ ਗੰਗਾ ਦੇ ਸੰਦਰਭ ਵਿਚ ਆਪਣੀ ਵੱਖਰੀ ਪਛਾਣ ਦਾ ਬੋਧ ਕਰ ਸਕਦੇ ਹਨ ? ਨਿਰਾਲਾ ਨੇ ਇਕ ਕਵਿਤਾ ਲਿਖੀ ਸੀ 'ਯਮੁਨਾ' ਨੂੰ ਜਿਸ ਵਿਚ ਹਿੰਦੀ-ਪਛਾਣ ਦਾ ਬੋਧ ਕਿਤੇ ਨਹੀਂ ਸੀ ।

ਕੇਰਲ ਦੀਆਂ ਮੁਸਲਮਾਨ ਔਰਤਾਂ ਕਦੇ ਬੁਰਕਾ ਨਹੀਂ ਸਨ ਪਹਿਨਦੀਆਂ। ਹੁਣ ਉਹ ਨਵੇਂ ਨਵੇਂ ਫੈਸ਼ਨ ਤੇ ਬੁਰਕੇ ਪਾਉਣ ਲੱਗੀਆਂ ਹਨ। ਜਿਨ੍ਹਾਂ ਘਰਾਂ ਵਿਚ ਕੀਰਤਨ ਤੇ ਜਗਰਾਤੇ ਨਹੀਂ ਸਨ ਹੁੰਦੇ, ਉਨ੍ਹਾਂ ਘਰਾਂ ਵਿਚ ਹੁਣ ਆਮ ਹੋਣ ਲੱਗ ਪਏ ਹਨ। ਖਾਸ ਕਰਕੇ ਹਿੰਦੀ ਪ੍ਰਦੇਸ਼ਾਂ ਵਿਚ। ਟੇਪਾਂ ਵੀ ਸੁਣੀਆਂ ਜਾਂਦੀਆਂ ਹਨ ਤੇ ਕੀਰਤਨ ਵੀ। ਕਦੇ ਟੇਪ ਵਿਚ ਕੀਰਤਨ ਅਤੇ ਕਦੇ ਕੀਰਤਨ ਵਿਚ ਟੇਪ ਸੁਣੀ ਜਾਂਦੀ ਹੈ। ਕਥਾਕਾਰ ਗੁਰੂਆਂ ਤੇ ਸਵਾਮੀਆਂ ਦੇ ਰੰਗੀਨ ਪੋਸਟਰ ਅਤੇ ਕਟਆਊਟ ਭੂਮੰਡਲੀ ਨ੍ਰਿਤ ਮਹਾਂਨਗਰਾਂ ਦੀ ਛਾਤੀ ਉਪਰ ਟੰਗੇ ਕਾਰਟੂਨ ਹਨ। ਕਿਤਿਉਂ ਕੋਈ ਡਰ ਪ੍ਰਵੇਸ਼ ਕਰ ਰਿਹਾ ਹੈ। ਕੋਈ ਅਸੁਰੱਖਿਆ ਦੀ ਭਾਵਨਾ ਲੋਕਾਂ ਨੂੰ ਉਪ-ਸੰਸਕ੍ਰਿਤੀ ਵਾਲੇ ਮਿੱਥਾਂ ਦੇ ਸੰਸਾਰ ਵਿਚ ਧੱਕ ਰਹੀ ਹੈ। ਕੀ ਇਹ ਹੈ ਉੱਤਰ-ਆਧੁਨਿਕਤਾਵਾਦੀ ਅਨੇਕਅੰਤਾਂ ਵਾਲੇ ਕੇਂਦਰ ਦਾ ਢਹਿ ਜਾਣਾ? ਕੀ ਇਹ ਨਵ-ਸਰਪਰਸਤੀਵਾਦ ਨਹੀਂ ਹੈ? ਸਾਨੂੰ ਇਕੋ ਵੇਲੇ ਪੂਰਵ-ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਨੂੰ ਜੀਣਾ ਪੈ ਰਿਹਾ ਹੈ। ਪਰਹੇਜ ਹੈ ਤਾਂ ਆਧੁਨਿਕਤਾ ਤੋਂ! ਇਸੇ ਸਿੱਕੇ ਦਾ ਦੂਜਾ ਪਾਸਾ ਹੈ ਅਰਾਜਕਤਾਵਾਦ, ਸਾਰੇ ਲੋਕ-ਅੰਦੋਲਨਾਂ ਦਾ ਮਖੌਲ! ਕਿਸੇ ਸੰਘਰਸ਼ ਦਾ ਕੋਈ ਅਰਥ ਨਹੀਂ ਹੈ, ਇਸ ਲਈ ਗੋਡੇ ਟੇਕੋ। ਇਤਿਹਾਸ ਤੋਂ ਬੇਸਹਾਰਾ ਕਰਕੇ ਕੀ ਕਿਸੇ ਆਦਮੀ ਨੂੰ ਬਹੁਤੀ ਦੇਰ ਅਨਿਰੰਤਰਤਾ ਦੇ ਕੋਣੇ ਵਿਚ ਰੱਖਿਆ ਜਾ ਸਕਦਾ ਹੈ? ਕੀ ਪੁਰਾਣੀਆਂ ਮਿੱਥਾਂ ਅਤੇ ਧਾਰਮਿਕ ਰੀਤੀ ਰਿਵਾਜ਼ਾਂ ਦਾ ਆਦਿਮਕਾਲੀ ਮੋਹ ਉਸਨੂੰ ਗਿਰਾਵਟ ਤੋਂ ਉੱਪਰ ਉਠਾ ਸਕਦਾ ਹੈ? ਕੀ ਇਹੀ ਆਖਰੀ ਭਰੋਸਾ ਹੈ?

ਪੱਛਮ ਵਿਚ ਉੱਤਰ-ਆਧੁਨਿਕਤਾਵਾਦ ਚੌਗਿਰਦੇ ਦੀ ਰੱਖਿਆ, ਇਸਤ੍ਰੀ ਦੀ ਆਜ਼ਾਦੀ, ਨਸਲੀ ਭੇਦ-ਭਾਵ ਵਿਰੋਧੀ ਸੰਘਰਸ਼ ਅਤੇ ਕੁਝ ਹੋਰ ਤਿੱਖੇ ਸੰਘਰਸ਼ਾਂ ਤੋਂ ਆਪਣੇ ਆਪਨੂੰ ਵੱਖ ਨਹੀਂ ਰੱਖ ਸਕਿਆ। ਫਿਰ ਵੀ ਉਹ ਨਵੀਂ ਵਿਸ਼ਵ-ਵਪਾਰ ਵਿਵਸਥਾ ਨੂੰ ਹੋਣੀ ਸਵੀਕਾਰ ਕਰ ਚੁੱਕਾ ਹੈ। ਇਸ ਲਈ ਇਹ ਵਿਕਸਿਤ ਤਕਨਾਲੋਜੀ ਦੇ ਸਾਹਮਣੇ ਮਨੁੱਖ ਦੀ ਨਿਗੁਣਤਾ ਅਤੇ ਵਿਚਾਰਗੀ ਦਾ ਹਸਵਨਾਮਾ ਬਣਦਾ ਜਾ ਰਿਹਾ ਹੈ। ਉਹ 'ਭੂ-ਮੰਡਲੀਕਰਣ' ਅਤੇ 'ਸਥਾਨਕਤਾ' ਦੇ ਲੁਭਾਇਮਾਨ ਜੋੜ ਉੱਪਰ ਫ਼ਿਦਾ ਹੈ। ਇਹ ਠੀਕ ਹੈ ਕਿ ਪਿਛਲੇ ਕੁਝ ਦਹਾਕਿਆਂ ਤੋਂ ਅਜੀਂ ਨਵਜਾਗਰਣ ਅਤੇ ਵਿਕਾਸ਼ੀਲ ਆਧੁਨਿਕਤਾ ਦੇ ਆਦਰਸ਼ਾਂ ਨੂੰ ਲਗਾਤਾਰ ਗੁਆ ਰਹੇ ਹਾਂ। ਕਦਰਾਂ ਕੀਮਤਾਂ ਦਾ ਹਰਾਸ ਹੋ ਰਿਹਾ ਹੈ। ਸਾਡਾ ਪਰੰਪਰਾ ਦਾ ਗਿਆਨ ਹੀ ਧੁੰਧਲਾ ਨਹੀਂ ਹੋਇਆ ਸਗੋਂ ਵਿਕਾਸ ਦਾ ਗਿਆਨ ਵੀ ਕੱਚਘਰੜ-ਅਵਸਥਾ ਵਿਚ ਹੈ। ਪੁਨਰਗਠਨ ਦੀ ਪ੍ਰਕ੍ਰਿਆ ਵਿਚ, ਵਿਸ਼ਵ-ਬਾਜ਼ਾਰ ਦੇ ਗਿਆਨ, ਤਕਨਾਲੋਜੀ ਕਲਾਵਾਂ ਤੇ ਉਤਪਾਦਨਾਂ ਵਿਚ ਅਸੀਂ ਕੀ ਲੈਣਾ ਹੈ ਤੇ ਕੀ ਛੱਡਣ ਹੈ? ਅਜੇ ਤਕ ਇਸਦਾ ਆਲੋਚਨਾਮਕ ਗਿਆਨ ਵਿਕਸਿਤ ਨਹੀਂ ਹੋਇਆ ਹੈ। ਫਿਰ ਵੀ ਕੱਟੀ ਵੀ ਬਦਲ ਇਤਿਹਾਸ ਦਾ ਆਖਰੀ ਬਿੰਦੂ ਨਹੀਂ ਹੈ।

(ਅਨੁਵਾਦ : ਡਾ: ਕਰਮਜੀਤ ਸਿੰਘ)

ਨਯਾ ਪਥ ਦੇ ਅੰਕ 19-20, 1996 ਤੋਂ ਧੰਨਵਾਦ ਸਹਿਤ।

ਐਸ.ਈ ਐਚ.—੬, ਕੈਂਪਸ, ਕੇ.ਯੂ. ਕੁਰੂਕਸ਼ੇਤਰ—136119





## ਬਾਕੀ ਦਾ ਸੱਚ/ਲਾਲ ਸਿੰਘ

ਗਾਮੀ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਇਸ ਦਾ ਕੀ ਕਾਰਨ ਦੱਸੇ, ਕੀ ਉੱਤਰ ਦੇਵੇ ਕਿਸੇ ਨੂੰ।

ਕਿਸੇ ਤੋਂ ਪਹਿਲਾਂ ਅਪਣੇ ਆਪ ਨੂੰ ਹੀ?

ਐਉਂ ਤਾਂ ਕਦੀ ਵੀ ਨਹੀਂ ਸੀ ਹੋਈ ਵਾਪਰੀ ਉਸ ਨਾਲ। ਐਉਂ ਤਾਂ ਕਦੀ ਵੀ ਘਰ ਨਹੀਂ ਸੀ ਬੈਠਾ ਉਹ ਲੁਕ ਕੇ, ਸ਼ਹਿ ਕੇ।

ਬੈਠ ਹੀ ਨਹੀਂ ਸੀ ਹੋਇਆ ਉਸ ਤੋਂ।

ਵਰ੍ਹਦੀ ਅੱਗ 'ਚ ਵੀ ਨਹੀਂ।

ਤੋਚੀ ਦੇ ਪਾਸਾ ਵੱਟ ਜਾਣ ਦੇ ਬਾਵਜੂਦ।

ਸੀ ਤਾਂ ਤੋਚੀ ਵੀ ਉਸਦਾ ਜੋਟੀਦਾਰ। ਰਿਹਾ ਵੀ ਉਹ ਕਈ ਚਿਰ ਉਸ ਦੇ ਅੰਗ-ਸੰਗ। ਸਕੂਲ ਪੜ੍ਹਾਈ ਸਮੇਂ ਤੋਂ ਲੈ ਕੇ ਢੇਰ ਚਿਰ ਪਿਛੋਂ ਤੱਕ।

ਹਰ-ਥਾਂ, ਹਰ ਔਖ-ਮੁਸ਼ਕਲ ਵੇਲੇ।

ਇਹ ਔਖਾਂ-ਮੁਸ਼ਕਲਾਂ ਵੀ ਉਹਨਾਂ ਇਕੋ ਵੇਲੇ ਸਹੇੜੀਆਂ। ਇਕੱਠਿਆਂ। ਸਕੂਲੀ ਪੜ੍ਹਾਈ ਪੜ੍ਹਦਿਆਂ।

ਪਰਮਜੀਤ ਮਾਸਟਰ ਤੋਂ ਸਮਝ-ਪੁੱਛ ਕੇ।

ਕਿਸੇ ਡੂੰਘੀ ਸੋਚ-ਵਿਚਾਰ 'ਚ ਖੁੱਭੇ ਦਿਸਦੇ ਪੰਮੀ ਮਾਸਟਰ ਦੀ ਚਾਲ-ਢਾਲ ਉਹਨਾਂ ਨੂੰ ਦੂਜੇ ਅਧਿਆਪਕਾ ਨਾਲੋਂ ਬਿਲਕੁਲ ਵੱਖਰੀ-ਵੱਖਰੀ ਲਗਦੀ। ਨਾ ਉਸ ਨੂੰ ਅਪਣੇ ਆਪ ਦੀ ਸੁੱਧ-ਬੁੱਧ ਹੁੰਦੀ, ਨਾ ਲੀੜੇ-ਕਪੜੇ ਦੀ। ਕੁੜਤਾ-ਪਜਾਮਾ ਜੇ ਮੈਲਾ ਤਾਂ ਮੈਲਾ ਈ, ਜੇ ਧੋਤਾ ਤਾਂ ਸਲ੍ਹੀਆਂ ਵਲ੍ਹਾਂ ਨਾਲ ਸ਼ਕਲੋਂ ਬੇ-ਸ਼ਕਲ। ਪੈਰੀਂ ਪਾਈ ਜੁੱਤੀ-ਚੱਪਲ ਵੀ ਘੱਟੇ-ਮਿੱਟੀ ਨਾਲ ਲੱਥ-ਪੱਥ।

ਬੱਸ ਇਕੋ-ਇਕ ਬਸ਼ਤਰ ਸੀ ਪਗੜੀ, ਜਿਸ ਨੂੰ ਖੂਬ ਘੁੱਟ-ਲਿਪੇਟ ਕੇ ਬੰਨ੍ਹਦਾ। ਪੋਚ-ਸੁਆਰ ਕੇ ਰੱਖਦਾ। ਇਸ ਦੇ ਪੋਚੇ-ਸੁਆਰੇ ਲੜਾਂ ਤੋਂ ਉਹ ਅਧਿਆਪਕ ਵੀ ਲਗਦਾ ਤੇ ਕੋਈ ਅਫਸਰ ਵੀ।

ਗਾਮੀ ਤੋਚੀ ਆਨੇ-ਬਹਾਨੇ ਉਸ ਕੋਲ ਜਾ ਅੱਪੜਦਾ।

ਬਹੁਤੀ ਵਾਰ ਸਕੂਲੇ ਹੀ ਉਸਦੇ ਕਮਰੇ 'ਚ ਸਾਇੰਸ ਰੂਮ 'ਚ। ਵਿਚ ਵਾਰ ਉਸਦੇ ਘਰ, ਉਸਦੇ ਪਿੰਡ।

ਉਸ ਦਿਨ ਸ਼ਾਇਦ ਪਰਮਜੀਤ ਮਾਸਟਰ ਨੇ ਉਹਨਾਂ ਨੂੰ ਪਿੰਡ ਗਿਆਂ ਨੂੰ ਪਹਿਲੀ ਵਾਰ ਰੋਕਿਆ ਸੀ, ਰਾਤ ਠਹਿਰਣ ਲਈ ਅਪਣੇ ਕੋਲ, ਬਾਹਰ ਬੰਬੀ ਤੇ।...ਉਸਦੀ ਪੇਚਦਾਰ ਪਗੜੀ ਹੇਠ ਨੱਪ ਹੋਈ ਬੁਲਬੁਲ ਦੇਖਕੇ, ਹੈਰਾਨੀ ਹੀ ਨਹੀਂ ਅਚੰਭਾ ਹੋਇਆ ਸੀ ਉਹਨਾਂ ਨੂੰ। ਹੋਰ ਵੀ ਪੰਜ-ਚਾਰ 'ਓਪਰੇ ਜਿਹੇ' ਮਿਲੇ ਸਨ ਉਥੇ। ਸੱਭ ਦੀ ਸ਼ਕਲ ਸੂਰਤ ਇਕੋ—ਲੋੜ ਪੈਣ ਤੇ ਸਿੰਘ-ਬੰਧੂ, ਕਦੀ-ਕਦਾਈਂ ਮੀਆਂ-ਮੁੱਲਾਂ। ਆਮ-ਦਿੱਖ ਲਈ ਬਾਂਬੂ ਜੀ।

ਤੋਚੀ ਗਾਮੀ ਕਿੰਨਾ ਈ ਚਿਰ ਉਹਨਾਂ ਵਲ ਦੇਖਦੇ ਰਹੇ ਸਨ, ਇਕ-ਟੱਕ। ਦੁਬਿਧਾ ਗ੍ਰਸਤ ਹੋਏ।

"...ਇਹ ਸ਼ਕਲ-ਸੂਰਤ ਦੀ ਇੱਕ-ਸਾਰਤਾ, ਢੇਰ ਸਾਰਾ ਬਚਾ ਕੀਤੀ ਰੱਖਦੀ ਐ, ਮਨੁੱਖ-ਮਾਤਰ ਦਾ—ਹੀਣ-ਭਾਵਨਾ, ਉੱਚ-ਭਾਵਨਾਂ ਦੇ ਮਨੋਰਥ ਤੋਂ.." ਪੱਮੀ ਮਾਸਟਰ ਦੇ ਇਸ ਸਿੱਧੇ-ਸਾਧੇ ਵਾਕ ਨੇ ਤੋਚੀ ਨੂੰ ਤਾਂ ਰਤੀ ਭਰ ਵੀ ਸਹਿਜ ਨਹੀਂ ਸੀ ਕੀਤਾ ਪਰ ਗਾਮੀਂ ਅੰਦਰਲੇ ਤੌਖਲੇ ਨੂੰ ਕਾਫ਼ੀ ਸਾਰੀ ਰਾਹਤ ਮਿਲੀ ਸੀ, ਮੁੱਖ-ਅਧਿਆਪਕ ਪੰਡਿਤ ਤੀਰਥ ਰਾਮ ਵਲੋਂ ਪ੍ਰਾਥਨਾ ਬੜੇ ਤੋਂ ਨਿੱਤ ਦਿਨ ਮਿਲਦੀਆਂ ਨਸੀਅਤਾਂ-ਹਦਾਇਤਾਂ ਨਾਲ ਇਕ-ਮਿੱਕ ਹੋ ਕੇ ਜੀਵਨ ਸੰਬੰਧੀ, ਪੜ੍ਹਾਈ ਸੰਬੰਧੀ, ਅਨੁਸ਼ਾਸ਼ਨ ਸੰਬੰਧੀ, ਖਾਸ ਕਰ ਵਰਦੀ ਅਨੁਸ਼ਾਸ਼ਣ ਸੰਬੰਧੀ।...ਇਹ ਸਕੂਲ ਯੂਨੀਫਾਰਮ, ਇਕੋ-ਵਰਗੀ ਦਿੱਖ, ਹਰ ਬੱਚੇ ਦੇ ਇਕ ਬਰਾਬਰ ਦਿੱਸਣ ਦਾ ਸਭ ਤੋਂ ਪਹਿਲਾ ਆਧਾਰ ਹੁੰਦੀ ਐ। ਕਲਾਸ ਕਮਰੇ 'ਚ ਬੈਠਾ ਨਾ ਕੋਈ ਵਿਦਿਆਰਥੀ ਅਮੀਰ ਘਰੋਂ ਆਇਆ ਲਗਦਾ, ਨਾ ਗਰੀਬ ਘਰੋਂ... ਜਾਤੀ-ਜਮਾਤੀ ਉੱਚ-ਭਾਵਨਾ, ਹੀਣ-ਭਾਵਨਾ ਤੋਂ ਬਿਲਕੁਲ ਮੁਕਤ।"

ਸਕੂਲੀ ਪੜ੍ਹਾਈ ਪੜ੍ਹਦਾ ਗ਼ਾਮੀ ਸੱਚ-ਮੱਚ ਹੀ ਕਿਸੇ ਜਾਤੀ-ਜਮਾਤੀ ਹੀਣ-ਭਾਵਨਾ ਦਾ ਸ਼ਿਕਾਰ ਨਹੀਂ ਸੀ ਹੋਇਆ। ਨਾ ਹੀ ਉਸਦੇ ਕਿਸੇ ਸੰਗੀ-ਸਾਥੀ, ਹਾਣੀ-ਬੇਲੀ ਨੇ ਉਸਦੇ ਮਾਂ-ਪਿਓ ਦੀ ਬਰਾਦਰੀ ਹੋਂਦ ਦਾ ਜ਼ਿਕਰ ਕੀਤਾ ਸੀ ਉਸ ਨਾਲ। ਉਹਨਾਂ ਦੇ ਬੇ-ਜ਼ਮੀਨੇ ਦਿਹਾੜੀਦਾਰ ਹੋਣ ਦਾ ਮਿਹਣਾ ਜਿਹਾ ਮਾਰਕੇ।

ਪਰ, ਰਤਾ ਕੁ ਵੱਡੇ ਹੋਏ ਨੂੰ, ਕਾਲਜ ਦੀ ਜੂਹ 'ਚ ਘੁੰਮਦੇ-ਫਿਰਦੇ ਨੂੰ ਪਤਾ ਨਈਂ ਕਿਵੇਂ ਇਹਨਾਂ ਸੰਗਿਆਵਾਂ ਦੀ ਪਰਛਾਈ ਪਹਿਲਾਂ ਉਸਦੇ ਧੁਰ ਅੰਦਰ ਕਿਧਰੇ ਉੱਸਲਵੱਟੇ ਲੈਣ ਲੱਗ ਪਈ ਫਿਰ ਉਸਦੇ ਤਨ-ਬਦਨ ਨੂੰ ਅੱਛਾ-ਖਾਸਾ ਠਾਰਨ ਸੇਕਣ ਲੱਗ ਪਈ। ਕਿਤਾਬੀ ਪੜ੍ਹਾਈ ਕਰਦਿਆਂ ਉਸਦਾ ਧਿਆਨ ਉੱਖੜ-ਉੱਖੜ ਪੈਣ ਲੱਗ ਪਿਆ। ਉਸਨੂੰ ਕਲਾਸੋਂ ਅੰਦਰ-ਬਾਹਰ ਆਉਂਦੇ ਜਾਂਦੇ ਨੂੰ ਇਉਂ ਲਗਦਾ, ਜਿਵੇਂ ਥਾਂ-ਪੁਰ-ਥਾਂ ਮਿਲੀ-ਟੱਕਰੀ ਵਿਹਲੀ ਮੰਢੀਰ ਉਸ ਵਲ ਹੋਰੂ-ਹੋਰੂ ਜਿਹਾ ਝਾਕਦੀ ਰਹੀ ਹੋਵੇ। ਉਸ ਨੂੰ ਲੈਂਡ-ਲੈੱਸ ਕੰਮੀ-ਕਾਮਾਂ ਜਾਂ ਦਿਹਾੜੀ ਕੁੱਟ ਵਰਗੇ ਲੇਖਾਂ-ਸਿਰਲੇਖਾਂ ਨਾਲ ਯਾਦ ਕਰਦੀ ਰਹੀ ਹੋਵੇ—ਉਸਦਾ ਸਾਦ-ਮੁਰਾਦਾ ਪਹਿਰਾਵਾ ਦੇਖਕੇ ਜਾਂ ਉਸਦੇ ਚਿਹਰੇ ਤੇ ਉੱਕਰ ਹੋਈ ਬੇ-ਜ਼ਮੀਨੇ ਘਰ ਦੀ ਆਭਾ ਸਾਫ਼-ਸਾਫ਼ ਦਿਸਦੀ ਹੋਣ ਕਰਕੇ, ਵਰਦੀ-ਅਨੁਸ਼ਾਸ਼ਣ ਊਈ ਖ਼ਾਰਜ ਸੀ ਕਾਲਜੋਂ।

ਮਾਂ-ਬਾਪ ਦੇ ਗੁੱਸੇ-ਰਾਜ਼ੀ ਹੋਣ ਦੇ ਬਾਵਜੂਦ ਬਣਾਈ ਪੱਮੀ ਮਾਸਟਰ ਵਰਗੀ ਸ਼ਕਲ-ਸੂਰਤ ਨੇ ਤਾਂ ਉਸ ਲਈ ਹੋਰ ਵੀ ਬਿਪਤਾ ਖੜੀ ਕਰ ਛੱਡੀ—ਹਰ ਜਾਣ-ਅਣਜਾਣ ਉਸ ਕੋਲੋਂ ਦੀ ਲੰਘਦਾ, ਮੁਸਕੜੀਏ ਹੱਸਦਾ, ਕੋਈ ਜਣਾ ਪੰਚ-ਟਕੋਰ ਵੀ ਲਾਉਂਦਾ।

ਇਸ ਸਾਰੀ ਲੱਗ-ਲਬੇੜ 'ਚ ਉਹ ਲਿਖਣ-ਪੜ੍ਹਨ ਕਾਰਜ ਵਲੋਂ ਅਵੇਸਲਾ ਹੁੰਦਾ ਗਿਆ। ਅਸਲੋਂ ਹੀ ਢਿੱਲਾ। ਕਈ ਕਈ ਨਾਗੇ ਕਰਦਾ, ਉਹ ਕਾਲਜ ਜਾਣੋਂ ਬੰਦ ਈ ਹੋ ਗਿਆ। ਘਰ ਬੈਠ ਗਿਆ। ਪਰ, ਇਉਂ ਨਈਂ ਜਿਵੇਂ ਹੁਣ ਬੈਠ ਗਿਆ ਸੀ। ਸਾਹ ਸੂਤ ਕੇ, ਗੁੰਮ ਸੁੰਮ ਹੋ ਕੇ। ਚੰਗਾ ਭਲਾ ਕਾਰ ਕਿੱਤੇ ਲੱਗਾ, ਮੁਨਸ਼ੀਗੀਰੀ ਦੇ ਸ਼ਾਮ ਬਾਬੂ ਦੇ ਭੱਠੇ ਤੇ।

ਉਦੋਂ ਉਸਨੂੰ ਕਿੰਨੀ ਸਾਰੀ ਸਮਝ-ਸੂਝ ਹੈ ਸੀ। ਦੱਸ ਸਕਦਾ ਸੀ। ਸਮਝਾ ਸਕਦਾ ਸ਼ੀ ਹਰ ਕਿਸੇ ਨੂੰ, ਪੱਮੀ ਮਾਸਟਰ ਦੀ ਬਦੌਲਤ—ਜੋ ਕੁਝ ਉਹ ਕਰ ਰਿਹੈ। ਜਿੰਨਾ ਕੁ ਪੜ੍ਹ-ਲਿਖ ਰਿਹੈ। ਜੀਹਦੇ ਲਈ ਲਿਖ ਪੜ੍ਹ ਰਿਹੈ। ਉਸਦੀ ਲਿਖਾ-ਪੜ੍ਹੀ ਦੇ ਕਿੰਨੇ ਗੁਣੇ ਪੈਣੇ? ਕੀ ਮਿਲੂ ਉਸਨੂੰ? ਉਸਦੇ ਮਾਤਾ-ਪਿਤਾ ਨੂੰ? ਕਿੰਨਾ ਕੁ ਲਾਭ ਹਊ ਉਸ ਨੂੰ 'ਨੌਕਰੀ' ਦੇਣ ਵਾਲੇ ਨੂੰ। ਕੰਮ ਤੇ ਰੱਖਣ ਵਾਲੇ ਮਾਲਕ ਨੂੰ?



ਹੁਣ...ਹੁਣ ਮੁਨਸ਼ੀਗੀਰੀ ਦੀ ਢਾਈ ਹਜ਼ਾਰ ਤਨਖਾਹ ਛੱਡ ਕੇ ਉਸ ਤੋਂ ਕੁਝ ਵੀ ਨਹੀਂ ਸੀ ਦੱਸ ਹੋ ਰਿਹਾ, ਕਿਸੇ ਨੂੰ।

ਕਿਸੇ ਤੋਂ ਪਹਿਲਾਂ ਅਪਣੇ ਆਪ ਨੂੰ ਵੀ ਨਹੀਂ।

ਉਸਦੀ ਸਾਰੀ ਸਮਝ-ਸੂਝ ਜਿਵੇਂ ਇਸ ਥਾਂ ਆ ਕੇ ਜਵਾਬ ਦੇ ਗਈ ਹੋਵੇ, ਅਟਕ ਗਈ ਹੋਵੇ।

ਤੋਚੀ ਨੇ ਵੀ ਇਸ ਵਾਰ ਉਸਨੂੰ ਸਲਾਹ-ਮਸ਼ਵਰੇ ਦੀ ਥਾਂ ਚੰਗੀ ਭਰਵੀਂ ਚੋਭ ਲਾਈ, ਜ਼ਰਾ ਲੁਕਵੇਂ ਢੰਗ ਨਾਲ—"ਜਦੋਂ ਵੇਲਾ ਸੀ, ਉਦੋਂ ਹਿੱਲਿਆ ਨਈਂ ਤੁਰਿਆ ਠਈਂ ਕਿਸੇ ਬੰਨੇ। ਉਦੋਂ ਹਾਅ ਬਾਬੂਗੀਰੀ ਜਿਹੀ ਘੁੱਟ ਕੇ ਫੜੀ ਰੱਖੀ...ਹੁਣ ਕੀ ਲੱਭੂ ਉਥੋਂ ?...ਹੁਣ ਅਪਣੇ ਨਾਲ ਨਈਂ ਤਾਂ ਬੁੱਢੇ ਮਾਂ-ਪਿਓ ਅਲ੍ਹ ਈ ਦੇਖ ਲਾਆ ਕੁਸ਼...!!"

...ਬੁੱਢੇ ਮਾਂ ਪਿਓ ਵਲ੍ਹ 'ਦੇਖਣ' ਖ਼ਾਤਰ ਹੀ ਤਾਂ ਗ਼ਾਮੀ ਨੇ ਸ਼ਾਮ ਬਾਬੂ ਦੀ ਨੌਕਰੀ ਕਰਨੀ ਠੀਕ ਸਮਝੀ ਸੀ, ਉਨੀਂ ਦਿਨੀਂ! ਇਕੋ ਵਾਰ ਭਵਾਕਾ ਮਾਰ ਕੇ ਬੁਝ ਜਾਣ ਦੀ ਥਾਂ ਉਸਨੇ ਨਿੰਮੀ-ਨਿੰਮੀ ਲਾਟੇ ਜਗਦੇ ਰਹਿਣਾ ਮੁਨਾਸਿਬ ਸਮਝਿਆ, ਨਹੀਂ ਤਾਂ ਉਦੋਂ ਦੇ ਝੱਖੜ-ਝਾਂਜੇ 'ਚ ਕੀ ਪਤਾ ਲਗਦਾ ਸੀ, ਕਿਹੜਾ ਕੀ ਕਰ ਗਿਆ, ਕਿਹੜਾ ਕਿੰਨਾ ਰੱਖ ਗਿਆ।

ਉਦੋਂ ਅਜੇ ਕਾਫੀ ਸਾਰੀ ਲਾਗ ਬਾਕੀ ਸੀ ਉਸਤੇ. ਪੱਮੀ ਮਾਸਟਰ ਤੋਂ ਗ੍ਰਹਿਣ ਕੀਤੀ ਸਿਖ਼ਸ਼ਾ ਦੀ।...ਭੱਠੇ ਦਾ ਕੰਮ ਕਾਰ ਕਰਦਾ ਵੀ, ਉਹ ਅਪਣੇ ਕੰਮ ਲੱਗਾ ਰਹਿੰਦਾ। ਪੜ੍ਹਨ-ਪੜ੍ਹਾਈ ਦੇ। ਸਕੂਲ ਵੇਲੇ ਤੋਂ ਲੱਗੀ ਚੇਟਕ, ਪੜਾ-ਵਾਰ ਪੱਕੀ ਹੁੰਦੀ ਗਈ। ਕਾਲਜ ਛੱਡਣ ਪਿਛੋਂ ਹੋਰ ਵੀ ਪੱਕੀ। ਪੱਮੀ ਮਾਸਟਰ ਨੇ ਉਸ ਨੂੰ ਕੰਮ ਵੀ ਉਹੋ ਜਿਹਾ ਸੌਂਪਿਆ, ਉਸਦੇ ਮਨਭਾਉਂਦਾ। ਕਾਲਜੋਂ ਵਿਹਲਾ ਹੋਏ ਨੂੰ। ਚੁਸਤ-ਫੁਰਤੀਲਾ ਹੋਣ ਕਰਕੇ—'ਲੁਪਤ-ਗੁਪਤ ਛਪਦੇ ਪੱਤਰ-ਪੁਸਤਕਾਂ, ਲੁਪਤ-ਗੁਪਤ ਥਾਵਾਂ ਤੇ ਅਪੜਦੀਆਂ ਕਰਨਾ। ਵੇਲੇ-ਕੁਵੇਲੇ। ਰਾਤ-ਬਰਾਤੇ। ਬੜੀ ਚੌਕਸੀ ਨਾਲ। ਇਕ ਥਾਂ ਤੋਂ ਦੂਜੀ ਥਾਂ। ਦੂਜੀ ਤੋਂ ਤੀਜੀ, ਤੀਜੀ ਤੋਂ ਫਿਰ ਅੱਗੇ।

ਇਸ ਢੋਆ-ਢੁਆਈ 'ਚ ਉਸ ਨੂੰ ਇਕ ਵਾਰ ਐਹੋ ਜਿਹੀ ਚੀਜ਼-ਵਸਤ ਚੱਕਣੀ ਪਈ, ਜਿਸ ਨੂੰ ਦੇਖਕੇ ਇਕ ਵਾਰ ਤਾਂ ਉਹ ਊਈਂ ਬੌਂਦਲ ਗਿਆ—ਵੱਡੀ ਬੋਰੀ ਦੇ ਉਛਾੜ 'ਚ ਲਿਪਟੀ ਜੰਗਾਲੀ ਜਿਹੀ ਥਰੀ-ਨਾਟ ਥਰੀ, ਰਾਈਫਲ।

ਫਿਰ ਥੋੜਾ ਕੁ ਸੰਭਲ ਕੇ ਬੜੀ ਚੌਕਸੀ ਨਾਲ, ਹੋਰ ਵੀ ਤੜਕਸਾਰ ਉੱਠ ਕੇ ਅਪਣਾ ਕਾਰਜ ਸਿਰੇ ਚਾੜ੍ਹਿਆ, ਡਰਦੇ-ਡਰਦੇ ਨੇ, ਪਰ ਛੇਤੀ ਹੀ ਉਸਦੇ ਕਦਮ ਪਹਿਲੀ ਚਾਲੇ ਹੋ ਤੁਰੇ। ਆਉਂਦੇ ਗੇੜਿਆਂ ਲਈ। ਨਿਡਰ ਜਿਹੇ ਬਣ ਕੇ, ਨਿਰ ਭੈਅ ਜਿਹੇ ਹੋ ਕੇ।

ਸ਼ਾਮ ਬਾਬੂ ਦੇ ਭੱਠੇ ਦੀ ਮੁਨਸ਼ੀਗੀਰੀ ਕਰਦਾ ਵੀ, ਉਹ ਕਿਸੇ ਤੋਂ ਕਦੀ ਨਹੀਂ ਸੀ ਡਰਿਆ। ਨਾ ਸਰਪੰਚ ਦੀਆਂ ਗਿੱਦੜ-ਭਵਕੀਆਂ ਤੋਂ, ਨਾ ਬਾਵੇ ਦੇ ਸਿੱਧੇ ਹਮਲੇ ਤੋਂ।

ਜੇ ਉਹ ਚਾਹੁੰਦੇ ਤਾਂ ਅੱਖ ਫਰੋਕੇ ਅੰਦਰ ਹੀ ਢੇਰੀ ਕਰ ਸਕਦੇ ਸਨ ਗ਼ਾਮੀ ਨੂੰ। ਪਰ, ਉਨ੍ਹਾਂ ਕੀਤਾ ਨਾ, ਉਸਦੇ ਪੂਰਬਲੇ ਇਤਿਹਾਸ ਤੋਂ ਵਾਕਿਫ ਹੋਣ ਕਰਕੇ। ਤੋਚੀ ਰਾਹੀਂ। ਤੋਚੀ ਰਾਹੀਂ ਹੀ

ਉਹਨਾਂ ਗ਼ਾਮੀ ਨੂੰ ਆਖ ਵੀ ਭੇਜਿਆ, ਤਾੜਨਾ ਵੀ ਕੀਤੀ ਸੀ ਕਈ ਵਾਰ—'...ਭਲਾ-ਮਾਣਸ ਬਣ
ਕੇ ਦਾੜ੍ਹੀ-ਕੇਸ ਕਤਲ ਕਰਨੇ ਛੱਡ ਨਹੀਂ ਤਾ, ਤੈਨੂੰ...ਵਿਚੇ ਈ ਤੇਰੇ ਸਿਰ-ਘਸੇ ਜਿਹੇ ਬਾਊ ਨੂੰ...।'

ਗ਼ਾਮੀ ਨੂੰ ਉਹਨਾਂ ਦੇ ਖੋਖਲੇ ਜਿਹੇ ਦਬਕੇ-ਦਬਾਕਿਆਂ ਦਾ ਇਲਮ ਸੀ, ਮੂੰਹ-ਜ਼ਬਾਨੀ ਦੀਆਂ
ਗਿੱਦੜ-ਭਬਕੀਆਂ ਦਾ। ਉਹ ਨਾਂ ਤਾਂ ਸ਼ਾਮ ਬਾਬੂ ਨੂੰ ਈ ਸੱਟ-ਪੇਟ ਮਾਰ ਕੇ ਰਾਜ਼ੀ ਸਨ, ਨਾ ਗ਼ਾਮੀ
ਨੂੰ। ਸੋਨੇ ਦੇ ਆਂਡੇ ਦਿੰਦੇ ਸਨ ਦੋਨੋਂ।...ਗ਼ਾਮੀ ਨੂੰ ਤਾਂ ਉਹ ਜੋੜਨਾ ਚਾਹੁੰਦੇ ਸਨ ਪੱਕੀ ਤਰ੍ਹਾਂ
ਅਪਣੇ ਨਾਲ ਅਪਣੀ ਲਹਿਰ ਨਾਲ। ਦੂਜੇ ਵੰਨਿਉਂ ਤੋੜ ਕੇ।

ਇਸ ਕੰਮ ਲਈ ਉਹਨਾਂ ਸੱਦਿਆ ਵੀ ਉਸ ਨੂੰ ਦੋ-ਤਿੰਨ ਵਾਰ, ਬਾਹਰ ਕਿਸੇ ਥਾਂ। ਗਾਮੀ
ਗਿਆ ਵੀ ਦੱਸੇ ਸਮੇਂ ਤੇ ਦੱਸੇ ਟਿਕਾਣੇ ਤੇ। ਜਾ ਕੇ ਪੇਸ਼ ਵੀ ਹੋਇਆ ਉਹਨਾਂ ਦੀ ਕਚਹਿਰੀ 'ਚ
ਪਰ ਉਹ...ਉਹਨਾਂ ਦੀ ਪੇਸ਼ਕਸ਼ ਪ੍ਰਵਾਨ ਕਰਨ ਲਈ ਕਿਸੇ ਵੀ ਤਰ੍ਹਾਂ ਹਾਂ ਨਹੀਂ ਸੀ ਕਰ ਸਕਿਆ।

ਆਖ਼ਿਰ ਉਹਨਾਂ ਇਕ ਦਾਅ ਹੋਰ ਵਰਤਿਆ। ਗਾਮੀ ਦੀ ਵਜ੍ਹਾ-ਕਤਾ ਦਾ, ਉਸਦਾ ਥੋੜ੍ਹਾ ਕੁ
ਜਾਣੂ-ਪਛਾਣੂ ਬੰਦਾ ਬੜੀ ਉਚੇਚ ਨਾਲ ਉਸਦੇ ਪਿੱਛੇ ਲਾ ਦਿੱਤਾ।

ਥੋੜਾ ਕੁ ਫੇਰ ਵਗਲ ਪਾ ਕੇ।

ਉਸ ਨੇ ਕਾਫ਼ੀ ਸਾਰੀ ਸਾਂਝ-ਭਿਆਲੀ ਕਾਇਮ ਕਰਕੇ ਇਕ ਦਿਨ ਗਾਮੀਂ ਦੀ ਦੁਖਦੀ ਰਗ
ਟੋਹ ਲਈ, ਟੋਹੀ ਈ ਨਹੀਂ ਅੱਛੀ ਖ਼ਾਸੀ ਛੇੜ ਵੀ ਛੱਡੀ—ਉਸਨੂੰ ਬੇ-ਜ਼ਮੀਨਾਂ ਹੋਣ ਦਾ ਮਿਹਣਾ
ਜਿਹਾ ਮਾਰਕੇ। ਜਿੰਮੀ-ਮਾਲਕੀ ਨਸ਼ੇ ਤੋਂ ਵਾਂਝਾ ਹੋਣ ਦਾ ਉਲ੍ਹਾਮਾ ਜਿਹਾ ਦੇ ਕੇ। ਗੱਲਾਂ-ਗੱਲਾਂ 'ਚ।

ਪੱਮੀ ਮਾਸਟਰ ਨਾਲ ਘੁੰਮਦਿਆਂ-ਵਿਚਰਦਿਆਂ ਤਾਂ ਗਾਮੀ ਨੇ ਇਸ ਰਗ ਨੂੰ ਭਰਨੋਂ-ਫਿਸਣੋਂ
ਕਾਫ਼ੀ ਸਾਰਾ ਰੋਕੀ ਰਖਿਆ ਸੀ। ਮੁਨਸ਼ੀਗੀਰੀ ਦੇ ਟੋਰ-ਟੱਪੇ ਨੇ ਵੀ ਇਸ ਦੇ ਫੁਰਕਣ-ਫੱਟਕਣ ਦਾ
ਕਦੀ ਚੇਤਾ ਨਹੀਂ ਸੀ ਆਉਣ ਦਿੱਤਾ। ਪਰ, ਉਸਦੀ ਵਜ੍ਹਾ-ਕਤਾ ਵਾਲੇ ਬੰਦੇ ਨੇ ਉਸਦੀ ਉਦੋਂ
ਤੱਕ ਦੀ ਰੱਖ-ਸੰਭਾਲ ਕਾਫੀ ਸਾਰੀ ਖਿੰਡ ਬਿਖੇਰ ਦਿੱਤੀ।...ਉਸਦੇ ਭਲੇ-ਚੰਗੇ ਚਲਦੇ-ਫਿਰਦੇ ਅੰਗ
ਪੈਰ ਮੁੜ ਤੋਂ ਅਚੋਆਈ ਜਿਹੀ, ਤੋੜਾ-ਖੋਹੀ ਜਿਹੀ ਦੀ ਗ੍ਰਿਫ਼ਤ ਅੰਦਰ ਦੱਸੇ ਗਏ।

'...ਅਜੇ ਵੀ ਡੁੱਲ੍ਹੇ ਬੇਰਾਂ ਦਾ...,' ਬੱਸ ਐਨੀ ਕੁ ਗੱਲ ਗ਼ਾਮੀ ਦੇ ਮੱਥੇ 'ਚ ਖੁਣ ਕੇ, ਉਸਨੇ
ਉਵੇਂ ਦੀ ਉਵੇਂ ਬਾਤ-ਵਾਰਤਾ ਸਰਪੰਚ ਨੂੰ ਜਾ ਦੱਸੀ।

ਅਗਲੇ ਹੀ ਦਿਨ ਸਰਪੰਚ ਗਾਮੀਂ ਕੋਲ ਪਹੁੰਚ ਗਿਆ ਸੀ, ਹਨੇਰੇ ਪਏ। ਮਾਣ-ਮੱਤਾ।

ਗਾਮੀ ਜਾਣ ਈ ਲਗਾ ਸੀ ਘਰ ਨੂੰ। ਚਾਬੀ ਲਾਉਣ ਈ ਲੱਗਾ ਸੀ ਬਾਹਰਲੇ ਜਿੰਦਰੇ ਨੂੰ।
ਸਰਪੰਚ ਦਾ ਖੰਗੂਰਾ ਸੁਣ ਕੇ ਥਾਏਂ ਜੰਮ ਗਿਆ। ਉਸ ਅੰਦਰਲੀ ਧੜਕਣ, ਇਕ ਵਾਰ ਤਾਂ ਪੂਰੇ
ਜ਼ੋਰ ਦੀ ਖੜਕ ਕੇ ਜਿਵੇਂ ਰੁਕਣ ਕੰਢੇ ਪਹੁੰਚ ਗਈ ਸੀ।

"ਕਿਉਂ ਡਰ ਗਿਆ...," ਸਰਪੰਚ ਨੂੰ ਹੂੰ-ਹਾਂ ਕਹਿਣ ਦੀ ਹਿੰਮਤ ਵੀ ਗਾਮੀ ਅੰਦਰ ਘੜੀ
ਪਲ ਅਟਕ ਕੇ ਪੈਦਾ ਹੋਈ ਸੀ, ਉਸਦਾ ਭਾਰਾ ਮੁਲਾਇਮ ਹੱਥ ਅਪਣੇ ਮੋਢੇ ਤੇ ਟਿਕਿਆ ਦੇਖਕੇ।

"...ਆਹ ਲੈ ਫੜ੍ਹ, ਸਾਂਭ ਰਾਖੀ ਕਰੂ ਤੇਰੀ। ਤੈਨੂੰ ਤਾਂ ਫਿਕਰ ਨਈਂ ਅਪਣੀ, ਮੈਨੂੰ ਤਾਂ
ਹੈਅ ਜਾਂ।' ਕੱਲਾ-ਕੈਰ੍ਹਾਂ ਹੁੰਨਾਂ ਤੂੰ ਭੱਠੇ ਤੇ। ਨ੍ਹੇਰੇ-ਸਵੇਰੇ ਆਉਣਾ-ਜਾਣਾ ਹੁੰਦਾਅ ਪਿੰਡ ਨੂੰ। ਹੋਰ ਨਾ
ਜਾਹ ਜਾਣੀਏ...। ਉਂ ਵੀ ਤੇਰੇ ਆਹ ਬਾਊ ਕੰਜਰ ਦੀ ਬੋਲ-ਬਾਣੀ...," ਬੰਦ ਭਿੱਤਾਂ ਨਾਲ ਢੋਅ
ਲਾਈ ਖੜੇ ਸਰਪੰਚ ਨੇ ਉਸਨੂੰ ਕਈ ਸਾਰੀਆਂ ਗੱਲਾ ਹੋਰ ਵੀ ਕਹੀਆਂ। ਕਈ ਸਾਰੀਆਂ ਹਦਾਇਤਾਂ



ਹੋਰ ਵੀ ਦਿੱਤੀਆਂ। ਉਹ ਜਿਵੇਂ ਉਸਨੂੰ ਸੁਣੀਆਂ ਈ ਨਾ ਹੋਣ। ਉਸਦੀ ਸੁਰਤ-ਬਿਰਤੀ ਤਾਂ
ਕਿਧਰੇ ਹੋਰ ਈ ਪਾਸੇ ਜਾ ਜੁੜੀ ਸੀ—ਅੱਧੀ ਕੁ ਸ਼ਾਮ ਬਾਬੂ ਦੀ ਬੋਲ ਬਾਣੀ ਨਾਲ, ਭੱਠਾ ਲੇਬਰ
ਨਾਲ ਉਸਦੇ ਵਰਤੋਂ-ਵਿਹਾਰ ਨਾਲ। ਜਿਸ ਵਿਚ ਗਾਮੀ ਆਪਣੇ ਆਪ ਨੂੰ ਵੀ ਸ਼ਾਮਿਲ ਸਮਝਦਾ
ਸੀ। ਤੇ ਅੱਧੀ ਕੁ ਸਰਪੰਚ ਦੇ ਬਦਲੇ ਵਤੀਰੇ ਨਾਲ।...ਸਰਪੰਚ ਨੇ ਇਸ ਵਾਰ ਸ਼ਾਮ ਬਾਬੂ ਨੂੰ ਤਾਂ
ਸਿਰ ਘਸਿਆ ਕਹਿਣ ਤੋਂ ਵੀ ਤਿੱਖੀ 'ਕੰਜਰ' ਹੋਣ ਤੱਕ ਦੀ ਤੋਹਮਤ ਲਾਈ, ਪਰ ਗ਼ਾਮੀ ਨੂੰ
ਉਸਦੀ ਸ਼ਕਲ-ਸੂਰਤ ਦਾ ਕੋਈ ਉਲ੍ਹਾਮਾ ਨਹੀਂ ਸੀ ਦਿੱਤਾ।

ਗਾਮੀਂ ਦੇ ਰੱਖ-ਬਚਾ ਦੀ ਸਾਰੀ ਚਿੰਤਾ ਵੀ ਸਰਪੰਚ ਨੇ ਅਪਣੀ ਨਿੱਜੀ ਫ਼ਿਕਰਮੰਦੀ 'ਚ
ਸ਼ਾਮਿਲ ਕਰ ਲਈ ਸੀ, ਇਸ ਵਾਰ।

ਉਸਦੀਆਂ ਧਮਕੀਆਂ ਡਰਾਉਣੀਆਂ ਹੁਣ ਤੱਕ, ਭਾਵੇਂ ਨਾ ਤਾਂ ਗਾਮੀ ਉੱਪਰ ਹੀ ਸਿੱਧੀਆਂ
ਡਿੱਗੀਆਂ ਸਨ, ਨਾ ਹੀ ਸ਼ਾਮ ਬਾਬੂ ਉੱਤੇ। ਤਾਂ ਵੀ ਉਸਦੇ ਰੁੱਖੇ-ਹਾਕਮੀਂ ਪੈਂਤੜੇ ਤੋਂ ਗਾਮੀ ਕਦੇ
ਅਵੇਸਲਾ ਨਹੀਂ ਸੀ ਹੋਇਆ।

ਉਸ ਨੂੰ ਲੱਗਾ ਜਾਂ ਤਾਂ ਸਰਪੰਚ ਇਸ ਵਾਰ ਅਪਣੀ ਥਾਂ ਤੋਂ ਕਿੰਨਾ ਸਾਰਾ ਹਟ ਕੇ ਪੱਮੀ
ਮਾਸਟਰ ਲਾਗੇ, ਉਸਦੀ ਬੰਬੀ ਤੇ ਮਿਲਦੇ-ਟੱਕਰਦੇ ਰਹੇ ਬੰਦਿਆਂ ਦੀ ਸੋਚ-ਧਾਰਾ ਲਾਗੇ ਜਾ ਖੜਾ
ਹੋਇਆ ਹੈ, ਜਾਂ ਫਿਰ ਉਹ...ਉਹ ਆਪ ਸਰਪੰਚ ਦੇ ਨੇੜੇ, ਥੋੜ੍ਹਾ ਕੁ ਥੋਰ ਨੇੜੇ ਹੋ ਚੁੱਕਿਆ ਹੈ।

ਇਸ ਅੜਾਉਣੀ 'ਚ ਘਿਰਿਆ, ਉਹ ਥੋੜ੍ਹਾ ਕੁ ਚਿਰ ਹੋਰ ਉਵੇਂ ਦਾ ਉਵੇਂ ਖੜਾ ਰਿਹਾ,
ਚੁੱਪਚਾਪ।

"...ਕਿੱਥੇ ਗੁਆਚ ਗਿਐਂ ?" ਸਰਪੰਚ ਨੇ ਉਸਦਾ ਲੰਮਕਦਾ ਹੱਥ, ਉਚੇਚ ਨਾਲ ਉੱਪਰ
ਚੱਕ ਕੇ, ਅਖ਼ਬਾਰੀ ਕਾਗਜ਼ 'ਚ ਲਿਪਟੀ ਕਰੜੀ ਜਿਹੀ ਸ਼ੈਅ-ਵਸਤ ਬੜੇ ਸਹਿਜ ਨਾਲ ਉਸਦੀ
ਸੱਜੀ ਤਲੀ ਤੇ ਟਿੱਕਦੀ ਕਰ ਦਿੱਤੀ।

ਆਪਣੀ ਹੀ ਗੁੰਮ-ਗੁਆਚ ਤੋਂ ਬਾਹਰ ਆਏ ਗਾਮੀ ਨੂੰ ਸਰਪੰਚ ਦੀ ਇਸ ਕਿਰਿਆ ਨੇ ਸਹਿਜ
ਕੀਤਾ ਸੀ ਜਾਂ ਬੇਚੈਨ, ਇਸਦੀ ਉਸਨੂੰ ਘੜੀ ਪਲ ਤਾਂ ਸਮਝ ਨਾ ਲੱਗੀ. ਪਰ ਅਗਲੇ ਹੀ ਛਿਣ
ਨਾਜਾਇਜ਼ ਹਥਿਆਰ ਰੱਖਣ ਦਾ ਭੈਅ ਉਸਦੇ ਅੰਗ-ਅੰਗ ਤੇ ਪਸਰ ਗਿਆ। ਉਸਦਾ ਜੀਅ ਕੀਤਾ
ਕਿ ਸਰਪੰਚ ਤੋਂ ਲਿਆ ਪੁਰਜਾ ਝੱਟ ਉਸਨੂੰ ਵਾਪਸ ਫੜਾ ਕੇ ਝੱਟ ਉਸ ਥਾਹੋਂ ਖਿਸਕਦਾ ਬਣੇ।
ਪਰ, ਉਹ ਇੰਝ ਕਰ ਨਹੀਂ ਸੀ ਸਕਿਆ।

ਸਰਪੰਚ ਨੂੰ ਨਾਂਹ-ਨੁੱਕਰ ਕਰਨ ਦੀ ਹਿੰਮਤ ਹੀ ਨਹੀਂ ਸੀ ਹੋਈ ਗਾਮੀ ਦੀ।

ਇਹ ਗੱਲ ਨਹੀਂ ਕਿ ਗਾਮੀ ਅਸਲੋਂ ਈ ਹਥਿਆਰ ਸੁੱਟ ਬੈਠਾ ਸੀ, ਸਰਪੰਚ ਅੱਗੇ।...ਜੇ
ਉਹ ਚਾਹੁੰਦਾ ਤਾਂ ਕਿਧਰੇ ਵੀ ਲੁੱਕ-ਛਿੱਪ ਸਕਦਾ ਸੀ ਰਤਾ ਕੁ ਝੁੱਕੀ ਦੇ ਕੇ। ਘਾਟ ਅੰਦਰ,
ਚੁੱਕਿਆ ਉਹਲੇ ਜਾਂ ਐਧਰ ਉਧਰ ਛੰਨਾਂ ਛੱਪਰਾਂ ਪਿੱਛੇ, ਜਿਵੇਂ ਉਹ ਕਦੇ ਕਦਾਈਂ ਕਰ ਲਿਆ
ਕਰਦਾ ਸੀ, ਦਿਨੇ ਕਿਸੇ ਓਪਰੇ ਪਰਾਏ ਦੇ 'ਆ' ਜਾਣ ਤੇ। ਏਥੇ...ਨਾ ਤਾਂ ਸਰਪੰਚ ਉਸ ਲਈ
ਓਪਰਾ ਸੀ, ਨਾ ਉਹ ਸਰਪੰਚ ਲਈ। ਉਲਟਾ ਪੱਕੀ-ਪੀਡੀ ਸਾਂਝ ਸੀ ਦੋਨਾਂ ਵਿਚਕਾਰ। ਦੋਨੋਂ ਇਕ
ਦੂਜੇ ਦੇ ਯਾਰ-ਮਿੱਤਰ ਸਨ, ਸੰਘਣੇ ਗੂੜ੍ਹੇ।...ਗ਼ਾਮੀਂ ਨੂੰ ਹੁਣ ਤੱਕ ਬਚਾ ਕੇ ਰੱਖਿਆ ਸੀ ਸਰਪੰਚ

ਨੇ. ਬਾਵੇ ਹੋਰਾ ਦੇ ਐਕਸ਼ਨ ਤੋਂ । ਤੇ ਸਰਪੰਚ...ਸਰਪ ਚ ਦਾ ਕੋਈ ਵੀ 'ਥੋਹੁ-ਪਤਾ' ਨਹੀਂ ਸੀ ਦਸਿਆ ਗ਼ਾਮੀ ਨੇ ਸ਼ਾਮ ਬਾਬੂ ਨੂੰ । ਭੱਠਾ ਮਾਲਿਕ ਨੂੰ । ਜਿਸ ਦਾ ਉਹ ਨੌਕਰ ਈ ਨਹੀਂ ਰਾਖਾ ਸੀ ਪੂਰਾ । ਨਹੀਂ ਤਾ ਕੌਣ ਕਿਸੇ ਦੀ ਆਈ ਤੇ ਆਪ ਅੱਗ ਮੂਹਰੇ ਹੁੰਦਾ ।

ਗਾਮੀ ਨੇ ਸਾਮ ਬਾਬੂ ਦੀ ਇਕ ਨਈ, ਤਿੰਨ-ਚਾਰ ਵਾਰ ਰੱਖਿਆ ਕੀਤੀ ਸੀ, ਬਾਵੇ ਹੋਣਾਂ ਦੇ ਧੱਕੇ ਹਮਲੇ ਤੋਂ ।

ਉਂਝ ਤਾਂ ਮਹੀਨਾ ਭਰਨ ਦੀ ਸੰਧੀ ਦੀ ਮੁੱਖ-ਧਾਰਾ ਅਨੁਸਾਰ, ਸ਼ਾਮ ਬਾਬੂ ਅਪਣੇ ਸਾਰੇ ਭੱਠਿਆਂ ਤੇ ਰਾਤ-ਦਿਨ ਘੁੰਮ ਫਿਰ ਸਕਦਾ ਸੀ, ਬੇ-ਖ਼ੌਫ । ਬਿਨਾਂ ਡਰ-ਭੈਅ ਦੇ । ਪਰ ਸ਼ਾਮ ਬਾਬੂ ਨੇ ਕਦੀ ਵੀ ਖ਼ਤਰਾ ਮੁੱਲ ਨਹੀਂ ਸੀ ਲਿਆ, ਉਹ ਤਾਂ ਬੱਸ ਦਿਨ ਖੜੇ ਹੀ ਸ਼ਹਿਰ ਜਾ ਲੁਕਦਾ । ਅਪਣੇ 'ਕਿਲੇ' 'ਚ । ਲੌਢੇ ਕੁ ਵੇਲੇ ਤੱਕ ਹੋਈ ਵੇਚ-ਵਟਕ ਇਕੱਠੀ ਕਰਕੇ ।...ਉਸ ਦਿਨ ਉਪਰੋਂ ਸ਼ੇਰ ਗੜ੍ਹੋਂ ਮੁੜਦਿਆਂ ਉਸਦੀ ਗੱਡੀ ਸਕਰਾਲਾ ਚੋਅ 'ਚ ਫਸ ਗਈ ।

ਸਹਿਬਾਨ !

ਜਾਂ ਸ਼ਾਮ ਬਾਬੂ ਦੀ ਅਣਗਹਿਲੀ ਕਾਰਨ ।

ਲੀਹ ਪਾਟਣ ਨਾਲ ।

ਗਿੱਟੇ ਗਿੱਟੇ ਵਗਦੇ ਪਾਣੀ ਹੇਠਲੀ ਮੋਟੀ ਰੇਤ, ਜਿਵੇਂ ਉਸਦੀ ਬੁਲਟ-ਪਰੂਫ ਵੈਨ ਨੂੰ ਫੜ ਕੇ ਬੈਠ ਗਈ ।

ਕਾਫੀ ਸਾਰੇ ਜ਼ੋਰ-ਧੱਕੇ ਪਿਛੋਂ ਕਿਧਰੇ ਉਸਦੀ ਜਾਨ-ਖ਼ਲਾਸੀ ਹੋਈ ।

ਉਹ ਵੀ ਰਾਹਗੀਰਾਂ ਦੀ ਸਹਾਇਤਾ ਸਦਕਾ ।

ਦਿਨ ਛਿਪਦੇ ਕਰਦੇ ।

ਸਾਹੋ ਸਾਹ ਹੋਇਆ ਬਾਬੂ ਅਜੇ ਪਹੁੰਚਿਆ ਈ ਸੀ, ਬੁੱਢੀ ਪਿੰਡ, ਨੀਵੀਂ ਪਾਈ ਬੈਠੇ, ਵੇਚ-ਵਟਕ ਗਿਣਦੇ ਗਾਮੀ ਕੋਲ ਖੜਾ ਈ ਹੋਇਆ ਸੀ ਆ ਕੇ ਕਿ ਪਤਾ ਨਈਂ ਕਿਧਰੋਂ ਬਾਵਾ ਉਸਦੇ ਮਗਰੇ ਈ ਆ ਧਮਕਿਆ, ਦਫ਼ਤਰ । ਪਿੱਠ ਉਹਲੇ ਲਟਕਦੀ ਅਸਾਲਟ ਨਾ ਉਹਨੇ ਮੋਢਿਉਂ ਲਾਹੀ, ਨਾ ਕਿਸੇ ਵਲ ਨੂੰ ਤਾਣੀ । ਬੱਸ ਅੜਵੈਂਗ ਜਿਹੇ ਢੰਗ ਨਾਲ. ਸੱਜਾ ਹੱਥ ਅੱਗੇ ਨੂੰ ਵਧਾ ਕੇ ਰੁੱਖੇ ਜਿਹੇ ਬੋਲ ਬੋਲੇ—"ਹਾਅ ਚਾਬੀ ਦੇ ਓ ਬਾਊ, ਗੱਡੀ ਚਾਹੀਦੀ ਆ...ਤੂੰ ਵੀ ਫੜਾ ਹਾਅ ਪੈਹਾ-ਧੇਲਾ, ਸਾਲਿਆ ਟੁੱਕੜ-ਬੋਟਾ...।"

ਸ਼ਾਮ ਬਾਬੂ ਨੇ ਤਾਂ ਕੰਬਦੇ ਹੱਥਾਂ ਨਾਲ ਚਾਬੀ, ਉਸੇ ਵੇਲੇ, ਉਸ ਵਲ ਸਰਕਦੀ ਕਰ ਦਿੱਤੀ, ਪਰ ਗਾਮੀ ਨੇ ਦਰਾਜ਼ 'ਚ ਖਿੱਲਰੇ ਨੋਟਾਂ ਦੀ ਥੱਦੀ ਫੜਾਉਂਦਿਆਂ ਹੱਥ ਥੋੜਾ ਟਿਕਵਾਂ ਰਖਿਆ ।

ਗਾਮੀ ਨੇ ਹੁਣ ਤੱਕ ਕਈ ਤਰ੍ਹਾਂ ਦੇ ਟੋਣੇ-ਟਕੋਰਾਂ ਝੱਲੇ ਸਹਾਰੇ ਸਨ । ਦਿਹਾਮੀ-ਕੁੱਟ, ਬੇ-ਜ਼ਮੀਨਾਂ, ਕੰਮੀ-ਕਾਮਾਂ ਹੋਣ ਤੱਕ ਦੇ ਬੋਲ-ਕਬੋਲ ਬਰਦਾਸ਼ਤ ਕੀਤੇ ਸਨ, ਥਾਂ ਪੁਰ-ਥਾਂ ਮਿਹਨਤ-ਮਜ਼ਦੂਰੀ ਕਰਦੇ ਮਾਂ-ਪਿਓ ਨਾਲ ਤੁਰਦਿਆਂ ਵਿਚਰਦਿਆਂ । ਪਰ, ਹੁਣ ਤੱਕ ਉਸ ਨੇ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ । ਕਿਸੇ ਪਾਸੋਂ ਤਰਸ ਦੀ, ਦਾਨ-ਰਹਿਮਤ ਦੀ ਮੰਗ ਨਹੀਂ ਸੀ ਕੀਤੀ ਸਕੂਲ ਕਾਲਜ ਦੀ ਪੜ੍ਹਾਈ ਪੜ੍ਹਦਿਆਂ, ਨਾ ਹੀ ਉਸ ਤੋਂ ਪਿਛੋਂ ਕਦੀ ਫਾਕਾ-ਮਸਤੀ ਵਰਗੀ ਦਿਨ-ਕਟੀ ਕਰ ਦਿਆਂ ਕਈ ਵਰ੍ਹੇ ।



ਪੱਮੀ ਮਾਸਟਰ ਦੀ ਬੰਬੀ ਤੇ ਘੜੇ-ਉਲੀਕੇ ਲਕਸ਼-ਉਦੇਸ਼ ਵੀ ਉਸ ਨੂੰ ਕਿੰਨਾ ਈ ਚਿਰ ਕਿਧਰੇ ਦਿਖਾਈ ਨਾ ਦਿੱਤੇ ।

ਜੇ ਉਹ ਚਾਹੁੰਦਾ ਤਾਂ ਉਹ ਵੀ ਤੋਚੀ ਵਾਂਗ ਕਦੋਂ ਦਾ ਚਰਨੀ ਲੱਗਾ ਹੋਣਾ ਸੀ ਸਰਪੰਚ ਦੇ । ਉਹ ਵੀ ਕੜਾ-ਕਮਾਂਡਰ ਬਣਿਆ ਹੋਣਾਂ ਸੀ ਹੁਣ ਨੂੰ, ਬਾਵੇ ਨਾਲੋਂ ਵੀ ਲੰਮੇ ਚੌੜੇ ਏਰੀਏ ਦਾ ।

ਆਲੂ-ਸਟੋਰ', ਦਾਣਾ-ਮੰਡੀਆਂ ਦਾ ਧੂੜ-ਘੱਟਾ ਫੱਕਦੇ ਉਸਦੇ ਮਾਂ-ਬਾਪ ਕਦੋਂ ਦੇ ਇੱਜ਼ਤਦਾਰ ਮਾਲਿਕ ਬਣੇ ਹੋਣੇ ਸਨ, ਟਰੈਕਟਰਾਂ-ਬੰਬੀਆਂ ਦੇ ।

'...ਅਜੇ ਵੀ ਡੁਲ੍ਹੇ ਬੇਰਾਂ ਦਾ . ।'

ਬੱਸ ਐਨਾ ਕੁ ਨੁਕਤਾ, ਗਾਮੀਂ ਦੇ ਤਨ-ਬਦਨ ਅੰਦਰ ਸੁਟਦਾ ਕਰਨ ਵਿਚ ਸਰਪੰਚ ਆਖਿਰ ਕਾਮਯਾਬ ਹੋ ਹੀ ਗਿਆ, ਗਾਮੀਂ ਦੀ ਵਜਾ-ਕਤਾ ਵਰਗੇ ਬੰਦੇ ਦੀ ਵਿਚੋਲਗੀਰੀ ਰਾਹੀਂ ।

ਸਰਪੰਚ ਤੋਂ ਲਿਆ-ਫੜਿਆ ਮਾਊਜਰ ਉਸ ਨੇ ਬੜੀ ਇਤਿਆਤ ਨਾਲ ਸਾਂਭਦਾ ਕਰ ਲਿਆ ਸੀ, ਡੱਬ 'ਚ ਰੱਖਕੇ ਲੁਕਦਾ । ਉਸੇ ਦਿਨ ਤੋਂ ।

ਫਿਰ...ਫਿਰ ਪਤਾ ਨਈਂ. ਕਲ੍ਹ ਦੇ ਛੋਕਰੇ ਬਾਵੇ ਦੇ ਆਖੇ ਟੁਕੜਬੋਚ ਹੋਣ ਦੇ ਬੋਲ-ਕਬੋਲ ਉਸਨੂੰ ਦੂਰ ਅੰਦਰ ਤੱਕ ਪੱਛਦਾ ਕਰ ਗਏ. ਜਾਂ ਉਸਦੀ ਵਜਾ-ਕਤਾ ਵਰਗੇ ਬੰਦੇ ਦੀ ਚੇਤੇ ਕਰਵਾਈ ਬੇ-ਜਮੀਨਾ ਹੋਣ ਦੀ ਨਿਮੋਸ਼ੀ, ਉਸਦੀ ਡੱਬ ਅੰਦਰਲੇ ਹਥਿਆਰ ਨਾਲ ਜ਼ਰਬ ਖਾ ਗਈ ? ਦੋਨੋਂ ਚੀਜ਼ਾਂ ਸੰਭਾਲ ਬਾਵਾ ਦਫ਼ਤਰੋਂ ਬਾਹਰ ਹੋਣ ਈ ਲੱਗਾ ਸੀ ਕਿ ਗਾਮੀਂ ਦੇ ਅੰਗਾਂ-ਪੈਰਾਂ 'ਚ ਅਸਮਾਨੀ ਬਿਜਲੀ ਵਰਗੀ ਤੇਜ਼ੀ ਚਮਕ ਉੱਠੀ ।

ਖੱਬੀ ਵੱਖੀ ਨਾਲ ਘੁੱਟ ਹੋਇਆ ਮਾਊਜ਼ਰ ਅੱਖ਼-ਫ਼ਰੋਕ ਅੰਦਰ, ਉਸਦੀ ਮੁੱਠ 'ਚ ਆ ਕੇ ਬਾਵੇ 'ਤੇ ਟੁੱਟ ਪਿਆ ।

ਬੜੇ ਹਿਰਖ਼ ਨਾਲ ।

ਘੜੀ ਪਲ ਤਾਂ ਗਾਮੀ ਨੂੰ ਅਪਣੇ ਬੇ-ਕਾਬੂ ਹੋਏ ਆਪੇ ਦੀ ਬਿਲਕੁਲ ਸੋਝੀ ਨਾ ਰਹੀ ।... ਉਸ ਨੂੰ ਪਤਾ ਤੱਕ ਨਾ ਲੱਗਾ ਕਿ ਉਸਨੇ ਇਹ ਐਕਸ਼ਨ ਕੀਤਾ ਕਿਸ ਲਈ ਐ—ਬਾਵੇ ਦੀ ਕੱਢੀ 'ਗਾਲ੍ਹ' ਦਾ ਉੱਤਰ ਦੇਣ ਲਈ ਜਾਂ ਅਪਣੀ ਜਾਤੀ—ਹਊ. ਦੀ ਨਿਮੋਸ਼ੀ ਅੱਗੇ ਬੇ-ਬੱਸ ਹੋ ਕੇ ।

ਉਹ ਆਪਣੀ ਜਾਤੀ-ਹਉਂ ਦੀ ਨਿਮੋਸ਼ੀ ਅੱਗੇ ਬੇ-ਬੱਸ ਪਹਿਲੋਂ ਤਾਂ ਕਦੀ ਨਹੀਂ ਸੀ ਹੋਇਆ । ਸ਼ਾਮ ਬਾਬੂ ਦੇ ਅੜਵੈਂਗ-ਪੁਣੇ ਸਾਹਮਣੇ ਵੀ ਨਹੀਂ ।...ਅਨੇਕਾਂ ਵਾਰ ਤਾਂ ਸ਼ਾਮ ਬਾਬੂ ਨੇ ਬੁਰਾ-ਭਲਾ ਕਿਹਾ ਸੀ ਓਸ ਨੂੰ । ਗੰਦੀ-ਮੰਦੀ ਗਾਲ੍ਹ ਤੱਕ ਵੀ ਕੱਢਣੋਂ ਗੁਰੇਜ਼ ਨਹੀਂ ਸੀ ਕੀਤਾ । ਉਸਨੂੰ ਜਾਂ ਉਸਦੇ ਸਹਾਇਕ ਮੁਨਸ਼ੀ ਨੂੰ । ਚੌਂਕੀਦਾਰਾਂ, ਡਰਾਈਵਰਾਂ ਨੂੰ ਹੂਰਾ-ਮੁੱਕੀ ਕਰਨਾ, ਠੁੱਡੇ ਮਾਰਨਾ ਤਾਂ ਆਮ ਜਿਹਾ 'ਸ਼ੁਗਲ' ਸੀ ਸ਼ਾਮ ਬਾਬੂ ਦਾ । ਕਦੀ ਦਫ਼ਤਰ ਬੁਲਾ ਕੇ, ਕਦੀ ਭੱਠੇ ਦੀ ਹੱਦ-ਹਦੂਦ ਅੰਦਰ । ਕਿਸੇ ਵੀ ਨਿੱਕੀ-ਮੋਟੀ ਅਣਗਹਿਲੀ ਕਾਰਨ ।

ਜਾਂ ਐਵੇਂ ਈ ਆਪਣੀ ਬਾਬੂਗੀਰੀ ਦੱਸਣ ਲਈ ।

ਪਥੇਰੀਆਂ ਚੁਣਾਵਿਆਂ ਨਾਲ ਵੀ ਉਸਨੇ ਕਦੀ ਘੱਟ ਨਹੀਂ ਸੀ ਗੁਜ਼ਾਰੀ । ਗਾਮੀਂ ਸਾਹਮਣੇ । ਉਸਦੀ ਮੁਨਸ਼ੀਗੀਰੀ ਵਾਲੇ ਭੱਠੇ 'ਤੇ ।

ਫਿਰ ਹੋਰ ਵੀ ਬਾਰਾਂ ਭੱਠੇ ਸਨ, ਉਸਦੀ ਮਾਲਕੀ ਹੇਠ। ਹੋਰ ਵੀ ਡਰਾਈਵਰ, ਚੌਕੀਦਾਰ, ਮੁਨਸ਼ੀ, ਸਹਾਇਕ-ਮੁਨਸ਼ੀ ਸਨ ਕਈ ਸਾਰੇ। ਉਹਨਾਂ 'ਚੋਂ ਕਿਸੇ ਨੇ ਕਦੀ ਚੂੰ ਤੱਕ ਨਹੀਂ ਸੀ ਕੀਤੀ ਮਾਲਿਕ-ਬਾਬੂ ਅੱਗੇ। ਉਹ ਤਾਂ ਬੱਸ ਦਿਨਾਂ-ਵਿਹਾਰਾਂ ਤੇ ਮਿਲਦੇ ਰਾਮਪਰਨਿਆਂ ਨਾਲ ਹੀ ਵਰਚੇ ਰਹਿੰਦੇ ਸਨ। ਦਿਨ-ਵਿਹਾਰ ਵੀ ਕਿਹੜਾ ਥੋੜੇ 'ਮੰਨਦਾ' ਸੀ ਸ਼ਾਮ ਬਾਬੂ—ਲੋਹੜੀ, ਵਿਸਾਖੀ, ਦੁਸਹਿਰਾ, ਦੀਵਾਲੀ। ਤੇ ਸੱਭ ਤੋਂ ਵੱਡਾ ਉਸਦੇ ਪੁਰਖ਼ਿਆ ਦਾ ਸ਼ਰਾਧ।

ਉਹ ਦਿਨ ਤਾਂ ਜਾਣੋਂ ਪੂਰਾ ਬ੍ਰਹਮ-ਯੱਗ ਹੋ ਨਿੱਬੜਦਾ ਸਾਰੇ ਭੱਠਿਆਂ ਦੀ ਸਾਰੀ ਲੇਬਰ ਲਈ। ਕੜਾਹ-ਪੂਰੀ, ਦਾਲ-ਭਾਜੀ, ਚੌਲ-ਭਾਤ—ਸ਼ਹਿਰ ਉਸਦੇ ਬੰਗਲੇ ਪਹੁੰਚ ਕੇ। ਤੇ ਦਾਰੂ-ਪਾਣੀ, ਭੰਗ-ਭੁੱਕੀ ਅਪਣੇ ਅਪਣੇ ਟਿਕਾਣੇ ਗਿਆਂ ਨੂੰ। ਢੋਲਕੀਆਂ, ਛੈਣੇ, ਗੁੰਮਟੇ, ਘੁੰਗਰੂ ਹਰ ਵਾਰ ਨਵੇਂ। ਇਸਤਰੀਆਂ ਲਈ ਧੋਤੀਆਂ, ਬਾਕੀ ਸੱਭ ਲਈ ਰਾਮ-ਪਰਨੇ। ਨਿੱਕੇ ਤੋਂ ਲੈ ਕੇ ਵੱਡੇ ਤੱਕ। ਕੁਸ਼ਟ-ਆਸ਼ਰਮ ਭੇਜੇ ਜਾਂਦੇ ਪਰਨਿਆਂ ਨਾਲੋਂ ਵਧੀਆ। ਦੁਨੀਆਦਾਰ ਹੋਣ ਕਰਕੇ। ਨਹੀਂ ਸੰਤ-ਸਾਧੂਆਂ, ਚੇਲਿਆਂ-ਪੁਜਾਰੀਆਂ ਨੂੰ ਕਦੀ ਸ਼ਾਮ ਬਾਬੂ ਨੇ ਕੰਬਲ ਤੋਂ ਘੱਟ 'ਟਾਕੀ' ਨਹੀਂ ਸੀ ਦਿੱਤੀ। ਉਹ ਵੀ ਮੰਦਰੀਂ-ਤੀਰਥੀਂ ਪਹੁੰਚ ਕੇ। ਹਰ ਇਕ ਦੇਵੀ-ਮਾਂ ਲਈ ਇਕ ਟਰੱਕ ਪੱਕਾ। ਨਕਦੀ-ਲੰਗਰ ਤੋਂ ਇਲਾਵਾ।

"...ਇੱਤਾ ਘਨਾ ਦਾਨ-ਪੁੰਨ ਈ ਬਾਬੂ ਮਾਲਿਕ ਕੋ ਬਚਾਏ ਰੱਖਵੇ...ਨਾਹੀਂ ਹਮਾਰ ਲੋਗਨ ਕੀ ਰੋਜ਼-ਰੋਜ਼ ਕੀ ਬਦ-ਦੁਆ ਈ ਸੁਸਰੇ ਕੋ ਇਕੋਈ ਦਿਨ ਮਾਂ ਭਸਮ ਕਰ ਛੋੜੇ...।"

"ਨਾਹੀਂ ਭਈਆ ਨਾਹੀਂ, ਹਮ ਲੋਗਨ ਅਪਨ ਕੈ ਬਰਮ-ਬੰਧੂ ਕੋ ਬਦ-ਦੁਆ ਬੋਲਤ ਹੀ ਕੈਸੇ ਸਕਤ ਹੋ...ਦੇਵੀ ਮਾਂ ਸਰਾਪ ਦੇਵਤ ਹੈ ਸਰਾਪ...।"

ਨਾਚ-ਗਾਣੇ ਦੀ ਮਸਤੀ 'ਚ ਡੁੱਬੇ, ਜੇ ਕਿਸੇ ਬਿਰਧ-ਅੱਧਖੜ ਦਾ ਹਓਕਾ ਸ਼ਾਮ ਬਾਬੂ ਦੇ ਜ਼ੁਲਮ-ਧੱਕੇ ਦਾ ਚੇਤਾ ਕਰਾਉਂਦਾ ਵੀ, ਤਾਂ ਲਾਗਿਓਂ ਕੋਈ ਦੂਜਾ ਜਣਾ ਝੱਟ ਉਸਨੂੰ ਰੋਕ-ਟੋਕ ਦਿੰਦਾ। ਉਸੇ ਵੇਲੇ ਭੁੱਲ-ਭੁਲਾ ਜਾਣ ਲਈ। ਬੀਤੇ ਵਰ੍ਹੇ ਦੇ ਬਾਕੀ ਦਿਨਾਂ ਵਾਂਗ। ਕਰੀਬ-ਕਰੀਬ ਗਾਮੀਂ ਦੀ ਤਰਜ਼ ਤੇ ਹੀ। ਫ਼ਰਕ ਸਿਰਫ਼ ਏਨਾ ਸੀ ਕਿ ਉਸਦੀ ਮੁਨਸ਼ੀਗੀਰੀ ਹੇਠਲੇ ਭੱਠੇ ਦੇ ਕਿਸੇ ਵੀ ਕਰਿੰਦੇ ਨੂੰ ਪਈ ਮਾਰ ਦੀ ਖ਼ਬਰ-ਘਟਨਾ, ਗਾਂਮੀਂ ਅੰਦਰ ਘੜੀ-ਪਲ ਲਈ ਰੋਹ-ਹਿਰਖ਼ ਜ਼ਰੂਰ ਭਰ ਛੱਡਦੀ।

ਕਈ ਵਾਰ ਉਸਦਾ ਚਿੱਤ ਵੀ ਕਰਦਾ ਕਿ ਹਰ ਕਿਸੇ ਵੱਲ ਨੂੰ ਟੀਰੀ-ਅੱਖ ਦੇਖਦੇ, ਸ਼ਾਮ ਬਾਬੂ ਦਾ ਮੂੰਹ-ਸਿਰ, ਇੱਟਾਂ-ਰੋੜੇ ਮਾਰਕੇ ਤੋੜ-ਭੰਨ ਦੇਵੇ। ਪਰ, ਉਸਤੋਂ ਅਜੇ ਤੱਕ ਅਜਿਹੀ ਹਿੰਮਤ ਹੋਈ ਕਦੇ ਨਾ।

ਪੂਰੀ ਤਰ੍ਹਾਂ ਖਪੇ-ਤਪੇ ਤੋਂ ਵੀ ਨਹੀਂ।

ਬਾਵੇ ਉੱਪਰ ਵਾਰ ਕਰਨ ਲੱਗੇ ਗ਼ਾਮੀਂ ਅੰਦਰ ਪਤਾ ਨਈਂ ਐਨੀ ਹਿੰਮਤ ਕਿਥੋਂ ਜਾਗ ਪਈ।

ਇਕ-ਦਮ।

ਅੰਜੇ ਪਿਛਲੇ ਦਿਨੀਂ ਸਰਪੰਚ ਤੋਂ ਲਿਆ ਮਾਊਜ਼ਰ ਉਸਨੇ ਝੱਟ ਦੇਣੀ 'ਸਰਪੰਚ' ਉੱਪਰ ਹੀ ਵਰ੍ਹਦਾ ਕਰ ਦਿੱਤਾ।



ਸ਼ਾਮ ਬਾਬੂ ਦੀ ਥਾਂ।

ਸੰਭਲਦੇ ਬਚਦੇ ਬਾਵੇ ਦੀ ਜ਼ਖ਼ਮੀ ਹੋਈ ਸੱਜੀ ਬਾਂਹ ਨਾ ਉਸਦੇ ਮੋਢਿਓਂ ਢਿਲਕੀ ਅਸਾਲਟ ਨੂੰ ਸਾਂਭਦਾ ਕਰ ਸਕੀ, ਨਾ ਉਸਦੇ ਹੱਥ-ਹੱਥ 'ਚ ਘੁੱਟੇ ਨੋਟਾ ਨੂੰ।

ਬੁੱਢੀ ਪਿੰਡ ਭੱਠੇ 'ਤੇ ਤਾਇਨਾਤ ਹੋਮਗਾਰਡ ਟੁਕੜੀ ਸਮੇਂ ਸਿਰ ਤੇ ਕਿਧਰੇ ਰੜਕੀ ਨਾ, ਉਂਝ ਲੁੱਟ-ਖੋਹ ਦੀ ਵਾਰਦਾਤ ਦੇ ਵਿਫ਼ਲ ਕਰਨ ਦਾ ਸਿਹਰਾ ਸਾਰਾ ਉਹਦੇ ਸਿਰ ਹੀ ਬੱਝਾ!

'ਗ਼ਾਮੀਂ ਦਾ' ਨਵਾਂ-ਨਿਕੋਰ ਮਾਊਜ਼ਰ ਵੀ ਮੁੱਠ-ਭੇੜ ਸਮੇਂ 'ਖੋਹੇ' ਹਥਿਆਰਾਂ ਦੀ ਲੰਮੀ ਸੂਚੀ 'ਚ ਸ਼ਾਮਿਲ ਕਰ ਕੇ ਅਤਿਵਾਦੀਆਂ ਦੇ ਪੋਟੇ ਪਾ ਲਿਆ ਗਿਆ।

ਸ਼ਾਮ ਬਾਬੂ ਦੀ 'ਪਹੁੰਚ' ਸਦਕਾ।

ਬਿਨਾਂ ਕਿਸੇ ਡਰ-ਭੈਅ ਦੇ ਗ਼ਾਮੀਂ ਅਗਲੇ ਦਿਨ ਫਿਰ ਹਾਜ਼ਰ ਸੀ, ਭੱਠਾ ਡਿਊਟੀ ਤੇ।

ਸਰਪੰਚ ਨਾਲ, ਬਾਵੇ ਨਾਲ ਸਿੱਧੀ ਦੁਸ਼ਮਣੀ ਮੁੱਲ ਲੈ ਕੇ ਵੀ, ਉਹ ਘਰ ਨਹੀਂ ਸੀ ਬੈਠਾ।

ਜਿਵੇਂ ਹੁਣ ਬੈਠ ਗਿਆ ਸੀ।

ਬਿਨਾਂ ਕੁਝ ਦੱਸੇ-ਪੁੱਛੇ ਕਿਸੇ ਨੂੰ।

ਤੋਚੀ ਨੂੰ ਵੀ ਨਹੀਂ।

ਤੋਚੀ ਭਾਵੇਂ ਪੱਕਾ ਓਧਰ ਸੀ ਓਦੋਂ, ਪਰ ਗਾਮੀਂ ਨਾਲ ਪੂਰੀ ਸਾਂਝ ਸੀ ਉਸਦੀ। ਪੂਰਾ ਤਾਲ-ਮੇਲ।...ਬਚਪਨ ਦੀ ਆੜੀ ਕਰਕੇ ਜਾਂ ਆਪਣੇ ਭੱਠਾ ਮਾਲਿਕ ਨਾਲ ਫਸੀ ਕੁੜਿੱਕੀ 'ਚੋਂ ਉਸਨੂੰ ਕੱਢਣ ਕਰਕੇ।

...ਪਿੰਡ ਦੀ ਚੜ੍ਹਦੀ ਬਾਹੀ ਤੋਚੀ ਹੋਰਾਂ ਕੋਲ ਚਾਰ ਹੀ ਖੇਤ ਸਨ। ਪਿਓ-ਦਾਦੇ ਦੀ ਵਿਰਾਸਤ।

ਵਿਚਕਾਰ ਬੰਬੀ।

ਸ਼ਾਮ ਬਾਬੂ ਨੂੰ ਪਹਿਲਾਂ ਦੋ ਖੇਤਾਂ ਦੀ ਮਿੱਟੀ ਵੇਚੀ ਉਹਨਾਂ, ਇੱਟਾਂ ਪੱਥਣ ਨੂੰ। ਸਮੇਤ ਪਾਣੀ। ਵੱਡੀ ਭੈਣ ਦੇ ਵਿਆਹ ਵੇਲੇ। ਫਿਰ ਅਗਲੇ ਦੋਂਹ ਦੀ, ਟਰੈਕਟਰ ਲੈਣ ਦੀ ਮਨਸ਼ਾ ਨਾਲ।

ਵਾਹਦੇ ਮੁਤਾਬਿਕ ਤਾਂ ਪਹਿਲੇ ਦੋਨੋਂ ਖੇਤ ਦੋ ਸਾਲ ਪਹਿਲਾਂ ਖ਼ਾਲੀ ਹੋਏ ਸਨ ਤੇ ਅਗਲੇ ਦੋਨੋਂ ਅਗਲੇ ਦੋ ਸਾਲ ਪਿਛੋਂ। ਪਰ, ਪੱਕੇ ਕਾਗਜ਼ਾਂ ਦੀ ਲਿਖਤ-ਪੜ੍ਹਤ ਨੇ ਐਹੋ ਜਿਹੇ ਅਰਥ ਕੱਢੇ, ਐਹੋ ਜਿਹਾ ਘਚੋਲਾ ਮਾਰਿਆ ਕਿ ਤੋਚੀ ਹੋਰਾਂ ਦੇ ਚਾਰੋਂ ਖੇਤ ਚਾਰ ਸਾਲ ਫਸੇ ਰਹੇ ਸ਼ਾਮ ਬਾਬੂ ਦੇ ਕਬਜ਼ੇ ਹੇਠ।

ਚੰਗਾ ਭਲਾ ਖੇਤੀ ਕਿੱਤੇ ਲੱਗਾ ਤੋਚੀ, ਕਈ ਚਿਰ 'ਬੇ-ਜ਼ਮੀਨਾ, ਬੇ-ਅਰਥਾ' ਜਿਹਾ ਬਣਿਆ ਘੁੰਮਦਾ ਰਿਹਾ।

ਟਰੈਕਟਰ ਲੈਣ ਲਈ ਵਸੂਲੀ ਰਕਮ, ਥੋੜੀ ਕੁ ਚੌਂਕੇ-ਚੁਲ੍ਹੇ ਦੀ ਭੇਟਾ ਚੜ੍ਹ ਗਈ, ਬਹੁਤੀ ਸ਼ਾਮ ਬਾਬੂ ਨਾਲ ਚਲਦੇ ਕਚਹਿਰੀ ਝਗੜੇ ਦੀ।

ਹਾਰ ਕੇ ਉਸਨੇ ਅਪਣੇ ਤਨ-ਬਦਨ ਦੀ ਕੁੱਲ ਸੇਵਾ ਸਰਪੰਚ ਨੂੰ ਸੌਂਪ ਛੱਡੀ।

ਸ਼ਾਮ ਬਾਬੂ ਦਾ ਫ਼ਸਤਾ ਵੱਢਣ ਦੇ ਇਰਾਦੇ ਨਾਲ।

ਸਰਪੰਚ ਚਾਹੁੰਦਾ ਤਾਂ ਉਸਨੂੰ ਵੀ ਉਹੋ ਜਿਹਾ ਪੁਰਜ਼ਾ ਦੇ ਸਕਦਾ ਸੀ, ਜਿਹੋ ਜਿਹਾ ਗ਼ਾਮੀ ਨੂੰ ਦਿੱਤਾ ਸੀ ਕਦੇ। ਉਸਨੂੰ ਵੀ ਉਵੇਂ ਦਾ 'ਕੰਮ' ਸੌਂਪ ਸਕਦਾ ਸੀ, ਜਿਵੇਂ ਦਾ ਗ਼ਾਮੀਂ ਨੂੰ ਸੌਂਪਿਆ ਸੀ, ਇਕ ਵਾਰ।

ਪਰ ਉਸਨੇ ਐਹੋ ਜਿਹਾ, ਤੱਤ-ਫੜੱਤ ਫੈਸਲਾ ਲਿਆ ਨਾ।...ਉਹ ਤਾਂ ਹੁਣ 'ਛੱਡ-ਛੁਡਾ' ਆਇਆ ਸੀ ਓਧਰਲਾ ਬੰਨਾ। ਉਹ ਤਾਂ ਕਦੋਂ ਦਾ ਅਦਲਾ-ਬਦਲਾ ਕੀਤੀ ਬੈਠਾ ਸੀ—ਰੰਗ-ਰੂਪ, ਕੱਪੜਾ-ਲੱਤਾ, ਕੁੜਤੀ-ਪਗੜੀ। ਹੁਣ ਤਾਂ ਸਗੋਂ ਉਹ 'ਕੱਟੜ-ਵਿਰੋਧੀ' ਸੀ ਲੁੱਟਾਂ-ਖੋਹਾਂ ਕਰਨ ਵਾਲੇ ਗੈਰ-ਸਮਾਜੀ ਤੱਤਾਂ ਦਾ। ਦੇਸ਼-ਕੌਮ ਦਾ ਅਮਨ-ਚੈਨ ਭੰਗ ਕਰਨ ਵਾਲੇ ਆਪ-ਹੁਦਰੇ ਜੁੱਟਾਂ ਦਾ।

ਤਾਂ ਵੀ, ਵੇਲਾ ਵਿਚਾਰਕੇ ਸਰਪੰਚ ਨੇ ਬੜੇ ਠਰੰਮੇ ਨਾਲ ਤੋਚੀ ਦੀ ਔਖ-ਮੁਸ਼ਕਲ ਸੁਣੀ।

ਸੁਣ ਕੇ ਵਾਚੀ-ਘੋਖੀ।

ਘੋਖ-ਵਿਚਾਰ ਕੇ ਬੱਸ ਥੋੜ੍ਹਾ ਕੁ ਚਿਰ ਦੰਮ ਰੱਖਣ ਲਈ ਥਾਪੀ ਦਿੱਤੀ ਤੋਚੀ ਨੂੰ।

ਉਸਦੀ 'ਹਾਂ' ਪ੍ਰਾਪਤ ਕਰਕੇ ਤੋਚੀ ਮਹੀਨਾ ਖੰਡ ਚੁੱਪ ਤਾਂ ਰਿਹਾ, ਪਰ ਉਸਨੂੰ ਟਿਕਾ ਜ਼ਿਹਾ ਨਾ ਆਇਆ।

ਉਹ ਮੁੜ ਸਰਪੰਚ ਦੇ ਪੈਰੀਂ ਜਾ ਪਿਆ।

ਅੱਗੋਂ ਸਰਪੰਚ ਵੀ ਏਹੀ ਚਾਹੁੰਦਾ ਸੀ। ਏਨਾ ਕੁ ਈ ਟੋਹਣਾ ਸੀ ਉਸਨੂੰ 'ਆਮ ਰੰਗਰੂਟ' ਤੋਂ 'ਖ਼ਾਸ ਸਿਪਾਹੀ' ਭਰਤੀ ਕਰਨ ਲੱਗਿਆ। ਏਧਰ ਤਾਂ ਸਗੋਂ ਬਹੁਤੀ ਲੋੜ ਸੀ। ਉਸਨੂੰ 'ਧਰਮੀ', 'ਆਗਿਆਕਾਰ' ਤੇ 'ਸਿਰਲੱਥ' ਜੁਆਨਾਂ, ਨੌਜੁਆਨਾਂ, ਯੋਧਿਆਂ ਦੀ।

ਥੋੜ੍ਹਾ ਕੁ ਹੋਰ ਨਿਰਖ-ਪਰਖ ਕੇ ਉਸਨੇ ਇਕ ਦਿਨ ਤੋਚੀ ਦੀ ਕੰਡ ਪੂਰੇ ਮੋਹ ਨਾਲ ਥਾਪੜੀ—"...ਏਹ ਕਿੱਡਾ ਕੁ ਔਖਾ ਕੰਮ ਆ, ਅੱਜ ਹੀ ਹੋਇਆ ਲੈ!...ਜਾਹ ਗਾਮੀਂ ਨੂੰ ਮਿਲ ਲਾ ਜਾ ਕੇ, ਆਪਣੇ ਪਿੰਡ ਆਲੇ ਨੂੰ। ਆਖੀਂ ਸਰਪੰਚ ਨੇ ਭੇਜਿਆ, ਰੱਖਾ ਸੂੰਹ ਨੇ...।"

ਸਰਪੰਚ ਮੂੰਹੋਂ ਗਾਮੀਂ ਦਾ ਨਾਂ ਸੁਣ ਕੇ ਤੋਚੀ ਥੋੜਾ ਘਾਬਰਿਆ। ਇਸ ਲਈ ਨਹੀਂ ਕਿ ਗ਼ਾਮੀ ਤੋਂ ਭੈਅ ਆਉਂਦਾ ਸੀ ਉਸਨੂੰ, ਜਾਂ ਉਸ ਨਾਲ ਵੈਰ-ਵਿਰੋਧ ਸੀ ਕਿਸੇ ਕਿਸਮ ਦਾ। ਉਹ ਤਾਂ ਸਗੋਂ ਯਾਰ-ਮਿੱਤਰ ਰਹੇ ਸਨ ਸ਼ੁਰੂ ਤੋਂ। ਭਲੀ-ਭਾਂਤ ਸਮਝਦੇ-ਸਿਆਣਦੇ ਸਨ ਇਕ ਦੂਜੇ ਨੂੰ। ਥੋੜ੍ਹਾ ਬਹੁਤ ਓਹਲਾ-ਪਰਦਾ ਰੱਖ ਕੇ ਵੀ ਕਿੰਨੀ ਸਾਰੀ ਸਾਂਝ ਸੀ ਦੋਨਾਂ ਵਿਚਕਾਰ। ਬਾਵੇ ਤੇ ਗੋਲੀ ਦਾਗਣ ਕਾਰਨ ਥੋੜ੍ਹੀ ਬਹੁਤ ਰੰਜਸ਼ ਹੋਈ ਵੀ ਤੋਚੀ ਨੂੰ, ਤਾਂ ਉਹ ਉਸਨੇ ਗ਼ਾਮੀ ਦਾ ਪਾਰਟੀ ਐਕਸ਼ਨ ਸਮਝ ਕੇ ਛੇਤੀ ਹੀ ਭੁੱਲ-ਭੁਲਾ ਛੱਡੀ। ਉਹ...ਉਹ ਤਾਂ ਅਜੇ ਤੱਕ ਵੀ ਓਧਰ ਹੀ ਸਮਝਦਾ ਸੀ ਗਾਮੀਂ ਨੂੰ, ਪੰਮੀ ਮਾਸਟਰ ਵਲਾਂ। ਉਸਦੇ ਤਾਂ ਚਿੱਤ-ਚੇਤੇ ਵੀ ਨਹੀਂ ਸੀ ਕਿ ਟੁੱਟੇ-ਖੁੱਸੇ ਜਿਹੇ ਘਰ-ਘਾਟ ਵਾਲਾ ਗ਼ਾਮੀ ਐਡਾ 'ਵੱਡਾ ਕਾਰਕੁਨ' ਹੋ ਸਕਦਾ ਐਧਰਲੇ ਵੰਨੇ...।

ਸਾਂਰਾ ਵਹਿਮ ਭੁਲ-ਭੁਲਾ ਕੇ ਉਹ ਓਸੇ ਦਿਨ ਗ਼ਾਮੀਂ ਨੂੰ ਜਾ ਮਿਲਿਆ ਸੀ, ਉਸਦੇ ਪੱਕੀ ਇੱਟ ਕੇ ਬਗਲੇ ਵਾਲੇ ਕੱਚੇ ਘਰ 'ਚ। ਸ਼ਾਮੀਂ ਹਨੇਰੇ ਪਏ।

ਬਿਨਾਂ ਕਿਸੇ ਲੱਗ-ਲਿਬੇੜ ਦੇ ਉਸਨੇ ਸਰਪੰਚ ਦੀ ਆਖੀ-ਬੋਲੀ ਸਾਰੀ ਬਾਤ-ਵਾਰਤਾ ਉਵੇਂ ਦੀ ਉਵੇਂ ਗਾਮੀਂ ਨੂੰ ਆਖ ਸੁਣਾਈ—"...ਏਹ ਲੱਤਾਂ-ਠੁੱਡਿਆਂ ਦੇ ਯਾਰ ਗੱਲੀਂ-ਬਾਤੀਂ ਸੂਤ ਨਈਂ ਆਉਣੇ। ਏਨਾਂ ਤਾਂ ਦੂਜੇ ਰੁਕ ਈ ਸਿੱਧੇ ਹੋਣਾ ਟੇਢੇ ਢੰਗ ਨਾ...ਵਿੰਗੀ ਉਂਗਲ ਦੇਖਕੇ...",



ਸੱਜੇ ਹੱਥ ਦੀ ਉਂਗਲੀ ਘੋੜਾ ਦੱਬਣ ਵਾਂਗ ਵਿੰਗੀ ਕਹਿਦਿਆਂ ਤੋਚੀ ਨੇ ਆਪਣਾ ਹਿਰਖ਼ ਉਵੇਂ ਜਾਰੀ ਰੱਖਿਆ—"...ਮਿੱਟੀ-ਪਾਣੀ ਸਾਡੇ ਖੇਤਾਂ ਦਾ, ਸਿੱਖ-ਜੱਟਾਂ ਦਾ ਨੇ ਘਰ-ਤਜੋਰੀਆਂ ਏਹ ਭਰੀ ਜਾਂਦੇ ਆ ਸਿਰ-ਘਸੇ।...ਏਨਾਂ ਤਾਂ ਸਾਨੂੰ ਲੋਕਾਂ ਨੂੰ ਘਸਿਆਰਾ ਬਣਾ ਛੱਡਿਆ ਘਸਿਆਰਾ, ਦੋ-ਦੋ ਟਕੇ ਦੇ ਮੰਗਤੇ।...ਲੱਖਾਂ ਦੇ ਜੀਮੀਂ ਮਾਲਕ ਅਹੀਂ ਨੰਗ ਹੋਏ ਫਿਰਦੇ ਆ, ਨੰਗ। ਲੈ ਭਰਾ, ਮੇਰਾ ਕੰਮ ਤੇਰੇ ਜ਼ੁੰਮੇ ਆਂ, ਤੂੰ ਈ ਕਰਨਾ। ਸਰਪੰਚ ਆਂਹਦਾ ਸੀ, ਤਕੜਾ ਹੋ ਤਕੜਾ, ਐਮੇ ਨਾ ਮੋਕ ਜਿਹੀ ਮਾਰੀ ਜਾਇਆ ਕਰ, ਜੱਟ-ਸਿੱਖਾਂ ਦਾ ਪੁੱਤਰ ਹੋ ਕੇ...।"

ਤੋਚੀ ਹੱਥ ਆਇਆ ਸਰਪੰਚ ਦਾ ਸੁਨੇਹਾ ਸੁਣ ਕੇ ਗ਼ਾਮੀਂ ਨੂੰ ਚਿੰਤਾ ਤਾਂ ਜ਼ਰੂਰ ਹੋਈ, ਪਰ ਜੱਟ ਹੋਣ ਦਾ ਸੰਕਲਪ ਉਸਦੇ ਸੰਘੋਂ ਹੇਠਾਂ ਨਹੀਂ ਸੀ ਉੱਤਰਿਆ, ਨਾ ਸਿੱਖ ਹੋਣ ਦਾ।...ਹੁਣ ਤੱਕ ਤਾਂ ਉਸਦੇ ਭਾਈਚਾਰੇ ਨੇ ਉਸਨੂੰ ਕਦੀ ਆਪਣਾ ਨਹੀਂ ਸੀ ਸਮਝਿਆ, ਆਪਣੇ ਵਿਚੋਂ। ਨਾ ਈ ਉਸਦੇ ਮਾਂ-ਪਿਓ ਨੂੰ। ਜੱਟ ਹੁੰਦਿਆਂ ਵੀ, ਸਿੱਖ ਹੁੰਦਿਆਂ ਵੀ। ਗ਼ਾਮੀਂ ਤਾਂ ਹੋਰ ਵੀ ਦੋ ਲਾਂਘਾਂ ਪਿਛਾਂਹ ਸੀ ਉਹਨਾਂ ਤੋਂ। ਮੁੱਲਾਂ-ਕੱਟ ਕਰਵਾ ਕੇ। ਪੰਮੀ ਮਾਸਟਰ ਵਰਗਾ। ਉਸਦੀ ਬੰਬੀ ਤੇ ਅਕਸਰ ਆਉਂਦੇ-ਮਿਲਦੇ ਕਈਆਂ ਹੋਰਨਾਂ ਵਰਗਾ। ਜਿਹਨਾਂ ਮੂੰਹੋਂ ਕਦੀ ਵੀ ਗਾਮੀਂ ਨੇ ਜਾਤਾਂ-ਗੋਤਾਂ, ਧਰਮਾਂ-ਮਜਹਬਾ ਦੀ ਗੱਲ ਨਹੀਂ ਸੀ ਸੁਣੀ। ਹਾਸੇ-ਠੱਠੇ 'ਚ ਵੀ ਨਹੀਂ।

ਹੁਣ ਤੱਕ ਉਹਨਾਂ ਵਰਗਾ ਬਣੇ ਰਹੇ ਗਾਮੀਂ ਨੂੰ, ਸਰਪੰਚ ਨੇ ਅਪਣੇ ਵਰਗਾ ਆਖ ਕੇ, ਕਾਫ਼ੀ ਸਾਰਾ ਬੇਚੈਨ ਕਰ ਦਿੱਤਾ।

ਉਸਦਾ ਜੀਅ ਕੀਤਾ ਕਿ ਉਸੇ ਵੇਲੇ ਸਰਪੰਚ ਵਲੋਂ ਆਏ 'ਸਰੋਪੇ' ਦਾ ਮੋੜਵਾਂ ਉੱਤਰ ਦੇ ਭੇਜੇ। ਉਸਨੂੰ, ਉਸਦੇ ਮਾਂ-ਪਿਓ ਨੂੰ ਹੁਣ ਤੱਕ ਅਪਣੇ, ਅਪਣੀ ਦਿੱਖ ਵਰਗੇ ਭਾਈਚਾਰੇ ਤੋਂ ਬਾਹਰ ਰੱਖੀ ਰੱਖਣ ਦਾ ਕਾਰਨ ਪੁੱਛੇ, ਪਰ ਉਸਨੇ ਅੰਦਰ ਉੱਠੇ ਜਵਾਰਭਾਟੇ ਨੂੰ ਦੱਬ ਹੀ ਲਿਆ ਸੀ, ਇਕ ਦਮ।

ਸ਼ਾਇਦ ਤੋਚੀ ਖਾਤਰ!

ਤੋਚੀ ਰਾਹੀਂ ਆਇਆ ਸਰਪੰਚ ਦਾ ਸੁਨੇਹਾ, ਉਸਨੇ ਸ਼ਾਮ ਬਾਬੂ ਤੱਕ ਅਗਲੇ ਦਿਨ ਹੀ ਅੱਪੜਦਾ ਕਰ ਦਿੱਤਾ, ਥੋੜ੍ਹਾ ਕੁ ਹੋਰ ਤਿੱਖਾ ਕਰਕੇ।

ਬੱਸ, ਦਿਨਾਂ ਅੰਦਰ ਹੀ ਤੋਚੀ ਦੇ ਚਾਰੋਂ ਖੇਤ, ਖੇਤੀ ਕਾਰਜ ਲਈ ਵਿਹਲੇ ਹੋ ਗਏ ਸਨ।

ਸਮੇਤ ਵਿਆਜ।

ਤੋਚੀ ਦਾ ਭਲਾ ਕਰਕੇ ਗ਼ਾਮੀ ਨੇ ਜਾਂ ਤਾਂ ਉਸ ਨਾਲ ਪੱਗ-ਵਟਾ ਵਰਗੀ ਯਾਰੀ ਦੀ ਲਾਜ ਰੱਖੀ ਹੋਊ, ਜਾਂ ਅਪਣੀ ਹੀ ਵਜਾ-ਕਤਾ ਵਰਗੇ ਬੰਦੇ ਦੀ ਸਮਝਾਈ ਰਣ-ਨੀਤੀ ਦੇ ਕਿਸੇ ਛੇਦ-ਅਨੁਛੇਦ ਦੀ ਪਾਲਣਾ ਕੀਤੀ ਹੋਊ, ਪਰ ਏਨੀ ਕੁ ਮੱਲ ਮਾਰਕੇ ਉਸ ਅੰਦਰ ਇਕ ਵੱਖਰੀ ਕਿਸਮ ਦੀ ਹਲਚਲ ਜਿਹੀ ਹੋਣ ਲੱਗ ਪਈ। ਇਕ ਹੋਰ ਈ ਤਰ੍ਹਾਂ ਦਾ ਵਹਾ ਜਿਹਾ ਵਗਣ ਲੱਗ ਪਿਆ—"...ਨੇ ਜਾਣੀਏ ਏਹ ਮਾਰਕਾ...! ਨੇ ਜਾਣੀਏ ਏਹ ਜਿੱਤ...! ਹੁਣ ਤੱਕ ਉਹ ਐਮੇ ਈ ਜੱਟ-ਸਿੱਖ ਭਾਈਚਾਰ੍ਹੇ ਨੂੰ...? ਹੁਣ ਤੱਕ ਐਮੇਂ ਈ ਉਹ ਸਿਰ-ਘਸੇ ਜਿਹੇ ਬਾਊ ਦੇ ਬੋਲ:ਕਬੋਲ...?"

ਉਸ ਅੰਦਰ ਉੱਗਮ ਆਈ ਹਲਕੀ ਜਿਹੀ ਤਬਦੀਲੀ ਬੱਸ ਥੋੜੇ ਕੁ ਦਿਨਾਂ 'ਚ ਉਸਦੇ ਬਾਹਰ ਵੀ ਦਿੱਸਣ ਲੱਗ ਪਈ। ਉਸਦੇ ਮੂੰਹ-ਮੱਥੇ ਤੇ, ਉਸਦੇ ਅੰਗਾਂ-ਪੈਰਾਂ ਤੇ। ਉਸਦੀ ਚਾਲ-ਢਾਲ, ਬੋਲ-ਬਾਣੀ ਕਾਫ਼ੀ ਸਾਰੀ ਬਦਲ ਜਿਹੀ ਗਈ।

ਬਾਬੂ ਮਾਲਿਕ ਨੂੰ ਅਪਣੇ ਦਫ਼ਤਰ ਮੁਨਸ਼ੀ ਦਾ ਰੰਗ-ਢੰਗ ਦੇਖ ਕੇ ਢੇਰ ਸਾਰਾ ਸ਼ੱਕ ਹੋਰ ਵੱਧ ਗਿਆ।

ਸ਼ੱਕ ਤਾਂ ਉਸਨੂੰ ਪਹਿਲਾਂ ਵੀ ਹੈਗਾ ਸੀ ਗ਼ਾਮੀ ਤੇ, ਦਫ਼ਤਰ ਵਾਪਰੀ ਘਟਨਾ ਕਾਰਨ। ਪਰ, ਓਦੋਂ ਗਾਮੀ ਨੇ ਸਰਾ-ਸਰ ਰਾਖੀ ਕੀਤੀ ਸੀ ਸ਼ਾਮ ਬਾਬੂ ਦੀ। ਰਾਖੀ ਹੀ ਨਹੀਂ ਸਗੋਂ ਜ਼ਿੰਦਗੀ ਬਖਸ਼ੀ ਸੀ ਉਸਨੂੰ। ਨਹੀਂ ਤਾਂ ਕੁਝ ਵੀ ਵਾਪਰ ਸਕਦਾ ਸੀ ਗੱਡੀ ਨਾਲ। ਜੇ ਨਾਂਹ-ਨੁੱਕਰ ਕਰਦਾ ਚਾਬੀ ਦੇਣੋਂ, ਤਾਂ ਉਸ ਨਾਲ ਵੀ।

ਉਸ ਤੋਂ ਪਿੱਛੋਂ ਸਰਪੰਚ ਦੇ ਕਿਸੇ ਬੰਦੇ ਦੀ ਹਿੰਮਤ ਨਹੀਂ ਸੀ ਹੋਈ, ਸ਼ਾਮ ਬਾਬੂ ਵੱਲ, ਉਸਦੇ ਕਿਸੇ ਵੀ ਭੱਠਾ ਦਫ਼ਤਰ ਵੱਲ ਮੂੰਹ ਕਰਨ ਦੀ।

ਚੰਦਾ-ਢਾਲ ਮੰਗਣ ਦੀ ਵੀ ਨਹੀਂ।

ਹੁਣ ਤੱਕ ਉਸਦਾ ਸ਼ੱਕ ਗ਼ਾਮੀ ਦੇ ਅਹਿਸਾਨ ਹੇਠ ਦੱਬ ਹੋਇਆ ਕਦੀ ਵੀ ਉਭਰ ਕੇ ਸਾਹਮਣੇ ਨਹੀਂ ਸੀ ਆਇਆ।

ਤੋਚੀ ਦੇ ਖੇਤਾਂ ਦੀ ਮੋੜ-ਮੁੜਾਈ ਪਿਛੋਂ ਤੋਂ ਉਸਨੇ ਗ਼ਾਮੀਂ ਵੱਲ ਨੂੰ ਹੌਰੂੰ-ਹੌਰੂੰ ਜਿਹਾ ਝਾਕਣਾ ਸ਼ੁਰੂ ਕਰ ਦਿੱਤਾ।

ਕੌੜੀ ਜਿਹੀ ਗਹਿਰੀ ਜਿਹੀ ਅੱਖੇ।

ਉਂਝ ਮੂਹੋਂ-ਤੂਹੋਂ ਕਿਹਾ-ਬੋਲਿਆ ਕੁਝ ਨਾ, ਗ਼ਾਮੀ ਨੂੰ।

ਕਹਿਣ-ਬੋਲਣ ਦੀ ਹਿੰਮਤ ਨਾ ਹੋਈ, ਡਰਦੇ ਦੀ।

ਜਿੱਥੇ ਹੁੰਦੀ ਸੀ ਹਿੰਮਤ, ਉਥੇ ਉਸਦੇ ਠੁੱਡੇ-ਮੁੱਕੀਆਂ ਸਗੋਂ ਚਾਂਬਲ ਗਏ।

ਬੰਦੂਆ ਮਜ਼ਦੂਰਾਂ ਵਰਗੀ ਕਾਰੀਗਰ ਲੇਬਰ ਤੇ।

ਆਏ ਦਿਨ ਕੋਈ ਨਾ ਕੋਈ ਲਹੂ-ਲੁਹਾਨ ਹੋਇਆ ਹੁੰਦਾ— ਨਿਕਾਸੀ-ਭਰਾਈ ਵਾਲਾ, ਚੁਣਾਵਾ ਪਥੇਰਾ ਜਾਂ ਹੋਰ ਕੋਈ ਮਾੜੀ-ਧਾੜ।

ਉਸਦੇ ਘਸੁੰਨ-ਮੁੱਕੇ ਖਾ ਕੇ।

ਐਵੇਂ ਨਿੱਕੀ-ਮੋਟੀ ਅਣਗਹਿਲੀ ਕਾਰਨ।

ਰੋਂਦੀ-ਕਲਪਦੀ ਲੇਬਰ ਮੁੜ ਘੜੀ ਗ਼ਾਮੀ ਕੋਲ ਅੱਪੜਦੀ। ਉਸ ਉੱਤੇ ਗਿਲੇ-ਸ਼ਿਕਵੇ ਕਰਦੀ। ਉਲਾਮੇ ਦਿੰਦੀ ਉਸਨੂੰ—"...ਯਾ ਕਾ ਹੋਵਤ ਹੈ ਮੁਨਸ਼ੀ ਬਾਬੂ...ਕਾਹੇ ਜੁਲਮ ਹੋਵਤ ਹੈ ਹਮ ਤੇ !...ਤੁਮ ਤੋ ਬੋਲਤ ਰਹੋ ਨਾਹੀਂ ਕਰਤ ਹੋ ਮਾਰਪੀਟ, ਅੱਬ ਕੀ ਬਾਰ। ਨਾਹੀ ਦੇਵਤ ਹੋ ਗਾਲੀ ਹਮਹੀ ਜਾਤ ਕੋ, ਹਮਰੇ ਦੇਸ-ਗਾਂਵ ਕੋ...! ਉਧਰ ਐਸਾ ਈ ਬੋਲਤ ਹੈ ਨਾ ਤੂੰ ਮੁਨਸ਼ੀ ਬਾਬੂ...!!"

ਉਹਨਾਂ ਦੇ ਸੱਚ ਸਾਹਮਣੇ ਛਿੱਥੇ ਪਏ ਗਾਮੀਂ ਨੂੰ ਸਰਪੰਚ ਦੇ ਤੋਚੀ ਹੱਥ ਭੇਜੇ ਬੋਲ ਹਰ ਵਾਰ ਥਾਪੀ ਦਿੰਦੇ ਉਸਨੂੰ—"...ਏਹ ਲੱਤਾਂ-ਠੁੱਡਿਆਂ ਦੇ ਯਾਰ, ਗੱਲੀਂ-ਬਾਤੀਂ ਸੂਤ ਨਈਂ ਆਉਣੇ। ਏਨਾਂ ਨੂੰ ਦੂਜੇ ਰੁਕ ਈ ਸੂਤ...।"

ਵਿਚੋਂ ਹੀ ਕਿਧਰੇ ਪੰਮੀ ਮਾਸਟਰ ਦੀ ਸਿਖਿਆ-ਵਿਦਿਆ ਵੀ ਉਸਦੀ ਪਿੱਠ ਆ ਥਾਪੜਦੀ—



"...ਏਹ ਮਾਇਆਧਾਰੀ ਜਮਾਤ ਪੈਰਾਂ ਦੀ ਬੜੀ ਥਿੜਕੂ ਹੁੰਦੀ, ਇਕ ਨੰਬਰ ਦੀ ਡਰਪੋਕ। ਜ਼ਰਾ ਕੁ ਅੱਖ ਗਹਿਰੀ ਕਰਨ ਤੇ ਬੱਸ...।'

ਪਰ, ਗਾਮੀ ਨੇ ਹੁਣ ਤੱਕ ਨਾ ਤਾਂ ਕਦੀ ਮਾਲਿਕ ਬਾਬੂ ਵਲ ਨੂੰ ਗਹਿਰੀ ਅੱਖੇ ਦੇਖਿਆ ਸੀ, ਨਾ ਈ ਉਸਨੂੰ ਦੂਜੇ ਰੁਕ ਸੂਤ ਕਰਨ ਲਈ ਉਬਾਲਾ ਖਾਧਾ ਸੀ, ਉਸਦੇ ਅੰਦਰ ਨੇ।

ਸਰਪੰਚ ਤੋਂ ਲਿਆ ਫੜਿਆ ਨਵਾਂ-ਨਿਕੋਰ ਪੁਰਜ਼ਾ ਸਾਂਭ ਪਕੜ ਕੇ ਵੀ ਨਹੀਂ।

ਪੰਮੀ ਮਾਸਟਰ ਦਾ ਸਮਝਾਇਆ ਤਿੱਖਾ ਸੰਘਰਸ਼ੀ ਰਾਹ ਵੀ ਉਸਨੂੰ ਬਾਵੇ ਨੂੰ ਜ਼ਖਮੀ ਕਰਨ ਤੋਂ ਪਿਛੋਂ ਜਾ ਕੇ ਕਿਤੇ ਯਾਦ ਆਇਆ—'...ਏਹ ਹਥਿਆਰ ਸ਼ਕਤੀ, ਜਥੇਬੰਦਕ ਸ਼ਕਤੀ ਦੀ ਮੁੱਠ 'ਚ ਹੋਣੀ ਚਾਹੀਦੀ, ਕੱਲੇ-ਕਹਿਰੇ ਨਾਇਕ ਦੇ ਹੱਥ 'ਚ ਨਹੀਂ। ਨਹੀਂ ਤਾਂ...ਨਹੀਂ ਤਾਂ...।'

ਬਾਵੇ ਦੀ ਪੈੜ ਚਾਲ ਵਰਗੀ ਪੁੱਟੀ ਪਹਿਲੀ ਲਾਂਘ ਹੀ ਉਸਨੂੰ ਬਿਲਕੁਲ ਹੀ ਦੂਜੇ ਬੰਨੇ ਲੈ ਤੁਰੀ ਸੀ, ਉਲਟ ਬੰਨੇ। ਸ਼ਾਮ ਬਾਬੂ ਦਾ ਬਚਾ ਕਰਨ ਵਲ, ਉਲਟਾ ਉਸਦੀ ਰਾਖੀ ਕਰਨ ਵਲ।

ਉਸਦੇ ਵਹਿਸ਼ੀਆਨਾ ਵਰਤੋਂ ਵਿਹਾਰ ਨੂੰ ਰੋਕਣ ਟੋਕਣ ਲਈ, ਉਸਦੀ ਜਾਂਗਲੀ ਕਿਸਮ ਦੇ ਹਊ ਭਾਵਨਾ ਨੂੰ ਹੋੜਨ ਮੋੜਨ ਲਈ, ਹੁਣ ਤੱਕ ਉਸਦੀ ਬਾਬੂਗੀਰੀ ਵਿਰੁਧ ਇਕ ਵੀ ਸ਼ਬਦ ਮੂੰਹੋਂ ਨਹੀਂ ਬੋਲਿਆ ਗਿਆ ਗਾਮੀ ਤੋਂ।

ਉਸਦੇ ਮੂੰਹ ਤੇ ਜਾ ਪਿੱਠ ਪਿੱਛੇ।

ਖਿੜੀ-ਖਪੀ ਲੇਬਰ ਨੂੰ ਧਾਰਸ ਦੇਣ ਲਈ ਵੀ ਨਹੀਂ।

...ਕਿੰਨੇ ਪਾਪੜ ਵੇਲਣੇ ਪੈਂਦੇ ਸਨ ਉਸਨੂੰ ਆਈ ਵਾਰ ਭੱਠਾ ਲੇਬਰ ਨੂੰ ਘਰੋਂ ਤੋਰਨ ਲੱਗਿਆ। ਉਹਨਾਂ ਦੇ ਪ੍ਰਦੇਸੋਂ ਯੂ. ਪੀ. ਬਿਹਾਰ ਜਾਂ ਰਾਜਿਸਥਾਨ ਤੋਂ ਕਿਸੇ ਦੀ ਟੁੱਟੀ-ਉਖੜੀ ਝੁੱਗੀ-ਝੌਂਪੜੀ ਦਾ ਸਿਰ ਢੱਕਣ ਕਰਕੇ, ਕਿਸੇ ਦਾ ਰੋਂਦਾ ਵਿਲਕਦਾ ਬਾਲ-ਬੱਚਾ ਵਰਚਾ-ਪਰਚਾ ਕੇ, ਜਾਂ ਕਿਸੇ ਦੇ ਟੱਬਰ-ਟੀਰ, ਮਾਈ-ਬਾਪ ਦੀਆਂ ਜਗਦੀਆਂ-ਬੁਝਦੀਆਂ ਅੱਖਾਂ 'ਚ ਕੱਖਾਂ ਕਾਨਿਆਂ ਦੇ ਝੁੱਗੇ ਢਾਰਿਆਂ ਦੀ ਥਾਂ, ਪੱਕੀਆਂ ਇੱਟਾਂ ਦੇ ਘਰ-ਕੋਠੜਿਆਂ ਦੇ ਸੁਪਨੇ ਲਟਕਦੇ ਕਰਕੇ।

ਉੱਚੇ ਆਲੀਸ਼ਾਨ ਭਵਨਾਂ ਲਈ ਪੱਕੀ ਇੱਟ ਦੇ ਅੰਬਾਰ ਲਾਉਣ ਵਾਲੀ ਕੱਚੀ ਲੇਬਰ ਦੇ ਟੱਬਰ-ਟੀਰ, ਮਾਈ ਬਾਪ ਦੀਆਂ ਜਗਦੀਆਂ ਬੁਝਦੀਆਂ ਅੱਖਾਂ 'ਚ।

ਪਰ, ਹੁਣ ਤੱਕ ਨਾ ਤਾਂ ਉਹ ਕਿਸੇ ਦਾ ਘਰ ਕੋਠੜਾ ਹੀ ਪੱਕਾ ਕਰਵਾ ਸਕਿਆ ਸੀ, ਸ਼ਾਮ ਬਾਬੂ ਨੂੰ ਆਖ ਸੁਣ ਕੇ, ਮਦਦ ਇਮਦਾਦ ਕਰਵਾ ਕੇ, ਤੇ ਨਾ ਹੀ ਉਸਦੇ ਗੰਦੇ-ਮੰਦੇ ਗਾਲੀ ਗਲੋਚ, ਲੱਤਾਂ ਹੁਰੇ ਮੁੱਕੀਆਂ ਦੀ ਮਾਰ ਤੋਂ ਰੱਖ ਬਚਾਂ ਹੀ ਕਰ ਸਕਿਆ ਸੀ, ਉਹਨਾਂ ਦਾ।

ਦਿਲੋਂ ਮਨੋਂ ਚਾਹੁੰਦਾ ਹੋਇਆ ਵੀ।

ਹੋਰ ਤਾਂ ਹੋਰ ਬਾਬੂ ਮਾਲਿਕ ਤੱਕ ਉਹਨਾਂ ਦਾ ਗਿਲਾ ਸ਼ਿਕਵਾਂ ਅੱਪੜਦਾ ਕਰਨ ਦੀ ਹਿੰਮਤ ਕਦੀ ਨਹੀਂ ਸੀ ਕੀਤੀ ਗਾਮੀ ਨੇ।

ਪਰ, ਤੋਚੀ ਦੇ ਖੇਤ ਮੁੜਦੇ ਕਰਨ ਦਾ ਸਰਪੰਚ ਦਾ 'ਸੁਨੇਹਾ' ਸ਼ਾਮ ਬਾਬੂ ਤੱਕ ਅੱਪੜਦਾ ਕਰਨ ਲਈ, ਉਸ ਅੰਦਰ ਪਤਾ ਨਈਂ ਕਿਵੇਂ ਦੀ ਹਿੰਮਤ ਜਾਗ ਪਈ।...ਜੱਟ ਸਿੱਖ ਹੋਣ ਦੀ ਉਪਾਧੀ ਮਿਲ ਜਾਣ ਕਰਕੇ ਜਾਂ ਪੰਮੀ ਮਾਸਟਰ ਦੀ ਬੰਬੀ ਤੇ ਮਿਲਦੇ ਟੱਕਰਦੇ ਰਹੇ ਓਪਹੇ ਜਿਹੇ ਬੰਦਿਆਂ ਦਾ ਪੰਡਿਤ ਤੀਰਥ ਰਾਮ ਦਾ ਕਿਹਾ ਸੁਣਿਆ ਸਾਰਾ ਕੁਝ ਭੁੱਲ-ਭੁਲਾ ਜਾਣ ਕਰਕੇ।

ਉਸਦੇ ਅਪਣੇ ਯਤਨਾਂ ਨਾਲ ਆਈ ਦੂਰ-ਪਾਰ ਦੀ ਲੇਬਰ ਤਾਂ ਹਰ ਰੋਜ਼ ਹੀ ਕੋਈ ਨਾ ਕੋਈ ਉਲ੍ਹਾਮਾ ਲਈ ਉਸਦਾ ਦਫ਼ਤਤ ਮੱਲੀ ਰੱਖਦੀ, ਉਸਦੀ ਤਰਫ਼ਦਾਰੀ ਭਾਲਣ ਲਈ।

ਪਿਛਲੇ ਕਲ੍ਹ ਦੀ ਘਟਨਾ ਨੇ ਤਾਂ ਜਿਵੇਂ ਉਸਨੂੰ ਉਸਦੇ ਤਰਫਦਾਰੀ ਦੇ ਖੋਲ 'ਚੋਂ ਭੂੜਕਾ ਕੇ ਬਾਹਰ ਵਗਾਹ ਮਾਰਿਆ ਹੋਵੇ, ਰੜੇ-ਪੱਧਰੇ।...ਰੋਂਦੇ ਵਿਲਕਦੇ ਛਾਂਗੂ ਰਾਮ ਨੂੰ ਵਰਚਾ-ਪਰਚਾ ਕੇ ਉਹ ਅਜੇ ਮੁੜਿਆ ਸੀ ਦਫ਼ਤਰ, ਕਿ ਨਿਕਾਸੀ ਕਰਦੀ ਸਾਰੀ ਲੇਬਰ, ਉਸ ਦੁਆਲੇ ਆ ਜੁੜੀ— ਛਾਂਗੂ ਰਾਮ ਨੂੰ ਪਈ ਮਾਰ ਦਾ ਕਾਰਨ ਪੁੱਛਣ।

ਹਰ ਕੋਈ ਅਪਣੀ ਅਪਣੀ ਸੁਰ 'ਚ ਮੰਦਾ-ਚੰਗਾ ਬੋਲਦਾ ਗਿਆ—ਸ਼ਾਮ ਬਾਬੂ ਨੂੰ ਵਿੱਚੇ ਈ ਗਾਮੀ ਨੂੰ।

ਕਿਸੇ ਦੇ ਉੱਚੇ-ਨੀਵੇਂ ਬੋਲ ਗਾਮੀ ਦੀ ਸਮਝ ਪੈਂਦੇ ਕਿਸੇ ਦੇ ਨਾ ਵੀ।...ਬਾਬੂ ਤਾਂ ਅਪਣੀ ਕਾਰਵਾਈ ਪਾ ਕੇ ਉਸੇ ਵੇਲੇ ਖਿਸਕ ਗਿਆ ਸੀ, ਭੱਠੇ ਤੋਂ।

ਥੋੜ੍ਹਾ ਕੁ ਚਿਰ ਤਾਂ ਗਾਮੀ ਉਹਨਾਂ ਦਾ ਗੁੱਸਾ-ਗਿਲਾ ਚੁੱਪ-ਚਾਪ ਸੁਣਦਾ ਰਿਹਾ, ਜਿਵੇਂ ਸੁਣਿਆ ਕਰਦਾ ਸੀ ਹਰ ਵਾਰ। ਫਿਰ...ਫਿਰ ਪਤਾ ਨਈਂ ਉਸਦੇ ਅੰਦਰ ਨੇ ਕਿਹੋ ਜਿਹਾ ਉਛਾਲਾ ਮਾਰਿਆ, ਕਿਹੋ ਜਿਹਾ ਤਾਅ ਚੜ੍ਹਿਆ ਉਸਨੂੰ—ਕੁਰਸੀ ਤੋਂ ਉਠਦਿਆਂ ਸਾਰ ਉਹ ਟੁੱਟ ਹੀ ਪਿਆ 'ਰੋਂਦੀ-ਵਿਲਕਦੀ' ਧੂੜ-ਘੱਟਾ ਹੋਈ ਹਮ ਸ਼ਕਲ ਲੇਬਰ ਤੇ। ਪੂਰੇ ਜਲ-ਜਲੌ ਨਾਲ, ਪੂਰੀ ਜੱਟ ਹਊ ਨਾਲ।

ਨਾਲੋ-ਨਾਲ ਹੂਰੇ-ਮੁੱਕੀਆਂ, ਲੱਤੇ-ਠੰਡੇ, ਨਾਲੋ-ਨਾਲ ਗਾਲੀ-ਗਲੋਚ, ਗੰਦ-ਮੰਦ।

ਵਿਚੇ ਉਹਨਾਂ ਨੂੰ, ਵਿੱਚੇ ਉਹਨਾਂ ਦੇ ਪ੍ਰਾਂਤਾਂ-ਸੂਬਿਆਂ, ਗੋਤਾਂ-ਜਾਤਾਂ ਨੂੰ।

ਬਿਲਕੁਲ ਸ਼ਾਮ ਬਾਬੂ ਵਾਂਗ। ਅੱਵਲ ਉਸ ਤੋਂ ਵੀ ਦੋ ਰੱਤੀਆਂ ਉੱਪਰ, ਉੱਚੀ-ਤਿੱਖੀ ਸੁਰ 'ਚ।

ਦੌੜਦੀ ਭੱਜਦੀ, ਭੈਅ-ਭੀਤ ਹੋਈ ਨਿਕਾਸੀ ਲੇਬਰ ਤਾਂ ਗਾਮੀ ਨੂੰ ਭੌਣ ਚੜ੍ਹਿਆ ਦੇਖਕੇ, ਅਪਣੀ ਅਪਣੀ ਘੁਰਨੀਂ ਜਾ ਲੁਕੀ, ਪਰ ਸਾਹੋ-ਸਾਹ ਹੋਇਆ ਗਾਮੀਂ ਹੋਰ ਕਿੰਨਾ ਈ ਚਿਰ ਦਫਤਰੋਂ ਬਾਹਰ ਖੜਾ ਅਵਾ-ਤਵਾ ਬੋਲਦਾ ਰਿਹਾ। ਪਤਾ ਨਈਂ ਕਿਸ ਕਿਸ ਨੂੰ, ਕੀ ਕੀ?

ਅਵਾ-ਤਵਾ ਬੋਲਦਾ ਉਹ ਥੋੜ੍ਹੇ ਕੁ ਚਿਰ ਪਿਛੋਂ ਫਿਰ ਜਿਵੇਂ ਸੁੰਨ ਹੀ ਹੋ ਗਿਆ, ਇਕ ਦੰਮ ਚੁੱਪ। ਹਣੇ ਹੁਣੇ ਗੜਕਦੇ-ਗਰਜਦੇ ਬੋਲ ਜਿਵੇਂ ਉਸਦੇ ਅੰਦਰ ਸੌਂ ਈ ਗਏ, ਦੱਬ ਈ ਗਏ ਹੋਣ।

ਉਸਦੇ ਕੰਬਦੇ-ਡੋਲਦੇ ਅੰਗ ਪੈਰ ਵੀ ਭੱਠੇ ਦੇ ਕਿਸੇ ਵੀ ਕਿਸੇ ਹਿੱਸੇ ਵਲ ਨੂੰ ਤੁਰਨ ਤੋਂ ਇਨ-ਕਾਰੀ ਹੋ ਉੱਠੇ।

ਨਾ ਅਗਾਂਹ ਘਾਟ ਵਲ ਨੂੰ, ਨਾ ਪਿਛਾਂਹ ਦਫਤਰ ਵਲ ਨੂੰ।

ਦਿਨ ਭਰ ਦੀ ਵੇਚ-ਵਟਕ ਉਵੇਂ ਦੀ ਉਵੇਂ ਪਈ ਛੱਡ, ਉਹ ਇੱਟਾਂ ਦੀ ਜੂਹ 'ਚੋਂ ਬਾਹਰ ਨਿਕਲ ਆਇਆ।...ਰਵਾਂ-ਰਵੀਂ ਤੁਰਿਆ ਉਹ ਪਿੰਡ ਪਹੁੰਚ ਗਿਆ, ਸਿੱਧਾ ਅਪਣੇ ਘਰ।

ਘਰ ਦੀ ਚਾਰ-ਦੀਵਾਰੀ ਅੰਦਰ ਬੰਦ ਹੋਇਆ, ਫਿਰ ਕਈ ਦਿਨ ਅੰਦਰੋਂ ਬਾਹਰ ਨਾ ਨਿਕਲਿਆ।

ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ...ਉਹ ਇਸ ਦਾ ਕੀ ਕਾਰਨ ਦੱਸੇ ਕਿਸੇ ਨੂੰ...।
ਕਿਸੇ ਤੋਂ ਪਹਿਲਾਂ ਅਪਣੇ ਆਪ ਨੂੰ ਹੀ...।

**(ਨੇੜੇ ਐਸ.ਡੀ. ਐਮ. ਦਫਤਰ, ਦਸੂਹਾ 144205,**





## **ਵਿਸ਼ਵ ਪੰਜਾਬੀ ਕਾਨਫਰੰਸ ਦਾ ਲੇਖਾ-ਜੋਖਾ**/ਹਰਭਜਨ ਸਿੰਘ ਹੁੰਦਲ

ਪੰਜਾਬ ਦੇ ਬਜ਼ੁਰਗ ਆਖ਼ਦੇ ਹੁੰਦੇ ਸਨ, 'ਜੇ ਉਠਾਂ ਵਾਲਿਆਂ ਨਾਲ ਯਾਰੀ ਲਾਉਣੀ ਹੋਵੇ, ਤਾਂ ਦਰਵਾਜ਼ੇ ਵੀ ਉੱਚੇ ਰੱਖੀਦੇ ਹਨ।'

ਵਿਸ਼ਵ ਪੰਜਾਬੀ ਕਾਨਫਰੰਸ ਦੇ ਅਹੁਦੇਦਾਰਾਂ ਤੇ ਪ੍ਰਬੰਧਕਾਂ ਦੇ ਇਰਾਦੇ ਤਾਂ ਉੱਚੇ ਸਨ, ਪਰ ਦ੍ਰਿਸ਼ਟੀ ਸੀਮਤ ਤੇ ਸੌੜੀ ਸੀ। ਜੇਕਰ ਕਾਂ ਬਾਜ਼ ਵੱਲ ਵੇਖ ਨੀਲੇ ਅਸਮਾਨਾਂ ਵਿਚ ਉੱਚੀਆਂ ਉਡਾ-ਰੀਆਂ ਮਾਰਨ ਦੀ ਸੋਚ ਲਵੇ, ਤਾਂ ਉਹ ਛੇਤੀ ਹਾਰ-ਹੰਭ ਕੇ ਸਿਰ ਪਰਨੇ ਧਰਤੀ ਤੇ ਆ ਡਿੱਗੇਗਾ।

ਵਿਸ਼ਵ ਪੱਧਰ ਦੀ ਗੱਲ ਸੋਚਦਿਆਂ ਸਿਰਫ਼ ਪੰਜਾਬ ਨੂੰ ਹੀ ਸਾਹਮਣੇ ਰੱਖਣਾ ਜਾਂ ਸਿਰਫ਼ ਸਿੱਖਾਂ ਬਾਰੇ ਹੀ ਸੋਚਣਾ ਹਾਮੋਹੀਣੀ ਕਮਅਕਲੀ ਦਾ ਪ੍ਰਮਾਣ ਹੈ। ਵਿਸ਼ਵ ਕਾਨਫਰੰਸ ਦੇ ਨਾਂ 'ਤੇ ਸਿੱਖ ਮਸਲਿਆਂ ਬਾਰੇ ਵਿਚਾਰਾਂ ਸ਼ੁਰੂ ਕਰ ਦੇਣੀਆਂ ਉਸ ਤੋਂ ਵੀ ਬੁਰਾ।

ਵੇਖਣ ਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਆਖਰ ਸਾਨੂੰ ਵਿਸ਼ਵ ਕਾਨਫਰੰਸਾਂ ਕਰਨ ਦੀ ਲੋੜ ਕਿਉਂ ਪੈ ਰਹੀ ਹੈ? ਕਿਹੜੇ ਮਸਲੇ ਨੇ ਜਿਹੜੇ ਸੰਸਾਰ-ਪੱਧਰ 'ਤੇ ਵਿਚਾਰੇ ਜਾਣੇ ਹਨ ਅਤੇ ਅਸੀਂ ਕਿਹੜੀਆਂ ਧਿਰਾਂ, ਸੰਸਥਾਵਾਂ, ਸਰਕਾਰਾਂ ਜਾਂ ਕੌਮਾਂਤਰੀ ਮੰਚਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ। ਸਾਡੀਆਂ ਮੰਗਾਂ. ਔਕੜਾਂ ਤੇ ਮੁੱਦੇ ਕਿਹੜੇ ਹਨ? ਕੀ ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ ਤੇ ਪੰਜਾਬੀ ਸਭਿਆਚਾਰ ਦੇ ਵਿਕਾਸ ਅਤੇ ਪ੍ਰਫੁੱਲਤਾ ਤੋਂ ਬਿਨਾ ਸਾਡੇ ਕੋਈ ਹੋਰ ਮਸਲੇ ਵੀ ਹਨ?

ਪੰਜਾਬੀਅਤ ਦਾ ਮੁੱਦਾ ਵਾਰ-ਵਾਰ ਬਹਿਸ ਦਾ ਵਿਸ਼ਾ ਬਣਾਇਆ ਜਾ ਰਿਹਾ ਹੈ। ਆਖਰ ਇਹ ਹੈ ਕੀ? ਕੀ ਇਹ ਪੰਜਾਬੀਅਤ ਸਿਰਫ਼ ਭਾਰਤੀ ਪੰਜਾਬ ਦੀ ਹੈ ਜਾਂ ਬਾਹਰ ਦੀ ਵੀ। ਅਸੀਂ ਪਾਕਿਸਤਾਨ ਦੇ ਪੰਜਾਬੀਆਂ ਨੂੰ ਹਰ ਵਾਰ ਜਾਣ-ਬੁੱਝ ਕੇ ਬਾਹਰ ਕਿਉਂ ਕੱਢ ਦਿੰਦੇ ਹਨ? ਕਿਉਂ ਅਸੀਂ ਉਨ੍ਹਾਂ ਨੂੰ ਪੰਜਾਬੀਆਂ ਦੀ ਸਭ ਤੋਂ ਵੱਡੀ ਧਿਰ ਮੰਨ ਕੇ ਵਿਸ਼ਵ ਕਾਨਫਰੰਸਾਂ ਵਿਚ ਨਹੀਂ ਸੱਦ ਰਹੇ? ਅਸੀਂ ਭਾਰਤੀ ਪੰਜਾਬ ਦੇ ਸਿੱਖਾਂ ਤੀਕ ਹੀ ਆਪਣੀ ਪਹੁੰਚ ਤੇ ਸੋਚ ਨੂੰ ਸੀਮਤ ਕਿਉਂ ਕਰ ਲੈਂਦੇ ਹਾਂ। ਪੰਜਾਬੀਅਤ ਸਿਰਫ਼ ਪੰਜਾਬ ਦੇ ਸਿੱਖਾਂ ਤੱਕ ਹੀ ਕਿਉਂ ਸੀਮਤ ਹੋ ਕੇ ਰਹਿ ਜਾਂਦੀ ਹੈ?

ਪਹਿਲੀ ਵਿਸ਼ਵ ਕਾਨਫਰੰਜ ਜਿਹੜੀ 1980 ਵਿਚ ਯੂ. ਕੇ. ਵਿਚ ਕੀਤੀ ਗਈ ਸੀ, ਉਸ ਬਾਰੇ ਵੀ ਤਿੱਖੇ ਵਾਦ-ਵਿਵਾਦ ਪੈਦਾ ਹੋਏ ਸ਼ਨ। ਉਸ ਵਿਚ ਕੁਝ ਚੋਣਵੇਂ ਪ੍ਰਸਿੱਧ ਪੰਜਾਬੀ ਲੇਖਕ ਸ਼ਾਮਲ ਹੋਏ ਸਨ। ਪ੍ਰਬੰਧਕਾਂ ਦੀ ਮੁੱਖ ਕੋਸ਼ਿਸ਼ ਗਿਣਵੇਂ ਚੋਣਵੇਂ ਪੰਜਾਬੀ ਲੇਖਕਾਂ ਨੂੰ ਪੱਛਮੀ ਜੀਵਨ ਸ਼ੈਲੀ ਦਾ ਅਨੁਭਵ ਕਰਾਉਣਾ ਸੀ। ਪਰ ਉਸ ਕਾਨਫਰੰਸ ਦਾ ਮਾੜਾ ਪੱਖ ਇਹ ਸੀ ਕਿ ਇਸ ਨਾਲ ਉਥੋਂ ਦੀ ਪ੍ਰਗਤੀਸ਼ੀਲ ਸਾਹਿਤਕ ਲਹਿਰ ਦੁਫਾੜ ਹੋ ਗਈ ਸੀ। ਦੂਸਰੀ ਕਾਨਫ਼ਰੰਸ ਇਕ-ਪੁਰਖਾ ਤਮਾਸ਼ਾ ਸੀ, ਜਿਹੜਾ ਦੋ ਤਿੰਨ ਲੇਖਕਾਂ ਨੇ ਕੈਨੇਡਾ ਦੀ ਰਾਜਧਾਨੀ ਔਟਵਾ ਵਿਚ ਕਰਨ ਦੀ ਕੋਸ਼ਿਸ਼ ਕੀਤੀ ਸੀ। ਤੀਸਰੀ ਕਾਨਫਰੰਸ ਬੰਕਾਕ ਵਿਚ ਹੋਈ ਸੀ। ਜਿਸ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਲੇਖਕ ਸ਼ਾਮਲ ਹੋਏ ਸਨ, ਭਾਵੇਂ ਕਿ ਨਾਮਧਾਰੀ ਉਪਾਸ਼ਕਾਂ ਦਾ ਇਸ ਉੱਤੇ ਛਾ ਜਾਣਾ ਅਜੀਬ ਲੱਗਿਆ ਸੀ। 1993 ਵਿਚਲੀ ਦਿੱਲੀ ਵਾਲੀ ਵਿਸ਼ਵ ਕਾਨਫਰੰਸ ਕਿਸੇ ਹੱਦ ਤੀਕ ਠੀਕ ਪਾਸੇ ਵੱਲ ਕਦਮ ਸੀ। ਅਸਲ ਵਿਚ ਪੰਜਾਬੀ ਜ਼ੁਬਾਨ, ਪੰਜਾਬੀ ਰਹਿਤਲ ਤੇ ਪੰਜਾਬੀ ਅਦਬ ਬਾਰੇ ਜੇ ਕੌਮਾਂਤਰੀ ਪੱਧਰ ਦੀਆਂ ਕਾਨਫਰੰਸਾਂ ਕਰਨ ਦੀ ਲੋੜ ਪਵੇ, ਤਾਂ ਇਹ ਭਾਰਤ ਜਾਂ ਪਾਕਿਸਤਾਨ ਵਿਚ ਹੀ ਹੋਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਕਾਨਫਰੰਸਾਂ ਲਈ ਹੁਣ ਦੀ ਰਜਿਸਟਰ ਹੋਈ 'ਵਿਸ਼ਵ ਪੰਜਾਬੀ ਕਾਨਫਰੰਸ' ਸੰਸਥਾ ਕਿਸੇ ਤਰ੍ਹਾਂ ਵੀ ਸਮਰੱਥ ਤੇ ਭਰੋਸੇਯੋਗ ਪ੍ਰਤੀਤ ਨਹੀਂ ਹੁੰਦੀ। ਅਜਿਹੀ ਸੰਸਥਾ ਦਾ ਘੇਰਾ ਹੁਣ ਨਾਲੋਂ ਕਿਤੇ ਵਿਸ਼ਾਲ, ਜਨਵਾਦੀ, ਸੈਕੂਲਰ ਤੇ ਪ੍ਰਤੀਨਿਧ ਹੋਣਾ ਚਾਹੀਦਾ ਹੈ।

ਪ੍ਰਸ਼ਨ ਉਠਦਾ ਹੈ ਕਿ ਅਸੀਂ ਅਜੇ ਤੀਕ 'ਪੰਜਾਬੀਅਤ' ਨੂੰ ਕਿਉਂ ਠੀਕ ਭਾਂਤ ਪ੍ਰੀਭਾਸ਼ਤ ਕਿਉਂ ਨਹੀਂ ਕਰ ਸਕੇ ? ਹਰ ਵਾਰ ਏਸੇ ਹੀ ਮਸਲੇ ਨੂੰ ਵਾਰ-ਵਾਰ ਵਿਚਾਰਨ ਦੀ ਕਿਉਂ ਲੋੜ ਪ੍ਰਤੀਤ ਹੁੰਦੀ ਹੈ ? ਇੰਝ ਲਗਦਾ ਹੈ ਜਿਵੇਂ ਇਸ ਮਸਲੇ ਨੂੰ ਵਿਚਾਰਨ ਦੀ ਥਾਂ, ਪ੍ਰਬੰਧਕ ਇਸ ਨੂੰ ਇਕ ਪਰਦੇ ਵਜੋਂ ਵਰਤ ਕੇ ਆਪਣਾ ਸੁਆਰਥ ਸਿੱਧ ਕਰਨਾ ਚਾਹੁੰਦੇ ਹਨ ।

1993 ਦੀ ਦਿੱਲੀ ਵਿਚ ਹੋਈ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਪ੍ਰੋ: ਪ੍ਰੀਤਮ ਸਿੰਘ ਦਾ ਕੁੰਜੀਵਤ ਭਾਸ਼ਣ ਇਸ ਵਿਸ਼ੇ ਨੂੰ ਵਿਚਾਰਨ ਦਾ ਇਕ ਗੰਭੀਰ ਯਤਨ ਸੀ । ਉਸ ਵਿਚ ਉਨ੍ਹਾਂ ਕਿਹਾ ਸੀ ਕਿ "ਪੰਜਾਬ, ਪੰਜਾਬੀ ਦਾ ਜਿਹੋ-ਜਿਹਾ ਸੰਕਲਪ ਹੋਵੇਗਾ, ਉਸ ਦੀ ਪੰਜਾਬੀਅਤ ਵੀ ਉਹੋ-ਜਿਹੀ ਹੋਵੇਗੀ. ਇਸ ਲਈ ਪੰਜਾਬੀ ਲੋਕਾਂ ਦੇ ਗੁਣਾਂ, ਲੱਛਣਾਂ, ਵਿਸ਼ੇਸ਼ਤਾਵਾਂ, ਰੁਚੀਆਂ, ਪ੍ਰਵਿਰਤੀਆਂ ਸ਼ੌਕਾਂ, ਝੁਕਾਵਾਂ, ਬਿਰਤੀਆਂ, ਪਸੰਦਾਂ, ਸੁਆਦਾਂ, ਸੁਭਾਵਾਂ, ਸੋਚਾਂ, ਭਾਂਵਾਂ, ਉਡਾਰੀਆਂ, ਸੁਪਨਿਆਂ, ਹਮਦਰਦੀਆਂ ਤੇ ਨਫ਼ਰਤਾਂ ਵਿਚ ਸਾਂਝੇ ਸੂਤਰਾਂ ਦਾ ਖਿਆਲ ਰੱਖਿਆ ਜਾਵੇ । ਸਾਂਝੀਆਂ ਤਾਘਾਂ ਦੀ ਪਛਾਣ ਕੀਤੀ ਜਾਵੇ ।

ਨਾਲ ਹੀ ਪ੍ਰੋ: ਪ੍ਰੀਤਮ ਸਿੰਘ ਹੁਰਾਂ ਨੇ ਸੁਝਾਅ ਦਿੱਤਾ ਸੀ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਘੇਰੇ ਨੂੰ ਨਿਸਚਿਤ ਕਰਨ ਲਈ ਚੋਟੀ ਦੇ ਵਿਦਵਾਨਾਂ ਦੀ ਸਹਾਇਤਾ ਲਈ ਜਾਵੇ । ਪਰ ਉਸ ਪਾਸੇ ਵੱਲ ਤੁਰਨ ਦੀ ਥਾਂ, ਇਸ ਵਾਰ ਫਿਰ 'ਪੰਜਾਬੀਅਤ,' ਵਿਸ਼ਵ ਕਾਨਫਰੰਸ ਦਾ ਮੁੱਖ ਮੁੱਦਾ ਬਣਾ ਦਿੱਤੀ ਗਈ ਹੈ ਤੇ ਉਸ ਬਾਰੇ ਤਿੰਨ ਚਾਰ ਲੇਖ ਉਨ੍ਹਾਂ ਲੇਖਕਾਂ ਤੋਂ ਲਿਖਵਾ ਲਏ ਗਏ ਹਨ, ਜਿਹੜੇ ਖੁਦ ਵੀ ਹਾਲੀ ਇਸ ਬਾਰੇ ਸਪੱਸ਼ਟ ਤੇ ਅੰਤਮ ਗੱਲ ਕਰਨ ਜਾਂ ਕਹਿਣ ਦੇ ਸਮਰੱਥ ਨਹੀਂ ਹਨ । ਇੰਝ ਇਸ ਰੋਲ-ਘਚੋਲੇ ਵਿਚ ਗੱਲ ਸਪੱਸ਼ਟ ਹੋਣ ਦੀ ਥਾਂ ਹੋਰ ਉਲਝ ਗਈ ਹੈ । ਸ਼ਾਇਦ ਗੱਲ ਨੂੰ ਗੰਧਲਾ ਕਰੀ ਜਾਣ ਵਿਚ ਵੀ ਕੋਈ ਮਨੋਰਥ ਹੁੰਦਾ ਹੋਵੇ ।

ਭਵਿੱਖ ਨਕਸ਼ਾ **(Perspective)** ਸਪੱਸ਼ਟ ਨਾ ਹੋਣ ਕਾਰਨ ਬਹੁਤ ਕੁਝ ਬੇਮੁਹਾਰਾ ਤੇ ਅਟਕਲ-ਪੱਚੂ ਬਣ ਜਾਂਦਾ ਹੈ ਤੇ ਸਬੰਧਤ ਵਿਅਕਤੀ ਜਾਂ ਸੰਸਥਾਵਾਂ ਹਾਲਾਤ ਨੂੰ ਚੰਗੇ ਪਾਸੇ ਮੋੜਾ ਦੇਣ ਦੀ ਥਾਂ ਆਪਾਧਾਪੀ ਤੇ ਆਪ-ਮੁਹਾਰਤਾ ਦਾ ਸ਼ਿਕਾਰ ਹੋ ਜਾਂਦੇ ਹਨ । ਅੱਜ ਜੇ ਪੰਜਵੀਂ ਪੰਜਾਬੀ ਵਿਸ਼ਵ ਕਾਨਫਰੰਸ ਤਿੱਖੇ ਤੇ ਡੂੰਘੇ ਵਾਦ-ਵਿਵਾਦ ਦਾ ਕਾਰਨ ਬਣੀ ਹੋਈ ਹੈ ਤਾਂ ਇਸ ਦੇ ਕਾਰਨ ਬਾਹਰ ਨਹੀਂ, ਪ੍ਰਬੰਧਕਾਂ ਨੂੰ ਖੁਦ ਆਪਣੀ ਸੋਚਣੀ, ਵਿਹਾਰ, ਪ੍ਰਬੰਧ ਤੇ ਅਸਮਾਹਥਾ 'ਚੋਂ ਢੂੰਡਣੇ ਚਾਹੀਦੇ ਹਨ ।

ਪ੍ਰਬੰਧਕਾਂ ਦੀ ਸੀਮਾ ਤੇ ਸੰਭਾਵਨਾ ਦਿੱਲੀ ਦੇ ਮੁਢਲੇ ਪ੍ਰਬੰਧਾਂ ਤੋਂ ਹੀ ਸਪੱਸ਼ਟ ਹੋ ਗਈ ਸੀ । ਪਰਚੇ ਲਿਖਣ, ਲਿਖਵਾਉਣ ਲਈ ਵਿਦਵਾਨਾਂ ਦੀ ਚੋਣ ਵਿਚ ਵੀ ਸਪੱਸ਼ਟ ਭਾਂਤ ਲਿਹਾਜ਼ਦਾਰੀ, ਕੁੰਬਾ-ਪ੍ਰਵਰੀ ਤੇ ਨਿੱਜੀ ਸੰਪਰਕ ਭਾਰੂ ਵਿਖਾਈ ਦਿੰਦੇ ਹਨ । ਪੰਜਾਬੀਅਤ ਦਾ ਵਿਸ਼ਵ-ਵਿਆਪੀ ਪ੍ਰਸੰਗ **(global context)** ਕੌਮਾਂਤਰੀ ਪੰਜਾਬੀ ਸਾਹਿਤ, ਪੰਜਾਬੀ ਆਰਥਿਕਤਾ, ਪੰਜਾਬੀਆਂ ਦਾ ਭੌਂ-ਹੇਰਵਾ, ਸਿੱਖੀ ਦਾ ਵਿਸ਼ਵ-ਵਿਆਪੀ ਦ੍ਰਿਸ਼ ਅਤੇ ਵਿਸ਼ਵ-ਪੰਜਾਬੀ ਕਾਨਫਰੰਸ ਦਾ ਭੂਤ ਤੇ ਭਵਿੱਖ ਆਦਿ ਵਿਸ਼ਿਆਂ ਬਾਰੇ, ਦੋ ਦਰਜਨ ਦੇ ਕਰੀਬ ਵਿਦਵਾਨਾਂ ਨੂੰ ਖੋਜ-ਪੱਤਰ, ਲੇਖ ਤੇ ਭਾਸ਼ਣ ਲਿਖਣ ਅਤੇ ਬੋਲਣ ਲਈ ਕਿਹਾ ਗਿਆ ਸੀ । ਸਰਸਰੀ ਨਜ਼ਰ ਮਾਰਿਆਂ ਵੀ ਪ੍ਰਤੱਖ ਹੋ ਜਾਂਦਾ ਹੈ, ਇਸ ਸੂਚੀ ਵਿਚ ਦਰਜ ਅੱਧੇ ਵਿਦਵਾਨ ਆਪਣੇ-ਆਪਣੇ ਵਿਸ਼ਿਆਂ ਦੇ ਪ੍ਰਮਾਣਿਤ ਤੇ ਸਮਰੱਥ ਵਿਦਵਾਨ ਨਹੀਂ ਸਨ ।

ਵਿਸ਼ਿਆਂ ਦੀ ਸੂਚੀ ਤੇ ਨਜ਼ਰ ਮਾਰਿਆਂ ਦਿਸ ਪੈਂਦਾ ਹੈ ਕਿ ਸਿੱਖੀ-ਸਿਧਾਂਤਾਂ, ਸਿੱਖ ਫ਼ਿਰਕੇ



ਦੀਆਂ ਔਕੜਾਂ ਤੇ ਤਾਘਾਂ ਨੂੰ ਵਿਚਾਰਨ ਤੇ ਉਭਾਰਨ ਦਾ ਮਨੋਰਥ ਵਿਸ਼ਵ-ਪੰਜਾਬੀ ਕਾਨਫਰੰਸ ਨੂੰ ਸਿੱਖ-ਵਿਸ਼ਵ ਕਾਨਫਰੰਸ ਵਿਚ ਬਦਲਣ ਦਾ ਲੁਕਵਾਂ ਉਪਰਾਲਾ ਸੀ । ਭਾਵੇਂ ਕਿ ਕਾਨਫਰੰਸ ਵਿਚ ਹਾਜ਼ਰ ਧਰਮ-ਨਿਰਪੱਖ ਤੇ ਜਮਹੂਰੀ ਡੈਲੀਗੇਟਾਂ ਦੇ ਦਖਲ ਤੇ ਵਿਰੋਧ ਕਾਰਨ ਪ੍ਰਬੰਧਕ ਇਸ ਵਿਚ ਸਫ਼ਲ ਨਹੀਂ ਹੋ ਸਕੇ ।

ਪਾਕਿਸਤਾਨ ਦੇ ਪੰਜਾਬੀ ਲੇਖਕਾਂ, ਚਿੰਤਕਾਂ ਤੇ ਪੱਤਰਕਾਰਾਂ ਨੂੰ ਕਦੇ ਵੀ ਕਿਸੇ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸੱਦਣ ਦਾ ਉਪਰਾਲਾ ਨਹੀਂ ਕੀਤਾ ਗਿਆ । ਕੇਂਦਰੀ ਪੰਜਾਬੀ ਲੇਖਕ ਸਭਾ ਦੀ ਦਿੱਲੀ ਵਿਖੇ ਹੋਈ ਕਾਨਫ਼ਰੰਸ **(1992)** ਵਿਚ ਪਾਕਿਸਤਾਨ ਤੋਂ ਅੱਠ ਲੇਖਕ ਤੇ ਪੰਜਾਬੀ ਪਰਚਿਆਂ ਦੇ ਸੰਪਾਦਕ ਸ਼ਾਮਲ ਹੋਏ ਸਨ ਤੇ ਉਸ ਉੱਦਮ ਦੇ ਸਿੱਟੇ ਵਜੋਂ ਦੋਹਾਂ ਪਾਸਿਆਂ ਦੇ ਪੰਜਾਬੀ ਲੇਖਕਾਂ ਵਿਚ ਪ੍ਰਸਪਰ ਸਬੰਧਾਂ ਤੇ ਮੇਲ-ਜੋਲ ਦੇ ਨਵੇਂ ਅਵਸਰ ਪੈਦਾ ਹੋਏ ਸਨ । ਹੁਣ ਦੀ ਕਾਨਫਰੰਸ ਵਿਚ ਇਕੋ ਪੰਜਾਬੀ ਲੇਖਕਾ ਸਰਵਤ ਮਹੀਉਲਦੀਨ ਆਈ ਸੀ ਤੇ ਉਹ ਵੀ ਉਚੇਚੀ ਸੱਦੀ ਨਹੀਂ ਸੀ ਗਈ, ਸਗੋਂ ਸੁਣ-ਸੁਣਾ ਕੇ ਹੀ ਪਹੁੰਚ ਗਈ ਸੀ । ਕਾਨਫਰੰਸ ਦੀ ਸਾਰੀ ਕਾਰਵਾਈ ਵੇਖ ਕੇ ਹੀ ਉਸ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਇਸ ਨੂੰ 'ਵਿਸ਼ਵ ਪੰਜਾਬੀ ਕਾਨਫਰੰਸ' ਕਹਿਣ ਦੀ ਥਾਂ 'ਭਾਰਤੀ ਪੰਜਾਬੀਆਂ ਦੀ ਵਿਸ਼ਵ ਕਾਨਫਰੰਸ' ਕਿਹਾ ਜਾਵੇ ।

ਪੰਜਾਬ, ਕਨੇਡਾ, ਅਮਰੀਕਾ ਤੇ ਇੰਗਲੈਂਡ ਦੇ ਸਥਾਪਤ ਪੰਜਾਬੀ ਲੇਖਕਾ ਦਾ ਗਿਲਾ ਸੀ ਕਿ ਉਹਨਾਂ ਨੂੰ ਇਸ ਕਾਨਫਰੰਸ ਵਿਚ ਸੱਦਣਾ ਤਾਂ ਦੂਰ, ਦਸਿਆ ਜਾਂ ਸੂਚਿਤ ਵੀ ਨਹੀਂ ਕੀਤਾ ਗਿਆ। ਇਨ੍ਹਾਂ ਦੇਸ਼ਾਂ ਦੇ ਲੇਖਕ ਜਦੋਂ ਸਵਾਗਤੀ ਸਮਾਗਮਾਂ ਵਿਚ ਪ੍ਰਬੰਧਕਾਂ ਤੇ ਅਹੁਦੇਦਾਰਾਂ ਨੂੰ ਸ਼ਿਕਾਇਤ ਕਰਦੇ ਸਨ ਤਾਂ ਜ਼ਿੰਮੇਵਾਰ ਅਹੁਦੇਦਾਰ ਵੀ ਝੂਠ ਦਾ ਆਸਰਾ ਲੈ ਆਖਦੇ ਸਨ ਕਿ ਸਾਡੇ ਕੋਲ ਉਨ੍ਹਾਂ ਲੇਖਕਾਂ ਦੇ ਨਵੇਂ ਸਿਰਨਾਵੇਂ ਨਹੀਂ ਸਨ । ਅਸਲ ਵਿਚ ਪ੍ਰਬੰਧਕਾਂ ਦੀ ਕੋਸ਼ਿਸ਼ ਵੱਧ ਤੋਂ ਵੱਧ ਲੇਖਕਾਂ ਨੂੰ ਸੱਦਣ ਦੀ ਨਹੀਂ ਸੀ ਸਗੋਂ ਭੀੜ ਇਕੱਠੀ ਕਰਕੇ ਚਾਰ ਪੈਸੇ ਕਮਾਉਣ ਦੀ ਹੀ ਕੋਸ਼ਿਸ਼ ਪ੍ਰਤੀਤ ਹੁੰਦੀ ਸੀ ।

ਕਾਨਫਰੰਸ ਦੇ ਸਮੇਂ ਪੜ੍ਹੇ ਤੇ ਵਿਚਾਰੇ ਜਾਣ ਵਾਲੇ ਸਾਰੇ ਦੇ ਸਾਰੇ ਪਰਚਿਆਂ ਵਿਚ ਇਕ ਦੋ ਪਰਚੇ ਹੀ ਛਾਪੇ ਜਾਂ ਫੋਟੋਸਟੇਟ ਕਰਕੇ ਵੰਡੇ ਗਏ ਸਨ । ਯੂਨੀਵਰਸਿਟੀ ਵਿਚ ਪਰਚਿਆਂ ਨੂੰ ਨਾਲੋ-ਨਾਲ ਛਾਪਣ ਜਾਂ ਫੋਟੋਸਟੇਟ ਕਰਨ-ਕਰਵਾਉਣ ਦਾ ਪ੍ਰਬੰਧ ਕਰਨਾ ਚੁਟਕੀ ਮਾਰਨ ਵਰਗਾ ਕੰਮ ਸੀ, ਪਰ ਇੰਝ ਲਗਦਾ ਸੀ ਜਿਵੇਂ ਪ੍ਰਬੰਧਕ ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ ਨਹੀਂ ਕਰ ਰਹੇ, ਸਗੋਂ ਪਹਿਲੀ ਕਾਨਫਰੰਸ ਕਰ ਰਹੇ ਸੀ । ਪ੍ਰਬੰਧਕੀ ਤਜਰਬੇ ਦੀ ਘਾਟ ਥਾਂ-ਥਾਂ ਸਪੱਸ਼ਟ ਭਾਂਤ ਵਿਖਾਲੀ ਦਿੰਦੀ ਸੀ ।

ਇਸ ਕਾਨਫਰੰਸ ਦੀ ਸਭ ਤੋਂ ਪ੍ਰਸ਼ੰਸਾ ਵਾਲੀ ਗੱਲ ਮੁੱਖ ਮੇਜ਼ਬਾਨ ਸ੍ਰੀ ਦਰਸ਼ਨ ਸਿੰਘ ਧਾਲੀਵਾਲ, ਉਸ ਦੇ ਪਰਿਵਾਰ ਤੇ ਉਸ ਦੇ ਸਹਾਇਕ ਜੁੱਟ ਦੀ ਪ੍ਰਾਹੁਣਚਾਰੀ ਤੇ ਸੇਵਾ-ਭਾਵ ਦੀ ਸੀ। ਉਹ ਰਾਤ-ਦਿਨ ਇਕ ਕਰਕੇ ਆਏ ਪ੍ਰਾਹੁਣਿਆਂ ਤੇ ਡੈਲੀਗੇਟਾਂ ਦੇ ਸੁੱਖ ਆਰਾਮ ਤੇ ਰਿਹਾਇਸ਼ ਲਈ ਤਤਪਰ ਰਹੇ । ਇਸ ਪੱਖੋਂ ਜੇ ਰਤਾ ਮਾਤਰ ਗੁਸਤਾਖੀ ਹੋਈ ਹੋਵੇ ਤਾਂ ਉਹ ਇੱਕਾ-ਦੁੱਕਾ ਡੈਲੀਗੇਟਾਂ ਵਲੋਂ ਤਾਂ ਹੋ ਜਾਣੀ ਸੰਭਵ ਹੈ, ਕਿਉਂਕਿ ਮੁਫ਼ਤ ਮਿਲੀ "ਸਕਾਚ ਵਿਸਕੀ" ਲੋੜੋਂ ਵੱਧ ਪੀ ਕੇ ਪੰਜਾਬੀ ਲੇਖਕ ਟੀਟਣੇ ਮਾਰਨੋਂ ਤਾਂ ਰਹਿ ਨਹੀਂ ਸੀ ਸਕਦੇ । ਪਰ ਧਾਲੀਵਾਲ ਪਰਿਵਾਰ ਵਲੋਂ ਬਹੁਤੀ ਪੀਣ ਵਾਲਿਆਂ ਤੇ ਕੁਰਸੀਆਂ ਉਲਟਾਉਣ ਵਾਲਿਆਂ ਨੂੰ ਵੀ ਪਿਆਰ-ਸਤਿਕਾਰ ਨਾਲ ਆਪਣੇ ਆਪਣੇ ਸੌਣ ਵਾਲੇ ਕਮਰਿਆਂ ਤੀਕ ਪਹੁੰਚਾਉਂਦੇ ਰੋਜ਼ ਹੀ ਵੇਖੀਦਾ ਸੀ ।

ਜਿਥੋਂ ਤੱਕ ਪੜ੍ਹੇ ਗਏ ਪਰਚਿਆਂ ਉੱਤੇ ਹੋਈ ਬਹਿਸ ਦੇ ਪੱਧਰ ਦੀ ਗੱਲ ਹੈ, ਉਹ ਪਰਚਿਆਂ

ਦੀ ਲੋੜੋਂ ਵੱਧ ਘੜਮੱਸ ਤੇ ਵਕਤ ਦੀ ਤੰਗੀ ਕਾਰਨ, ਤਸੱਲੀ ਵਾਲੀ ਕਹਿ ਸਕਣਾ ਸ਼ਾਇਦ ਸੰਭਵ ਨਹੀਂ। ਐਪਰ ਅਜਿਹੇ ਵਰਤਾਰੇ ਕੋਈ ਪਹਿਲੀ ਵਾਰ ਨਹੀਂ ਵੇਖੇ ਗਏ। ਜਦੋਂ ਤੇ ਜਿਥੇ ਵੀ ਵਕਤ ਘੱਟ ਤੇ ਪਰਚੇ ਲੋੜੋਂ ਵੱਧ ਹੋਣ, ਏਸੇ ਤਰ੍ਹਾਂ ਈ ਹੁੰਦਾ ਹੈ।

ਪਰ ਹੈਰਾਨੀ ਦੀ ਗੱਲ ਜ਼ਰੂਰ ਹੈ ਕਿ ਪੜ੍ਹੇ ਗਏ ਪਰਚੇ, ਕਾਨਫ਼ਰੰਸ ਦੀ ਸਮਾਪਤੀ ਤੋਂ ਬਾਅਦ ਵੀ ਕਾਪੀਆਂ ਕਰਵਾਕੇ ਵੰਡਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਤੇ ਇੰਝ ਸਾਰੇ ਡੈਲੀਗੇਟ ਇਹਨਾਂ ਪਰਚਿਆਂ ਨੂੰ ਇਕੱਲ ਵਿਚ, ਨਿੱਠ ਕੇ ਪੜ੍ਹਨ, ਵਿਚਾਰਨ ਤੋਂ ਵਿਰਵੇ ਰਹਿ ਗਏ। ਪ੍ਰਬੰਧਕਾਂ ਦਾ ਇਹ ਕਹਿਣਾ ਕਿ ਉਹ ਭਾਰਤ ਵਾਪਸ ਪਰਤ ਕੇ ਇਨ੍ਹਾਂ ਪਰਚਿਆਂ ਨੂੰ ਕਿਤਾਬੀ ਸ਼ਕਲ ਵਿਚ ਛਾਪ ਕੇ ਡੈਲੀਗੇਟਾਂ ਤੀਕਰ ਪਹੁੰਚਾ ਦੇਣਗੇ, ਅਜੀਬ ਤੇ ਟਕਰਾਊ ਜਿਹਾ ਹੀ ਪ੍ਰਤੀਤ ਹੁੰਦਾ ਸੀ।

ਕਾਨਫਰੰਸ ਸਮੇਂ ਬਹੁਤ ਕੁੱਝ ਅਜਿਹਾ ਵੇਖਣ, ਸੁਣਨ ਨੂੰ ਮਿਲਿਆ ਹੈ, ਜਿਹੜਾ ਭਾਰਤੀ ਪ੍ਰਬੰਧਕਾਂ ਦੀ ਪਾਰਦਰਸ਼ਤਾ ਤੇ ਨੀਅਤ ਪ੍ਰਤੀ ਗੰਭੀਰ ਸ਼ੰਕੇ ਉਤਪੰਨ ਕਰਦਾ ਹੈ। ਇਸ ਪ੍ਰਤੀ ਘੇਸਲ ਮਾਰ ਕੇ ਚੁੱਪ ਵੱਟੀ ਰੱਖਣਾ ਕਦਾਚਿਤ ਵੀ ਬਰਦਾਸ਼ਤ ਨਹੀਂ ਹੋ ਸਕਣਾ। ਕਿੰਨੇ ਬੰਦੇ ਸਹੀ ਡੈਲੀ-ਗੇਟ ਸਨ ਤੇ ਕਿੰਨੇ ਲੁਕ ਜਾਣ ਵਾਲੇ ਤਿੱਤਰ-ਬਟੇਰੇ ? ਲੁਕ ਜਾਣ ਵਾਲਿਆਂ ਲਈ ਦਰਵਾਜ਼ੇ ਤੇ ਮਘੋਰੇ ਕਿਸ ਨੇ ਖੁੱਲ੍ਹੇ ਰੱਖੇ ਸਨ, ਉਨ੍ਹਾਂ ਕੋਲੋਂ ਬਾਹਰ ਜਾਣ ਦਾ ਕਿੰਨੇ-ਕਿੰਨੇ ਲੱਖ ਵਸੂਲਿਆ ਗਿਆ ਹੈ। ਕਿਹੜੇ-ਕਿਹੜੇ ਵਿਦਵਾਨਾਂ, ਪੱਤ੍ਰਕਾਰਾਂ ਨੂੰ ਮੁਫਤ ਯਾਤਰਾ ਦੀ ਸਹੂਲਤ ਦਿਤੀ ਗਈ ਤੇ ਇਸਦਾ ਅਧਾਰ ਕੀ ਰੱਖਿਆ ਗਿਆ। ਹਰ ਟਿਕਟ ਪਿਛੇ ਪ੍ਰਬੰਧਕਾਂ ਨੂੰ ਕਿੰਨਾ ਮੁਨਾਫਾ ਹੋਇਆ, ਡੈਲੀਗੇਟ ਬਣਨ/ਬਣਾਉਣ ਦਾ ਅਧਾਰ ਕੀ ਸੀ ? ਤੇ ਇਸ ਹਨੇਰਗਰਦੀ ਤੇ ਲੁੱਟ ਮਚਾਉਣ ਦੀ ਅਸਲ ਦੋਸ਼ੀ ਸਮੁੱਚੀ ਐਗਜੈਕਟਿਵ ਸੀ ਜਾਂ ਕੁੱਝ, ਇਕ ਅਹੁਦੇਦਾਰ। ਅੱਗੇ ਤੋਂ ਅਜਿਹੀਆਂ ਘਾਟਾਂ ਤੇ ਕੋਤਾਹੀਆਂ ਤੋਂ ਕਿਵੇਂ ਬਚਣਾ ਹੈ, ਆਦਿ ਇਹ ਤੇ ਅਨੇਕਾਂ ਹੋਰ ਪ੍ਰਸ਼ਨ ਹਨ, ਜਿਨ੍ਹਾਂ ਦਾ ਉੱਤਰ ਖੁੱਲ੍ਹੇ ਰੂਪ 'ਚ ਪ੍ਰਬੰਧਕਾਂ ਵਲੋਂ ਦੇਣਾ ਬਣਦਾ ਹੈ।

ਪਰ ਮੇਰਾ ਅਨੁਭਵ ਹੈ ਕਿ ਉਹ ਚੁੱਪ ਹੀ ਵੱਟੀ ਰੱਖਣਗੇ, ਕਿਉਂਕਿ ਨੜਿਨਵੇਂ ਦੇ ਚੱਕਰ ਵਿਚ ਪਿਆ ਬੰਦਾ ਕਮਾਈ ਕਰਨ ਦਾ ਧਿਆਨ ਰੱਖਦਾ ਹੈ। ਉਸਨੂੰ ਇੱਜ਼ਤ ਨਾਲੋਂ ਪੈਸਾ ਪਿਆਰਾ ਹੁੰਦਾ ਹੈ।

ਪਿਛਲੀਆਂ ਕਾਨਫਰੰਸਾਂ ਸਮੇਂ ਉੱਘੇ ਪੰਜਾਬੀ ਲੇਖਕਾਂ, ਕਲਾਕਾਰਾਂ ਤੇ ਸ਼ਖ਼ਸੀਅਤਾਂ ਨੂੰ ਸਨ-ਮਾਨਣ ਦੀ ਪਿਰਤ ਪਈ ਸੀ ਪਰ ਐਤਕੀ ਕੋਈ ਮਿਆਰ ਸਾਹਮਣੇ ਨਹੀਂ ਰੱਖਿਆ ਗਿਆ। ਐਤਕੀ ਦੇ ਸਨਮਾਨਾਂ ਬਾਰੇ ਇਹੀ ਅਖਣਾ ਵਧੇਰੇ ਠੀਕ ਹੈ, 'ਅੰਨ੍ਹਾ ਵੰਡੇ ਰੇਉੜੀਆ, ਮੁੜ-ਮੁੜ ਆਪ-ਣਿਆ ਨੂੰ'।

ਪਰ ਕਾਨਫਰੰਸ ਦੇ ਕੁੱਝ ਚੰਗੇ ਪੱਖ ਵੀ ਸਨ। ਕਿੱਥੇ ਜਾ ਹੋਣਾ ਸੀ ਸਾਡੇ ਵਰਗਿਆਂ ਕਬੀਲ-ਦਾਰਾਂ ਕੋਲੋਂ ਇਸ ਬੁੱਢੀ ਉਮਰ ਵਿਚ ਬਾਹਰ ? ਇੰਗਲੈਂਡ ਦਾ ਗੇੜਾ ਤਾਂ ਪ੍ਰਗਤੀਸ਼ੀਲ ਲੇਖਕ ਸੰਘ ਗਰੇਟ ਬ੍ਰਿਟਨ ਨੇ ਭਲਾ ਲਵਾ ਦਿੱਤਾ ਸੀ 1993 ਵਿਚ, ਪਰ ਅਮਰੀਕਾ ਤੇ ਕੈਨੇਡਾ ਦਾਂ ਗੇੜਾ ਕਿਥੋਂ ਵੱਜਣਾ ਸੀ ? ਭਾਵੇਂ ਖੁੱਭ ਕੇ ਨਹੀਂ ਵੇਖ ਸਕਦਾ ਯਾਤਰੀ ਏਨੇ ਥੋੜ੍ਹੇ ਜਿਹੇ ਦਿਨਾਂ ਵਿਚ ਤੇ ਵੇਖਣ ਵਾਲੇ ਦੀ ਅੱਖ ਤੇ ਵੀ ਬਹੁਤ ਕੁੱਝ ਨਿਰਭਰ ਹੁੰਦਾ ਹੈ, ਪਰ ਕਿਸੇ ਲੇਖਕ ਲਈ ਯਾਤਰਾ ਦੇ ਇਸ ਤਰ੍ਹਾਂ ਦੇ ਅਵਸਰ ਪੈਦਾ ਕਰ ਦੇਣੇ ਵੀ ਆਪਣੇ ਆਪ ਵਿਚ ਚੰਗਾ ਉਦਮ ਹੈ। ਸਵਾਰਥ-ਰਹਿਤ ਸਾਰਥਕ ਤੇ ਉਸਾਰੂ ਉਦਮ ਜਾਰੀ ਰਹਿਣੇ ਚਾਹੀਦੇ ਹਨ। ਕਾਨਫਰੰਸ ਦੇ ਲੇਖੇ-ਜੋਖੇ ਸਬੰਧੀ ਸਾਡਾ ਤਾਂ ਨੀਤੀ-ਵਾਕ ਹੈ, ਮਿੱਠਾ-ਮਿੱਠਾ ਚੱਖੀਏ, ਕੌੜਾ ਕੌੜਾ ਥੂਹ।" ਸੋ ਭਾਈ ਜਿੰਨਾ ਗੁੜ ਪਾਈਏ ਉਨਾ ਹੀ ਮਿੱਠਾ ਹੋਣਾ ਹੈ। ਰਤਾ ਭਰ ਵੱਧ ਤੇ ਨਾ ਹੀ ਘੱਟ। ●



## ਗ਼ਜ਼ਲ/ਜਸਵਿੰਦਰ

ਹੋਰ ਕਿੰਨਾ ਚਿਰ ਖਲਾਅ ਵਿਚ ਲਟਕਦੇ ਘਰ ਵੇਖਣੇ ਨੇ।
ਆਂਦਰਾਂ ਵਿਚ ਸਰਕਦੇ ਸੋਚਾਂ ਦੇ ਫਨੀਅਰ ਵੇਖਣੇ ਨੇ।

ਕਾਲੀਆਂ ਧੁੱਪਾਂ, ਧੁਆਂਖੀ ਚਾਨਣੀ, ਸੋਗੀ ਸਵੇਰੇ,
ਕੀ ਪਤੈ ਕਿਸ ਕਿਸ ਤਰ੍ਹਾਂ ਦੇ ਹੋਰ ਮੰਜ਼ਰ ਵੇਖਣੇ ਨੇ।

ਦੇਰ ਤੋਂ ਪਰਤੇ ਮਲਾਹਾਂ ਨੇ ਘਰੀਂ ਮੋਹਵੰਤੀਆਂ ਦੇ,
ਇਕ ਇਕ ਹੰਝੂ 'ਚ ਹੀ ਸੌ ਸੌ ਸਮੁੰਦਰ ਵੇਖਣੇ ਨੇ।

ਏਸ ਰੁੱਤੇ ਵੇਖਦੀ ਰਹਿੰਦੀ ਹੈ ਜੋ ਮੁੜ ਮੁੜ ਕੇ ਸ਼ੀਸ਼ਾ,
ਰਾਤ ਨੂੰ ਖਾਬਾਂ 'ਚ ਉਸ ਪੱਥਰ ਹੀ ਪੱਥਰ ਵੇਖਣੇ ਨੇ।

ਇਸ ਭਰੇ ਮੇਲੇ 'ਚੋਂ ਬਾਹਰ ਆ ਕਿ ਹੁਣ ਕਬਰਾਂ 'ਚ ਜਾ ਕੇ,
ਬੰਦਿਆਂ ਬਾਰੇ ਕੀ ਸੋਚਣ ਸੰਗਮਰਮਰ ਵੇਖਣੇ ਨੇ।

ਬਰਫ ਦਾ ਬੁੱਤ ਹੋ ਗਿਆ ਹਾਂ ਧਰ ਲਿਆ ਹੈ ਸਿਰ ਤੇ ਸੂਰਜ,
ਪਿਘਲ ਕੇ ਮੈਂ ਤੇਰੀਆਂ ਤੇਹਾਂ ਦੇ ਤੇਵਰ ਵੇਖਣੇ ਨੇ।

ਚਿੱਠੀਆਂ ਖੋਹਲਣ ਤੋਂ ਪਹਿਲਾਂ ਰੋਕ ਦਿਲ ਦੀ ਥਰਥਰਾਹਟ,
ਗੁਫਤਗੂ ਆਪਸ 'ਚ ਕਰਦੇ ਜੋ ਤੂੰ ਅੱਖਰ ਵੇਖਣੇ ਨੇ।

ਮੇਰਿਆਂ ਖੰਭਾਂ ਨੂੰ ਜੁੰਬਿਸ਼ ਦੇ ਜ਼ਰਾ ਮਹਿਬੂਬ ਮੇਰੇ,
ਫੈਲਰੇ ਕਿਥੋਂ ਕੁ ਤੀਕਰ ਮੈਂ ਇਹ ਅੰਬਰ ਵੇਖਣੇ ਨੇ।

624-III ਨੂਹੋਂ ਕਲੋਨੀ, ਡਾਕ: ਘਨੌਲੀ (ਰੋਪੜ)-140113

## ਗ਼ਜ਼ਲ/ਗੁਰਦੀਪ

ਧੁਖ਼ ਪਏ ਸ਼ਿਕਵੇ ਗਿਲੇ ਫਿਰ ਸ਼ਾਮ ਮੂੰਹ ਆਉਂਦੀ ਦਿਸੇ,
ਬੀਤੀਆਂ ਰਾਤਾਂ ਦਾ ਕਿੱਸਾ ਸ਼ਾਮ ਦੁਹਰਾਉਂਦੀ ਦਿਸੇ।
ਮੈਂ ਕਿਤੇ ਛੇਤੀ ਮੁੜਨ ਦਾ ਦੇ ਕੇ ਆਇਆਂ ਹਾਂ ਬਚਨ,
ਜ਼ਿੰਦਗੀ ਆਪਣੀ ਕਹਾਣੀ ਬਹੁਤ ਲਮਕਾਉਂਦੀ ਦਿਸੇ।
ਬਾਹਰ ਆ ਕੇ ਜੂਝਦਾ ਕੋਈ ਨਹੀਂ ਹਾਲਾਤ ਨਾਲ,
ਬੰਦ ਕਮਰੇ ਵਿਚ ਰਾਹ ਤੇ ਗੱਲ ਨਾ ਆਉਂਦੀ ਦਿਸੇ।
ਮੈਨੂੰ ਉਸ ਮਹਿਫਲ 'ਚ ਕੋਈ ਜਸ਼ਨ ਹੁਣ ਦਿਸਦਾ ਨਹੀਂ,
ਰਸਮ ਰਸਮਾਂ ਨਾਲ ਐਵੇਂ ਜਾਮ ਟਕਰਾਉਂਦੀ ਦਿਸੇ।
ਮੈਨੂੰ ਨਰਗਸ ਦੀ ਨਜ਼ਰ ਭਿੱਜੀ ਜਿਹੀ ਹੈ ਜਾਪਦੀ,
ਤੈਨੂੰ ਇਹ ਪਾਗਲ ਜਿਹੀ ਕਿਉਂ ਨੈਣ ਮਟਕਾਉਂਦੀ ਦਿਸੇ।
ਦੂਰ ਮੇਰੇ ਦਿਲ ਤੋਂ ਵੀ ਕੁਝ ਤਲਖੀਆਂ ਦਾ ਹੈ ਕਯਾਮ,
ਰੋਜ਼ ਮੈਨੂੰ ਦਿਲ ਦੀ ਧੜਕਣ ਔਂਸੀਆਂ ਪਾਉਂਦੀ ਦਿਸੇ।

## ਪਾਸ਼ ਦੀ ਕਵਿਤਾ ਵਿਚ ਵਿਦਰੋਹ ਦੀ ਸੁਰ/ਡਾ: ਸੁਖਦੇਵ ਸਿੰਘ ਸਿਰਸਾ

ਪਾਸ਼ ਦੇ ਪ੍ਰਵੇਸ਼ ਨਾਲ ਪੰਜਾਬੀ ਸਾਹਿਤ ਅਤੇ ਰਾਜਨੀਤੀ ਵਿਚ ਚਕਾਚੂੰਦ ਕਰ ਦੇਣ ਵਾਲਾ ਵਿਸਫੋਟ ਹੋਇਆ। ਉਸ ਨੇ ਸਾਹਿਤਕ-ਸਭਿਆਚਾਰਕ ਮੁਹਾਜ਼ ਅਤੇ ਤਤਕਾਲੀ ਰਾਜਨੀਤੀ ਵਿਚ ਆਰ-ਪਾਰ ਦੀ ਲੜਾਈ ਛੇੜੀ। ਦਮਨ ਦੇ ਖਿਲਾਫ ਅੱਗ ਉਗਲਦੀ ਉਸਦੀ ਕਵਿਤਾ ਨੇ ਪੰਜਾਬ ਦੇ ਰਾਜਨੀਤਕ ਦ੍ਰਿਸ਼ ਦਾ ਤੇਵਰ ਹੀ ਬਦਲ ਦਿੱਤਾ। ਵਿਵਸਥਾ ਦੇ ਆਤੰਕ ਦਾ ਸ਼ਿਕਾਰ ਬੰਦੇ ਨੂੰ ਆਤੰਕ ਦੀ ਭਾਸ਼ਾ ਹੀ ਸਮਝ ਆਉਂਦੀ ਹੈ। ਪਾਸ਼ ਨੇ ਇਸੇ ਭਾਸ਼ਾ ਨੂੰ ਆਤੰਕ ਤੋਂ ਮੁਕਤੀ ਦੇ ਸਾਧਨ ਵਜੋਂ ਵਰਤਿਆ। ਕਸੀਸ ਵੱਟ ਕੇ ਹਰ ਤਰ੍ਹਾਂ ਦਾ ਜਬਰ ਸਹਿੰਦੀ ਲੋਕਾਈ ਨੂੰ ਉਸਦਾ ਗੁਆਚਾ 'ਸੁਪਨਾ' ਮੋੜਨ ਲਈ ਪਾਸ਼ ਨੇ 'ਕਾਊਂਟਰ-ਆਤੰਕ' ਅਤੇ 'ਕਾਊਂਟਰ-ਕਲਚਰ' ਦੀ ਸਿਰਜਣਾ ਦਾ ਸੰਕਲਪ ਦਿੱਤਾ। ਪਾਸ਼ ਨੇ ਹਿੰਸਾ ਨੂੰ ਹਰ ਤਰ੍ਹਾਂ ਦੇ ਦਮਨ ਤੋਂ ਮੁਕਤੀ ਅਤੇ ਕਾਊਂਟਰ ਕਲਚਰ ਨੂੰ ਵਿਚਾਰਧਾਰਕ ਗੁਲਾਮੀ ਤੋਂ ਛੁਟਕਾਰੇ ਦੇ ਸਾਧਨ ਵਜੋਂ ਚਿਤਵਿਆ। ਨਤੀਜੇ ਵਜੋਂ ਉਸਦੀ ਕਵਿਤਾ ਸਥਾਪਤੀ ਲਈ ਆਤੰਕ ਬਣ ਗਈ ਅਤੇ ਐਨ ਉਹੀ ਹੋਇਆ ਜਿਸਦਾ ਡਰ ਸੀ।

ਪਾਸ਼ ਨੇ ਜੀਵਨ ਦੇ ਹਰ ਖੇਤਰ ਵਿਚ ਪਸਰੇ ਜਮੂਦ ਨੂੰ ਤੋੜਣ ਲਈ ਬੁਰਜੂਆ ਜੀਵਨ-ਮੁੱਲਾਂ ਨੂੰ ਇਕ-ਵਾਢਿਓਂ ਤਹਿਸ-ਨਹਿਸ ਕਰਨ ਦੀ ਠਾਣੀ। ਉਸਦੀ ਕਵਿਤਾ ਨੇ 'ਸਾਂਝੇ ਥੜੇ' 'ਤੇ 'ਕੱਚ ਭੰਨਣ' ਦਾ ਕੰਮ ਕੀਤਾ 'ਜਿੱਥੇ ਬਹਿ ਕੇ ਹਾਰੇ ਹੋਏ ਬੁੜ੍ਹਿਆਂ ਨੇ ਮਰਿਆਦਾ ਦੁਆਰਾ ਪ੍ਰਵਾਨਿਤ ਸੱਚ ਦੀ ਵਕਾਲਤ ਕਰਨੀ ਸੀ। ਉਸਨੇ ਪਰੰਪਰਾ ਅਤੇ ਇਤਿਹਾਸ ਦੇ ਰੁਖ ਇਕ ਸਾਊ ਢੱਗੇ ਵਾਂਗ ਸਿਰ ਸੁੱਟ ਕੇ ਵਗਣ ਦੀ ਥਾਂ ਉਸ ਇਤਿਹਾਸ 'ਤੇ ਥੁੱਕ ਦਿੱਤਾ 'ਜੋ ਵਕਤ ਦੇ ਪਿੰਡੇ 'ਤੇ ਦਾਗ' ਸੀ। ਉਹ 'ਰੋਂਦੂ ਨਹੀਂ, ਕਵੀ ਸੀ' ਇਸ ਲਈ ਚੁੱਪ ਨਹੀਂ ਸੀ ਰਹਿ ਸਕਦਾ। ਉਹ ਤੁਰੀ ਆਉਂਦੀ ਰਵਾਇਤ ਜਾਂ 'ਮੁਰਦਾ-ਇਤਿਹਾਸ' ਦਾ ਸੰਵਾਹਕ ਬਣਨ ਦੀ ਥਾਂ 'ਖੇਤਾਂ ਦੇ ਸੱਚ' ਦੇ ਇਤਿਹਾਸ ਨੂੰ ਸਿਰਜਣ ਲਈ ਤਤਪਰ ਹੋ ਉੱਠਿਆ :

—ਸਫ਼ਰ ਦੀ ਇਤਿਹਾਸ ਦੀ ਗੱਲ ਨਾ ਕਰੋ
ਮੈਨੂੰ ਅਗਲਾ ਕਦਮ ਧਰਨ ਲਈ ਜ਼ਮੀਨ ਦੇਵੋ (ਲੋਹ ਕਥਾ—ਪੰਨਾ 37

ਜੀਵਨ ਵਿਚ 'ਸਭ ਕੁਝ ਸੱਚੀ-ਮੁੱਚੀਂ' ਦਾ ਚਾਹੁਣ ਵਾਲੇ ਪਾਸ਼ ਨੇ ਆਪਣੀ ਕਾਵਿ-ਯਾਤਰਾ ਦੇ ਮੁੱਢਲੇ ਪੜਾਅ ਉੱਤੇ ਹੀ ਉਸ ਕਾਵਿ-ਪਰੰਪਰਾ ਅਤੇ ਰਾਜਨੀਤੀ ਨਾਲੋਂ ਆਪਣਾ ਨਾਤਾ ਤੋੜ ਲਿਆ ਸੀ ਜੋ ਸਿੱਧੇ ਜਾ ਅਸਿੱਧੇ ਢੰਗ ਨਾਲ ਸਥਾਪਤੀ ਦੀਆਂ ਨੀਹਾਂ ਪੱਕੀਆਂ ਕਰਦੀ ਸੀ। ਪਾਸ਼ ਨੂੰ ਬੁਰਜੂਆ ਕਾਵਿ-ਚਿੰਤਨ ਅਤੇ ਬੁਰਜੂਆ ਰਾਜਨੀਤੀ ਦੇ ਨਾਲ-ਨਾਲ ਉਸ ਪ੍ਰਗਤੀਵਾਦੀ ਕਾਵਿ-ਧਾਰਾ ਅਤੇ ਖੱਬੇ-ਪੱਖੀ ਰਾਜਨੀਤੀ ਨਾਲ ਵੀ ਸੰਬਾਦ ਰਚਾਉਣਾ ਪਿਆ ਜੋ ਕਲਮ ਤੇ ਅਮਲ ਦੇ ਦੁਫੇੜ ਦਾ ਸ਼ਿਕਾਰ ਸੀ। ਜ਼ਬਰ ਅਤੇ ਹਰ ਤਰ੍ਹਾਂ ਦਾ ਵਿਗੋਚਾ ਸਹਿੰਦੇ ਕਿਰਤੀ ਵਰਗ ਨਾਲ ਓਪਰੀ ਹਮਦਰਦੀ ਰੱਖਣ ਵਾਲੇ ਮਧਵਰਗੀ ਕਵੀਆਂ ਅਤੇ 'ਤਾਰਿਆਂ ਨੂੰ ਤੱਕ ਕੇ ਕ੍ਰਾਂਤੀ ਲਿਆਉਣ ਵਾਲੇ' ਕਾਗਜ਼ੀ ਸ਼ੇਰਾਂ ਨੂੰ ਪਾਸ਼ ਨੇ 'ਗਲੇ ਸੜੇ ਫੁੱਲਾਂ' ਦਾ ਨਾ ਦਿੱਤਾ। ਪਾਸ਼ ਨੇ ਆਪਣੇ ਵੇਲੇ ਦੇ ਸੱਚ ਨੂੰ ਤਿਲ-ਤਿਲ ਭੁਰਦੀ ਬਹੁ-ਗਿਣਤੀ ਦੇ ਅਨੁਭਵ ਦੀ ਦ੍ਰਿਸ਼ਟੀ ਤੋਂ ਦੇਖਣ ਦਾ ਸੱਦਾ ਦਿੱਤਾ।



—ਮੈਂ ਲੋਹੇ ਦੀ ਅੱਖ ਨਾਲ
ਮਿੱਤਰਾਂ ਦੇ ਮਖੌਟੇ ਪਾਈ ਦੁਸ਼ਮਣ
ਵੀ ਪਹਿਚਾਣ ਸਕਦਾ ਹਾ।
ਕਿਉਂਕਿ
ਮੈਂ ਲੋਹਾ ਖਾਧਾ ਹੈ
ਤੁਸੀਂ ਲੋਹੇ ਦੀ ਗੱਲ ਕਰਦੇ ਹੋ। (ਲੋਹ ਕਥਾ --ਪੰਨਾ 9)
—ਤਾਂ ਹੀ ਮੈਂ
ਹੁਣ ਖ਼ੂਬਸੂਰਤ ਪੈਂਡ ਲੂਹ ਦਿੱਤੇ ਹਨ
ਤੇ ਕਲਮ ਨੂੰ ਸੰਗੀਨ ਲਾਕੇ
ਜੇਲ੍ਹ ਦੀਆਂ ਕੰਧਾਂ ਤੇ ਲਿਖਣਾ ਲੋਚਦਾ ਹਾਂ
ਤੇ ਇਹ ਸਿਧ ਕਰਨ ਵਿਚ ਰੁਝਿਆ ਹਾਂ
ਕਿ ਦਿਸ-ਹੱਦੇ ਤੋਂ ਪਰੇ ਵੀ
ਪਹਾੜ ਹੁੰਦੇ ਹਨ
ਖੇਤ ਹੁੰਦੇ ਹਨ
ਜਿਨ੍ਹਾਂ ਦੀਆਂ ਢਲਾਣਾਂ ਉੱਤੇ
ਕਿਰਨਾਂ ਵੀ ਕਲਮਾਂ ਵੀ
ਜੜ ਸਕਦੀਆਂ ਹਨ। (ਲੋਹ ਕਥਾ=ਪੰਨਾ 24)

'ਲੋਹੇ' ਦੇ ਇਮਤਿਹਾਨ ਵਿਚੋਂ ਹਰ ਵਾਰ ਸਾਬਤ-ਕਦਮ ਨਿਕਲੇ ਪਾਸ਼ ਨੇ 'ਕਾਗਜ਼ਾਂ' ਉੱਤੇ ਉੱਕਰੇ ਕਿਸੇ ਵੀ ਸੱਚ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕੀਤਾ। ਉਸ ਦੀ ਅਨੁਭਵੀ ਅੱਖ ਨੇ ਸਮਕਾਲੀ ਵਾਸਤਵਿਕਤਾ ਦੇ ਅਜਿਹੇ ਪੱਖਾਂ ਤੋਂ ਪਰਦਾ ਚੁੱਕ ਦਿੱਤਾ, ਜਿਨ੍ਹਾਂ ਨੂੰ ਅੱਜ ਤੱਕ ਕਵਿਤਾ ਦੇ ਸੁਹਜ ਲਈ ਵਰਜਿਤ ਮੰਨਿਆ ਜਾਂਦਾ ਸੀ। ਉਸਦੀ ਕਵਿਤਾ ਵਿਚ ਸਮਕਾਲੀ ਜੀਵਨ ਦੇ ਇਕ ਨਵੇਂ ਸੱਚ ਦਾ ਸੂਤਰ-ਪਾਤ ਹੁੰਦਾ ਹੈ। ਮਹਾਂ-ਨਾਇਕਾਂ ਦੀ ਥਾਂ ਉਹ ਆਪਣਾ ਕਾਵਿ-ਪਾਤਰ ਉਸ 'ਉਪੱਦਰੀ-ਜਾਤ' ਨੂੰ ਬਣਾਉਂਦਾ ਹੈ, ਜੋ ਮਨੁੱਖ ਦਿੱਸਦੀ ਹੋਈ ਵੀ ਪਸ਼ੂ-ਪੱਧਰ 'ਤੇ ਵਿਚਰਨ ਲਈ ਮਜਬੂਰ ਹੈ, ਕਿਉਂਕਿ, 'ਅਜੇ ਤਾਂ ਬੱਸ ਢਿੱਡ ਹੀ ਢਿੱਡ ਹਾਂ, ਆਦਮੀ ਪੂਰੇ ਨਹੀਂ : ਪਾਸ਼ ਸਮਕਾਲੀ ਵਾਸਤਵਿਕਤਾ ਉਪਰੋਂ ਰੁਮਾਂਸ ਦੀ ਪਾਣ ਲਾਹ ਜੀਵਨ ਦੇ ਅਜਿਹੇ ਕਠੋਰ ਸੱਚ ਦੇ ਦਰਸ਼ਨ ਕਰਵਾਉਂਦਾ ਹੈ ਕਿ ਪਰੰਪਰਾਗਤ ਸੁਹਜ-ਸੁਆਦ ਦੇ ਆਦੀ ਪਾਠਕ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਉਦਾਹਰਨ ਵਜੋਂ ਲੋਕ-ਗੀਤਾਂ ਉਪਰ ਆਧਾਰਿਤ ਉਸਦੀਆਂ ਕਵਿਤਾਵਾਂ—'ਛੰਨੀ', 'ਚਿੜੀਆਂ ਦਾ ਚੰਬਾ', 'ਕਲਾਮ ਮਿਰਜ਼ਾ' ਆਦਿ ਪੜ੍ਹੀਆਂ ਜਾ ਸਕਦੀਆਂ ਹਨ। ਪਾਸ਼ ਨੇ ਜੀਵਨ ਦੇ ਅਸਹਿ ਯਥਾਰਥ ਨੂੰ ਰੁਮਾਂਸ-ਯੁਕਤ ਸੁਹਜ ਭਾਵੀ ਬਿੰਬਾਂ ਵਿਚ ਢਾਲਣ ਦੀ ਥਾਂ ਇਸਦੇ ਖੁਰਦਰੇਪਣ ਦਾ ਬੇਬਾਕ ਚਿਤਰਣ ਕੀਭਾ। 'ਭੁੱਖੇ ਮਰਦੇ ਲੋਕਾਂ' ਦਾ ਸ਼ਾਇਰ ਹੋਣ ਕਾਰਨ ਪਾਸ਼ ਦਾ ਧਿਆਨ ਹੌਲੀ ਹੌਲੀ ਮਰਨ ਨੂੰ ਜੀਣ ਸਮਝ ਬੈਠੇ' ਅਦਨੇ ਬੰਦਿਆਂ ਵੱਲ ਗਿਆ, ਜਿਨ੍ਹਾਂ ਦੀ ਹੋਂਦ ਦੇ ਸੱਚ ਨੂੰ ਉਪਰਲੇ ਵਰਗਾਂ ਨੇ ਕਦੀ ਸੱਚ ਹੀ ਨਹੀਂ ਸੀ ਮੰਨਿਆ। 'ਦੁਖਦੇ ਅੰਗਾਂ ਦੀ ਜੂਨ' ਦੇ ਸੱਚ ਨੂੰ

ਸੱਚ ਮੰਨਣ ਤੋਂ ਇਨਕਾਰੀ ਮਧਵਰਗੀ ਬੁੱਧੀਜੀਵੀਆਂ ਨੂੰ ਖਬਰਦਾਰ ਕਰਦਿਆਂ ਪਾਸ਼ ਨੇ ਇਸ ਵਰਗ ਨੂੰ ਕ੍ਰਾਂਤੀ ਦੇ ਹਰਾਵਲ ਦਸਤੇ ਵਜੋਂ ਚਿਤਰਿਆ ਹੈ :

ਦੇਖਿਓ ਹੁਣ
ਇਹ ਸੁੱਕੀ ਰੋਟੀ ਗੰਢੇ ਨਾਲ ਚਬਾਵਣ ਵਾਲੇ
ਤੁਹਾਡੇ ਸ਼ਹਿਰ ਦੇ ਸੜਕਾਂ ਕਮਰੇ ਨਿਗਲ ਜਾਣ ਲਈ, ਆ ਪਹੁੰਚੇ ਹਨ,
ਇਹ ਤੁਹਾਡੀ ਡਾਈਨਿੰਗ ਟੇਬਲ
ਤੇ ਟਰੇਆਂ ਤੱਕ ਨਿਗਲ ਜਾਣਗੇ ।
(ਲੋਕ ਕਥਾ-ਪੰਨਾ 19)

ਪਾਸ਼ ਇਸ ਗੱਲੋਂ ਸੁਚੇਤ ਸੀ ਕਿ ਕਿਰਤੀ ਵਰਗ ਦੇ ਰੋਹ ਨੂੰ ਸੰਗਠਿਤ ਹਥਿਆਰਬੰਦ ਘੋਲ ਦੇ ਲੜ ਲਾ ਕੇ ਹੀ ਇਤਿਹਾਸ ਦਾ ਰੁਖ ਬਦਲਿਆ ਜਾ ਸਕਦਾ ਹੈ । ਹਥਿਆਰਬੰਦ ਘੋਲ ਦੀ ਲੋੜ ਦਾ ਅਹਿਸਾਸ ਵਿਚਾਰਧਾਰਕ ਸਪੱਸ਼ਟਤਾ ਨਾਲ ਹੀ ਸੰਭਵ ਹੈ । ਸੋ ਕਿਰਤੀ ਵਰਗ ਦੇ ਮਨਾਂ ਉਤੋਂ ਸੱਤਾ ਦੇ ਆਤੰਕ ਦੀ ਛੱਟ ਲਾਹੁਣ ਲਈ ਜਿਵੇਂ ਹਥਿਆਰਾਂ ਦਾ ਸਾਥ ਜਰੂਰੀ ਹੈ, ਉਸੇ ਤਰ੍ਹਾਂ ਕਿਰਤੀ ਵਰਗ ਦੀ ਵਿਚਾਰਧਾਰਕ ਚੇਤਨਾ ਉਤੇ ਬੁਰਜੁਆਜ਼ੀ ਦੇ ਵਿਚਾਰਾਂ ਦੀ ਪਾਣ ਲਾਹੁਣ ਲਈ ਇਹ ਜ਼ਰੂਰੀ ਹੈ ਕਿ ਬੁਰਜ਼ੁਆ ਕੀਮਤਾਂ ਉਪਰ ਉਸਰੇ ਸਭਿਆਚਾਰਕ ਢਾਂਚੇ ਨੂੰ ਮੁੱਢੋਂ ਰੱਦ ਕਰਕੇ ਉਸਦੇ ਬਦਲ ਵਜੋਂ ਪ੍ਰੋਲਤਾਰੀ ਸਭਿਆਚਾਰ ਦੀ ਸਿਰਜਨਾ ਕੀਤੀ ਜਾਵੇ । ਇਸ ਕੰਮ ਲਈ ਕਲਾ ਸਭ ਤੋਂ ਵੱਧ ਕਾਰਗਰ ਹਥਿਆਰ ਹੋ ਸਕਦੀ ਹੈ । ਪਾਸ਼ ਨੇ ਨਾ ਕੇਵਲ ਖੁਦ ਕਲਮ ਤੇ ਅਮਲ ਦੇ ਪੱਧਰਾਂ ਤੇ ਜਹਾਦ ਕੀਤਾ, ਸਗੋਂ ਉਸਨੇ ਆਪਣੇ ਸਮਕਾਲੀ ਕਵੀਆਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ 'ਵਿਚਾਰਾਂ ਦੀ ਲੜਾਈ ਮੱਛਰਦਾਨੀ 'ਚੋਂ ਬਾਹਰ ਆ ਕੇ ਲੜਨ' ਦੀ ਪ੍ਰੇਰਣਾ ਦਿੱਤੀ । ਉਸਨੇ ਉਸ ਪ੍ਰਤਿਬੱਧਤਾ ਨੂੰ ਗੁਨਾਹ ਤਸਲੀਮ ਕੀਤਾ ਜੋ ਕੇਵਲ ਵਿਚਾਰਧਾਰਕ ਅਗਵਾਈ ਤੱਕ ਸੀਮਤ ਰਹਿੰਦੀ ਹੈ । ਆਪਣੇ ਪਹਿਲੇ ਹੀ ਕਾਵਿ-ਸੰਗ੍ਰਹਿ ਵਿਚ ਉਸਨੇ ਲਿਖਿਆ ਸੀ :—

ਮੈਂ ਹਾਲਾਤ ਨਾਲ ਸਮਝੌਤਾ ਕਰਕੇ,
ਸਾਹ ਘਸੀਟਣੇ ਨਹੀਂ ਚਾਹੁੰਦਾ
ਮੇਰੇ ਯਾਰੋ !
ਮੈਨੂੰ ਇਸ ਕਤਲਾਮ ਵਿਚ ਸ਼ਰੀਕ ਹੋ ਜਾਵਣ ਦਿਓ ।
(ਲੋਹ ਕਥਾ-ਪੰਨਾ (8)
—ਮੌਤ ਦੇ ਕੰਢੇ ਤੇ ਜਾਣ ਵਾਲਿਆਂ ਲਈ
ਮੌਤ ਤੋਂ ਪਿਛੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ ।
(ਲੋਹ ਕਥਾ-ਪੰਨਾ-25)

ਪਾਸ਼ ਆਪਣੀ ਪੂਰੀ ਸ਼ਕਤੀ ਨਾਲ ਜ਼ਿੰਦਗੀ ਦੇ 'ਕਤਲਾਮ ਵਿਚ ਸ਼ਰੀਕ ਰਿਹਾ । ਉਸਨੇ' ਹਿੰਸਾ ਨੂੰ ਸੱਤਾ ਦੁਆਰਾ ਮਨੁੱਖ ਦੀ ਲੁੱਟ ਅਤੇ ਦਮਨ ਤੋਂ ਮੁਕਤੀ ਦੇ ਸਾਧਨ ਵਜੋਂ ਚਿਤਵਿਆ । ਉਸਦੀ ਕਵਿਤਾ ਵਿਚ ਹਿੰਸਾ ਵਿਅਕਤੀਗਤ ਬਦਲੇ ਵਾਲਾ ਮਨੁੱਖੀ ਰਵਈਆ ਨਾ ਰਹਿ ਕੇ ਇਕ ਮੁਕੰਮਲ ਫਲਸਫਾ ਬਣ ਜਾਂਦੀ ਹੈ ਇਸੇ ਲਈ ਉਹ 'ਕਲਮ ਅਤੇ ਤਲਵਾਰ,' 'ਹੱਥ ਅਤੇ ਹਥਿਆਰ'



ਤੇ 'ਕਵੀ ਅਤੇ ਗੁਰੀਲੇ' ਨੂੰ ਇਕ ਦੂਜੇ ਦੇ ਪੂਰਕ ਵਜੋਂ ਪੇਸ਼ ਕਰਦਾ ਹੈ ।' ਉਸਦੀ ਕਵਿਤਾ ਦਾ ਨਾਇਕ ਸਮਝੌਤਾਵਾਦੀ ਮਧਵਰਗੀ ਨਹੀਂ, ਸਗੋਂ ਜਬਰ ਦੇ ਟਾਕਰੇ ਵਿਚ ਮਰਕੇ ਵੀ ਜ਼ਿੰਦਾ ਰਹਿਣ ਦੇ ਵਿਸ਼ਵਾਸ ਵਾਲਾ ਗੁਰੀਲਾ ਹੈ । ਸਾਹ-ਸਤ ਹੀਣ ਹੋਏ ਲੋਕਾਂ ਦੇ ਸਿਰੋਂ ਸਰਕਾਰੀ ਦਹਿਸ਼ਤ ਦੀ ਛੱਟ ਲਾਹੁਣ ਲਈ ਅਜਿਹੇ ਗੁਰੀਲੇ ਨਾਇਕ ਦੀ ਸਿਰਜਣਾ ਸਮੇਂ ਦੀ ਇਤਿਹਾਸਕ ਮੰਗ ਸੀ । ਪਾਸ਼ ਨੇ 'ਲੋਹਾ,' 'ਸ਼ਰਧਾਂਜਲੀ,' 'ਉੱਡਦੇ ਬਾਜ਼ਾਂ ਮਗਰ,' 'ਲੜਾਂਗੇ ਸਾਥੀ,' 'ਯੁੱਧ ਤੇ ਸ਼ਾਂਤੀ,' 'ਤੀਸਰਾ ਮਹਾਂ ਯੁੱਧ, 'ਹੱਥ' ਅਤੇ 'ਸਭ ਤੋਂ ਖਤਰਨਾਕ' ਆਦਿ ਕਵਿਤਾਵਾਂ ਵਿਚ ਯੁੱਧ ਨੂੰ ਅੱਜ ਦੀ ਇਤਿਹਾਸਕ ਅਨਿਵਰਿਤਾ ਵਜੋਂ ਪੇਸ਼ ਕੀਤਾ ਹੈ । ਉਦਾਹਰਣ ਵਜੋਂ :

—ਅਸੀਂ ਲੜਾਂਗੇ ਜਦ ਤੱਕ
ਦੁਨੀਆਂ 'ਚ ਲੜਨ ਦੀ ਲੋੜ ਬਾਕੀ ਹੈ……
ਅਸੀਂ ਲੜਾਂਗੇ ।
ਕਿ ਲੜਨ ਬਾਝੋਂ ਕੁਝ ਵੀ ਨਹੀਂ ਮਿਲਦਾ
(ਉੱਡਦੇ ਬਾਜ਼ਾਂ ਮਗਰ-ਪੰਨਾ 26)
—ਤੀਸਰਾ ਮਹਾਂ ਯੁੱਧ ਹਿੱਕਾਂ 'ਚ ਖੁਰ ਰਹੀ
ਜੀਣ ਦੀ ਬਾਦਸ਼ਾਹਤ ਲੜੇਗੀ
ਤੀਸਰਾ ਮਹਾਂ ਯੁੱਧ ਗੋਹੇ ਨਾਲ ਲਿੱਪੇ
ਕੋਠਿਆਂ ਦੀ ਸਾਦਗੀ ਲੜੂ
ਤੀਸਰਾ ਮਹਾਂ ਯੁੱਧ
ਮੂਤ ਦੇ ਫੰਬੇ 'ਚ ਲਿਪਟੀ ਵੱਢੀ ਗਈ ਉਂਗਲ ਲੜੇਗੀ
(ਸਾਡੇ ਸਮਿਆਂ ਵਿਚ-ਪੰਨਾਂ 37
—ਯੁੱਧ ਸਾਡੇ ਬੱਚਿਆਂ ਲਈ
ਪਿੜੀਆਂ ਵਾਲੀ ਖਿੱਦੋ ਬਣ ਕੇ ਆਏਗਾ
ਯੁੱਧ ਸਾਡੀਆਂ ਭੈਣਾਂ ਲਈ
ਕਢਾਈ ਦੇ ਸੁੰਦਰ ਨਮੂਨੇ ਲਿਆਏਗਾ
ਯੁੱਧ ਸਾਡੀਆਂ ਬੀਵੀਆਂ ਦੇ ਥਣਾਂ ਅੰਦਰ
ਦੁੱਧ ਬਣਕੇ ਉਤਰੇਗਾ
(ਸਾਡੇ ਸਮਿਆਂ ਵਿਚ-ਪੰਨਾਂ 30)

ਸਥਾਪਤੀ ਪ੍ਰਤੀ ਪਾਸ਼ ਦੀ ਨਫਰਤ, ਰੋਹ ਅਤੇ ਬੇਪਰਤੀਤੀ ਦੇ ਰੂਪ ਵਿਚ ਪ੍ਰਗਟ ਹੋਈ । ਬੁਰਜੁਆ ਢਾਂਚੇ ਦੇ ਹਰ ਰੂਪ ਨੂੰ ਤਹਿ ਤੇਗ ਕਰਨ ਲਈ ਪਾਸ਼ ਨੇ ਉਸਦੀ ਨਿੱਠ ਕੇ ਖਿੱਲੀ ਉਡਾਈ। ਬੁਰਜੁਆ ਸਭਿਆਚਾਰਕ ਮੁੱਲਾਂ, ਵਿਸ਼ਵਾਸਾਂ ਅਤੇ ਰਵਾਇਤਾਂ ਨੂੰ ਝੰਜੋੜ ਦੇਣ ਲਈ ਪਾਸ਼ ਨੇ ਸਨਸਨੀ-ਖੇਜ਼ ਮੁਹਾਵਰੇ ਅਤੇ ਗਾਲੀ-ਗਲੋਚ ਵਰਗੀ ਭਾਸ਼ਾ ਦੀ ਵਰਤੋਂ ਤੋਂ ਵੀ ਸੰਕੋਚ ਨਹੀਂ ਕੀਤਾ । ਉਸਨੇ ਬੁਰਜੁਆ ਵਿਚਾਰਧਾਰਾ ਦੇ ਸੰਵਾਹਕ ਸ਼ਬਦਾਂ/ਸੰਕਲਪਾਂ ਦੇ ਪ੍ਰਵਾਨਿਤ ਅਰਥਾਂ ਨੂੰ ਤਨਜ਼ੀਆ ਅੰਦਾਜ਼ ਵਿਚ ਰੱਦ ਕਰਦਿਆਂ ਇਹਨਾਂ ਦੀ ਨਵੀਂ ਵਿਆਖਿਆ ਪੇਸ਼ ਕੀਤੀ । ਦੇਸ਼, ਭਾਰਤ, ਕੌਮੀਅਤ,

ਸੰਵਿਧਾਨ, ਧਰਮ, ਕਾਨੂੰਨ, ਵਿੱਦਿਆ, ਸੰਸਦ, ਕੌਮੀ ਝੰਡਾ, ਬਾਡਰ, ਜੇਲ੍ਹ, ਯੁੱਧ, ਸ਼ਾਂਤੀ, ਕ੍ਰਾਂਤੀ, ਜ਼ਿੰਦਗੀ, ਮੌਤ, ਕਲਾ, ਸੁਹਜ ਅਤੇ ਕਵਿਤਾ ਆਦਿ ਬਾਰੇ ਪਾਸ਼ ਦੀਆਂ ਵਿਕ੍ਰੋਕਤੀਮਈ ਟਿੱਪਣੀਆਂ 'ਸਾਊ ਬੰਦਿਆਂ' ਲਈ ਅਰਾਜਕਤਾ ਤੋਂ ਘੱਟ ਨਹੀਂ । ਸੰਵਿਧਾਨ, ਪਾਸ਼ ਲਈ ਮਰ ਚੁੱਕੀ ਪੁਸਤਕ ਹੈ, ਜਿਸਦੇ ਸ਼ਬਦਾਂ ਵਿਚ ਮੌਤ ਵਰਗੀ ਠੰਢ ਹੈ । ਦੇਸ਼ ਘਰ ਵਰਗੀ ਪਵਿੱਤਰ ਸ਼ੈਅ ਨਹੀਂ, ਰੂਹ ਦੀ ਵਗਾਰ ਦਾ ਕਾਰਖਾਨਾ ਹੈ । ਭਾਰਤ ਖੇਤਾਂ ਦੇ ਪੁੱਤਾਂ ਦਾ ਨਹੀਂ, ਗੁੰਡਿਆਂ ਦੀ ਸਲਤਨਤ ਦਾ ਨਾਂ ਹੈ । ਕੌਮੀ ਝੰਡਾ ਤਿੰਨ ਥੱਕੇ ਹੋਏ ਰੰਗਾਂ ਦਾ ਨਾਂ ਹੈ, ਜਿਸਦੀ ਸ਼ਕਲ ਟੋਕੇ ਨਾਲ ਮਿਲਦੀ ਹੈ । ਖੱਬੀਆਂ ਪਾਰਟੀਆਂ ਸਿੰਘਾਸਣ ਦੇ ਪੌਡੇ ਹਨ । ਸ਼ਾਂਤੀ ਸੱਥ 'ਚ ਰੁਲਦੀਆਂ ਦਾਹੜੀਆਂ ਦਾ ਹਉਕਾ ਹੈ । ਗਿਆਨ ਸਾਡੇ ਗਲਾਂ 'ਚ ਪਏ ਰੱਸੇ ਦਾ ਵੱਟ ਹੈ । ਸੁਹਜ ਚਗਲੇ ਹੋਏ ਸੁਆਦਾਂ ਦਾ ਨਾਂ ਹੈ । ਕਵਿਤਾ ਅੰਬਾਂ ਵਰਗੀ ਹੋ ਕੇ ਵੀ ਅੱਕ-ਕੁਕੜੀ ਵਰਗੀ ਕਸੈਲੀ ਹੈ ਅਤੇ ਸ਼ਬਦ ਅਸੀਸ ਨਹੀਂ ਬਦਬੂ ਖਿੰਡਾਉਂਦੇ ਹਨ । ਪਾਸ਼ ਦੁਆਰਾ ਬੁਰਜੂਆ ਜੀਵਨ ਕੀਮਤਾਂ ਦਾ ਇਹ ਨਕਾਰਨ, ਸਥਾਪਤੀ ਦੇ ਉਸ ਵਿਚਾਰਧਾਰਕ ਪੈਂਤੜੇ ਦਾ ਨਕਾਰਣ ਹੈ, ਜਿਸ ਰਾਹੀਂ ਉਹ ਆਪਣੇ ਜਮਾਤੀ ਹਿਤਾਂ ਅਨੁਕੂਲ ਸਿਰਜੇ ਸਭਿਆਚਾਰਕ ਮੁੱਲਾਂ ਨੂੰ ਲੋਕਾਂ ਦੀ ਵਿਚਾਰਧਾਰਾ ਅਤੇ ਸਭਿਆਚਾਰ ਵਜੋਂ ਪੇਸ਼ ਕਰਦੀ ਹੈ । ਲੋਕਾਂ ਦੀ ਚੇਤਨਾ ਉਤੋਂ ਕਾਬਜ਼ ਜਮਾਤ ਦੇ ਕਲਚਰ ਦੇ ਵਿਚਾਰਧਾਰਕ ਗਲਬੇ ਨੂੰ ਲਾਹੁਣ ਲਈ ਪਾਸ਼ ਨੂੰ ਸਮਕਾਲੀ ਪੰਜਾਬੀ ਕਵਿਤਾ ਅਤੇ ਤਥਾਕਥਿਤ ਲੋਕ-ਕਵਿਤਾ ਤੇ ਲੋਕ-ਗਾਇਕੀ ਨਾਲ ਦਸਤਪੰਜਾ ਲੈਣਾ ਪਿਆ । ਇਸ ਸੰਬੰਧੀ ਪਾਸ਼ ਦੀ ਫ਼ਿਕਰਮੰਦੀ ਦਾ ਪ੍ਰਮਾਣ ਸੁਰਜੀਤ ਪਾਤਰ ਨੂੰ ਲਿਖੇ ਖਤ ਦੀਆਂ ਇਹ ਸਤਰਾ ਹਨ :

ਮੇਰੇ ਅਤੇ ਸਾਡੇ ਸਾਰੇ ਚੋੜ-ਚਾਨਣਾਂ ਉਤੇ ਸੁਹਜ ਸੰਕਲਪ ਦੇ
ਬੁਰਜੂਆ ਤੰਤ੍ਰ ਪ੍ਰਬੰਧ ਦੀ ਪ੍ਰੇਤ ਸਾਇਆ ਮੰਡਰਾ ਰਹੀ ਹੈ ।
ਸਾਡੇ ਕੋਲ ਨਾ ਅੱਗ ਹੈ, ਨਾ ਲੋਹਾ, ਇਕੋ ਰਾਹ ਹੈ, ਕਲਾ
ਵਿਚ ਅਰਾਜਕਤਾ ਫੈਲਾਅ ਦੇਈਏ, ਪ੍ਰੰਪਰਾਗਤ ਸੰਕਲਪਾਂ ਨੂੰ
ਢਹਿ ਢੇਰੀ ਕਰਨ ਦਾ ਤਾਣ ਲਾਈਏ ।

ਪਾਸ਼ ਨੇ ਸੁਹਜ ਅਤੇ ਕਲਾ ਦੇ ਬੁਰਜੂਆ ਮਾਨਦੰਡਾਂ ਨੂੰ ਰੱਦ ਕਰਨ ਲਈ 'ਖ਼ੂਬਸੂਰਤ ਪੈਂਡ ਕੰਧਾਂ ਜੇਲ੍ਹ ਦੀਆਂ,' 'ਖੁੱਲੀ, ਚਿੱਠੀ,' 'ਮੈਨੂੰ ਚਾਹੀਦੇ ਹਨ ਕੁਝ ਬੋਲ, 'ਸ਼ਬਦ, ਕਲਾ ਤੇ ਕਵਿਤਾ, 'ਜਿੱਥੇ ਕਵਿਤਾ ਖਤਮ ਹੁੰਦੀ ਹੈ, 'ਜਿਥੇ ਕਵਿਤਾ ਖ਼ਤਮ ਨਹੀਂ ਹੁੰਦੀ' ਅਤੇ 'ਇਨਕਾਰ' ਵਰਗੀਆਂ ਕਵਿਤਾਵਾਂ ਲਿਖੀਆਂ । ਇਕ ਕ੍ਰਾਂਤੀਕਾਰੀ ਕਵੀ ਹੋਣ ਦੇ ਨਾਤੇ ਪਾਸ਼ ਦਾ ਨਿਸ਼ਾਨਾ ਬੁਰਜੁਆਜ਼ੀ ਦੀ ਕਲਾ ਨੂੰ ਨਹੀਂ ਉਸਦੇ ਕਲਾ-ਸੰਕਲਪਾਂ ਨੂੰ ਰੱਦ ਕਰਦਾ ਸੀ ਇਸੇ ਲਈ ਉਹ ਕਹਿੰਦਾ ਹੈ ।

ਮੇਰੇ ਕੋਲ ਸੁਹਜ ਦੀ ਉਸ ਸੁਪਨ ਸੀਮਾਂ ਤੋਂ ਉਰੇ,
ਗਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਛਾਈ
ਕਿਸੇ ਸੀਰੀ ਦੇ ਕਾਲੇ-ਸ਼ਾਹ ਬੁੱਲ੍ਹਾਂ ਜਹੀ ਰਾਤ ਦੀ ਹੀ ਗੱਲ ਕਰਾਂਗਾ
ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ

(ਬਾਕੀ ਦੇਖੋ 76 ਸਫਾ ਤੇ)





## ਕਵਿਤਾ ਮੈਨੂੰ ਲਿਖਦੀ ਹੈ/ਇਕਬਾਲ

ਇਸ ਪੁਸਤਕ ਵਿੱਚ ਪ੍ਰਸਤੁਤ ਜਾਣਕਾਰੀ ਅਨੁਸਾਰ 'ਕਵਿਤਾ ਮੈਨੂੰ ਲਿਖਦੀ ਹੈ' ਕਨੇਡਾ ਨਿਵਾਸੀ ਇਕਬਾਲ (ਰਾਮੂਵਾਲੀਆ) ਦਾ ਚੌਥਾ ਕਾਵਿ ਸੰਗ੍ਰਿਹ ਹੈ । ਇਸ ਵਿੱਚ ਖ਼ੂਬਸੂਰਤ ਕਵਿਤਾਵਾਂ ਦੇ ਨਾਲ, ਕਵਿਤਾ ਦਾ ਭਰਮ ਸਿਰਜਦੀਆਂ ਕੁੱਝ ਕਾਵਿ-ਮਈ ਵਾਰਤਕ ਰਚਨਾਵਾਂ ਵੀ ਉਪਲਭਦ ਹਨ । ਜਿਥੇ ਇਸ ਵਿੱਚ ਨਿਆਗਰਾ ਫਾਲਜ਼' 'ਬਿਜਲੀਆਂ,' 'ਘਰ,' 'ਦਿਨ,' 'ਬਰਫ,' 'ਗੱਡੀ ਉਤੇ ਸਫਰ ਕਰਦਿਆਂ,' 'ਪੌਣਾਂ ਨੂੰ ਮੈਲੀ ਨਾ ਕਰੋ' ਵਰਗੀਆਂ ਸੰਭਾਵਨਾਵਾਂ ਭਰਪੂਰ ਸਫਲ ਕਵਿਤਾਵਾਂ ਹਨ, ਉਥੇ 'ਕਵਿਤਾ ਮੈਨੂੰ ਲਿਖਦੀ ਹੈ,' 'ਫਰਿਜ ਵਿੱਚ ਸੌਂਦਾ ਆਦਮੀ,' ਇਨਕਲਾਬ ਤੋਂ ਨਿਕਲੀ ਬੰਦੂਕ, ਸਿਰਫ ਮੈਂ ਖ਼ਲੋਤਾ ਹਾਂ ਆਦਿ ਨਿਰੋਲ ਅਕਵਿਤਾਵਾਂ ਹਨ । 'ਤਾਜ ਮਹੱਲ' ਕਵਿਤਾ ਵਜੋਂ ਆਰੰਭ ਹੋ ਕੇ ਜਲਦੀ ਹੀ ਅਕਵਿਤਾ ਵਿੱਚ ਤਬਦੀਲ ਹੋ ਜਾਂਦੀ ਹੈ । ਘਰਾਂ ਦੇ ਉਸਰਨ ਤੋਂ ਪਹਿਲਾਂ, ਇਹ, 'ਜੁੱਤੀਆਂ' 'ਗੋਰੀ ਦਾੜ੍ਹੀ' ਆਦਿ ਕਵਿਤਾ, ਅਕਵਿਤਾ ਅਤੇ ਕਾਵਿ-ਮਈ ਵਾਰਤਕ ਦਾ ਮਿਸ਼ਰਨ ਹਨ । 'ਬਰਫ ਦਾ ਗੀਤ ਬੌਧਿਕ ਹੋਣ ਦੇ ਬਾਵਜੂਦ ਸਫਲ ਗੀਤ ਹੈ । 'ਜੇ ਹੈ ਕਲੀਆਂ ਨੂੰ ਇੰਤਜ਼ਾਰ ਮੇਰੀ ਅਤੇ ਗੁਲੇਲ ਪਹਿਨ ਕੇ' ਸੀਰਸ਼ਕ ਹੈਠ ਗਜ਼ਲ ਦੀ ਬਹਿਰ ਵਿੱਚ ਨਜ਼ਮ ਕੀਤੀਆਂ ਕੀਤੀਆਂ ਗਈਆਂ ਹਨ । ਭਾਵੇਂ ਇਹਨਾਂ ਦੋਹਾਂ ਵਿੱਚ ਨਵੇਂ ਬਿੰਬ ਸਿਰਜਣ ਦੀ ਯਥਾ-ਸ਼ਕਤ ਅਭਿਲਾਖਾ ਕੀਤੀ ਗਈ ਹੈ ਪਰੰਤੂ ਅਭਿਆਸ ਅਤੇ ਸੁਧਾਈ (ਇਸਲਾਹ) ਦੀ ਆਵੱਸ਼ਕਤਾ ਦੀ ਗੁੰਜਾਇਸ਼ ਸਪੱਸ਼ਟ ਝਲਕਦੀ ਹੈ ।

'ਰਾਵਣ ਵਸਦਾ ਹਰ ਥਾਂ' ਵਿੱਚ ਬੁਸ਼, ਸ਼ਮੀਰ, ਮਲਰੂਨੀ, ਮੇਜਰ ਅਤੇ ਬੁੱਸ਼ ਨੂੰ ਇੱਕੋ ਰੱਸੇ ਵਿੱਚ ਬੰਨ ਦਿੱਤਾ ਗਿਆ ਹੈ ਜਦੋਂ ਕਿ ਜੱਗ ਜ਼ਾਹਰ ਹੈ ਕਿ ਸਦਾਮ ਇੱਕ ਇਸਲਾਮਕ ਸਟੇਟ ਦਾ ਡਿਕਟੇਟਰ ਹੈ । ਮੇਜਰ ਅਤੇ ਬੁੱਸ਼ ਵਿਕਸਤ ਪੂੰਜੀਪਤੀ ਅਤੇ ਸਾਮਰਾਜੀ ਲੋਕਤੰਤਰੀ ਖਾਸੇ ਵਾਲੇ ਦੇਸ਼ ਹਨ । ਇੰਗਲੈਂਡ ਦੇ ਰਾਜ਼ਨੀਤਕ ਢਾਂਚੇ ਅਤੇ ਅਮਰੀਕਾ ਦੇ ਰਾਜਨੀਤਕ ਢਾਂਚੇ ਵਿੱਚ ਵੀ ਢੇਰ ਸਾਰਾ ਅੰਤਰ ਹੈ । 'ਕਵਿਤਾ ਮੈਨੂੰ ਲਿਖਦੀ ਹੈ' ਵਾਲੀ ਮਾਨਸਿਕ ਅਵੱਸਥਾ ਵਿਚ ਉਤਰ ਜਾਣਾ ਕਿਸੇ ਹੋਰ ਜਗਤ ਵਿੱਚ ਪਰਵੇਸ਼ ਕਰਨਾ ਹੈ ਜਿਥੇ ਸ਼ਾਇਰ ਹੱਕ. ਅਤੇ ਇਨਸਾਫ ਲਈ ਜ਼ਹਿਰ ਦਾ ਪਿਆਲਾ ਪੀ ਸਕਦਾ ਹੈ, ਫਾਂਸੀ ਦੇ ਰੱਸੇ ਨੂੰ ਚੁੰਮ ਸਕਦਾ ਹੈ ਅਤੇ ਜੇਲ੍ਹਾਂ ਦੀ ਅੱਗ ਵਿਚ ਸੜ ਸਕਦਾ ਹੈ । ਪਰੰਤੂ ਜਿਹੜੀ ਪ੍ਰੀਭਾਸ਼ਾ, ਇਕਬਾਲ, ਇਸ ਕਵਿਤਾ (ਅਕਵਿਤਾ) ਵਿੱਚ ਅੰਕਿਤ ਕਰਦਾ ਹੈ, ਉਹ, ਵਿਵਹਾਰ-ਮੁੱਖੀ ਹੈ ਸਾਧਨਾ, ਕੁਰਬਾਨੀ ਮੁੱਖੀ ਨਹੀਂ । ਏਥੇ, ਸਮਕਾਲੀ ਆਰਥਕ-ਰਾਜਨੀਤਕ ਪ੍ਰਸਥਿਤੀਆਂ ਨੂੰ ਅਧਾਰਸ਼ਿਲਾ ਬਣਾਕੇ ਪ੍ਰਸਤਾਵਤ ਮਾਨਸਿਕ ਅਵੱਸਥਾ ਗ੍ਰਹਿਣ ਕਰਨੀ, ਕਵੀ ਦੀ ਮੂਲ ਸਮੱਸਿਆ ਹੈ ਨਾ ਕੇ ਹੇਠ ਲਿਖੇ ਅਨੁਸਾਰ । "ਜਦੋਂ ਕਵਿਤਾ ਮੈਨੂੰ ਲਿਖ ਰਹੀ ਹੁੰਦੀ ਹੈ ਤਾਂ ਮੇਰਾ ਲਿਸ਼ਕਿਆ ਹੋਇਆ ਦਫਤਰ ਇੱਕ ਕੋਠਾ ਬਣ ਜਾਂਦਾ ਹੈ ਜਿਥੇ ਵੇਸਵਾ ਵਰਗੀਆਂ ਫਾਈਲਾਂ ਉੱਤੇ ਦਸਤਖਤ ਕਰਦਿਆਂ ਮੈਂ ਏਡਜ਼ ਦਾ ਇਸ਼ਤਿਹਾਰ ਸਿਰਜ ਰਿਹਾ ਹੁੰਦਾ ਹਾਂ ।" ਏਸੇ ਹੀ ਤਰ੍ਹਾਂ 'ਝੰਡਾ' ਕਵਿਤਾ ਵਿੱਚ 'ਹਰ ਝੰਡੇ ਤੇ ਡੰਡੇ ਦਾ ਪਰ ਇਕੋ ਹੀ ਸਿਰਨਾਵਾਂ' ਅਜੋਕੇ ਯੁੱਗ ਦਾ ਰਾਜਨੀਤਕ ਯਥਾਰਥ ਨਹੀਂ ।

ਇਸ ਪੁਸਤਕ ਵਿੱਚ ਪਰਗਟਿਆ ਅਨੁਭਵ ਇਕਬਾਲ ਜੀ ਨੇ ਕਨੇਡਾ ਦੇ ਸ਼ਹਿਰੀ ਹੋਣ ਦੀ

ਹੈਸੀਅਤ ਵਿਚ ਪ੍ਰਾਪਤ ਕੀਤਾ ਹੈ। ਇਸ ਵਿੱਚੋਂ ਜਨਮਭੂਮੀ ਪ੍ਰਤੀ ਵਿਯੋਗਮਈ ਉਪਭਾਵਕਤਾ ਗਾਇਬ ਹੈ ਜੋ ਕਿ ਪਰਵਾਸੀ ਪੰਜਾਬੀ ਸਾਹਿਤ ਦੇ ਪ੍ਰਸੰਗ ਵਿੱਚ ਇਕ ਸ਼ੁੱਭ ਸ਼ਗਨ ਹੈ। ਇਸ ਵਿਚ ਕਨੇਡੀਅਨ ਜ਼ਿੰਦਗੀ ਦੇ ਬੋਧ ਨੂੰ ਆਪਣੀ ਵਿਲੱਖਣ ਸਿਰਜਣਾਤਮਿਕ ਪ੍ਰਤਿਭਾ ਰਾਹੀਂ, ਸਫਲਤਾ ਪੂਰਵਕ ਕਾਵਿ ਮੁਹਾਵਰੇ ਵਿਚ ਢਾਲਣ ਦੀ ਪ੍ਰਕਿਰਿਆ ਵਿਚ ਨਵੇਂ ਬਿੰਬ ਤਲਾਸ਼ਣ ਦੇ ਭਲੀਭਾਂਤ ਪਰਮਾਣ ਪ੍ਰਾਪਤ ਹੁੰਦੇ ਹਨ। ਇਸ ਪਰਸੰਗ ਵਿੱਚ 'ਬਿਜਲੀਆਂ,' 'ਘਰਾਂ 'ਇਨ' 'ਬਰਫ' ਅਤੇ ਨਿਆਗਰਾ ਫਾਲਜ਼ ਆਦਿ ਕਵਿਤਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਮਨੁੱਖੀ ਸਭਿਅਤਾ ਦੇ ਇਤਿਹਾਸਕ ਵਿਕਾਸ ਦੀ ਇਕ ਪਾਸੜ ਤਸਵੀਰ ਪੇਸ਼ ਕਰਨ ਦੇ ਬਾਵਜੂਦ 'ਨਿਆਗਰਾ ਫਾਲਜ਼' ਬਹੁਤ ਹੀ ਖ਼ੂਬਸੂਰਤ ਕਵਿਤਾ ਹੈ ਜਿਸ ਵਿਚ ਇਕਬਾਲ ਜੀ ਦੀ ਪ੍ਰਤਿਭਾ ਅਤੇ ਸ਼ਿਲਪ ਦੇ ਭਰਪੂਰ ਦਰਸ਼ਨ ਹੁੰਦੇ ਹਨ। ਇਸ ਵਿੱਚ ਸ਼ਾਇਰ ਨੇ ਕਨੇਡੀਅਨ ਆਦਿ ਵਾਸੀਆਂ ਦੀ ਜ਼ਖਮੀਂ ਰੂਹ ਵਿਚ ਉਤਰ ਕੇ ਪ੍ਰਾਪਤ ਕੀਤੇ ਅਨੁਭਵ-ਬੋਧ ਨੂੰ ਨਿਵੇਕਲੇ ਕਾਵਿਕ ਬਿੰਬ-ਵਿਧਾਨ, ਖ਼ੂਬਸੂਰਤ ਸ਼ਬਦ ਚੋਣ ਅਤੇ ਮਿੱਥਕ ਵਿਧੀ ਰਾਹੀਂ ਰੂਪਮਾਨ ਕੀਤਾ ਹੈ।

ਇਸ ਸੰਗ੍ਰਿਹ ਵਿੱਚ ਇਕਬਾਲ ਜੀ ਦੀਆਂ ਲੈਅ-ਬੱਧ (**RHYTHMIC**) ਕਵਿਤਾਵਾਂ ਵਧੇਰੇ ਬਲਵਾਨ ਅਤੇ ਪ੍ਰਭਾਵਸ਼ਾਲੀ ਹਨ ਕਿਉਂਕਿ ਇਹ ਸਯੋਗ ਅਤੇ ਤੀਖਣ ਕਾਵਿ-ਰਸ ਦੀ ਉਤਪਤੀ ਲਈ ਕਿਸੇ ਵੀ ਤਰ੍ਹਾਂ ਤੁਕਾਂਤ ਦੀਆਂ ਮੁਥਾਜ ਨਹੀਂ। ਹੈਰਾਨੀ ਹੁੰਦੀ ਹੈ ਜਦੋਂ ਅਸਾਡਾ ਇਹ ਮਕਬੂਲ ਸ਼ਾਇਰ ਕਈ ਵਾਰੀ ਕਾਵਿਮਈ ਵਾਰਤਕ ਦੇ ਰਾਹ ਪੈ ਕੇ ਆਪਣੀ ਅਲੌਕਿਕ ਕਾਵਿ-ਯੋਗਤਾ ਨਾਲ ਬੇਵਫ਼ਾਈ ਕਰਦਾ ਹੈ। ਨਿਆਗਰਾ ਫਾਲਜ ਦਾ ਪਾਠ ਕਰਨ ਉਪਰੰਤ ਇਹ ਸ਼ਾਇਰ ਮਹਾਂ-ਕਾਵਿ ਜਾਂ ਪੁਸਤਕ ਰੂਪੀ ਲੰਮੀ ਕਵਿਤਾ ਰਚਨ ਦੇ ਸਮਰੱਥ ਪਰਤੀਤ ਹੁੰਦਾ ਹੈ। ਪੰਜਾਬੀ ਸਾਹਿਤ ਨੂੰ ਇਕਬਾਲ ਪਾਸੋਂ ਭਵਿੱਖ ਵਿੱਚ ਬਹੁਤ ਵੱਢੀਆਂ ਆਸਾਂ ਹਨ। ਮੈਂ ਇਕਬਾਲ ਜੀ ਨੂੰ ਸਤਿਕਾਰ ਸਹਿਤ ਕੇਵਲ ਇਕ ਹੀ ਬੇਨਤੀ ਕਰਨੀ ਚਾਹਾਂਗਾ ਕਿ ਉਹ ਕਨੇਡਾ ਵਿਚ ਲੜੇ ਜਾ ਰਹੇ ਲੋਕ-ਸੰਘਰਸ਼ਾਂ ਨੂੰ ਵੀ ਆਪਣੇ ਅਨੁਭਵ ਵਿਚ ਸ਼ਾਮਿਲ ਕਰਨ, ਜਿਸ ਨਾਲ ਉਸਦਾ ਰਚਨਾ ਸੰਸਾਰ ਹੋਰ ਵੀ ਵਿਸ਼ਾਲ ਹੋ ਜਾਵੇਗਾ।

**—ਗੁਰਨਾਮ ਢਿੱਲੋਂ**

## ਤੀਜੇ ਪਹਿਰ ਦੀ ਧੁੱਪ/ਬੀਬਾ ਬਲਵੰਤ

ਬੀਬਾ ਬਲਵੰਤ ਵੱਖਰੀ ਤਰ੍ਹਾਂ ਦਾ ਸ਼ਾਇਰ ਹੈ। ਸੂਖ਼ਮ ਰੁਚੀਆਂ ਦਾ ਮਾਲਕ ਇਹ ਕਲਾਕਾਰ, ਸੁਹਜ ਦੀ ਸਿਰਜਣਾ ਕਰਦਾ ਹੈ। ਆਪ ਅੱਗ ਦਾ, ਬ੍ਰਿਹਾ ਦਾ ਸੰਤਾਪ ਝੱਲਦਾ ਹੈ। ਇਕੱਲਤਾ ਦੀਆਂ ਦੁਸ਼ਵਾਰੀਆਂ ਹੰਢਾਉਂਦਾ ਹੈ, ਪਰ ਇਸ ਸਾਰੇ ਦੁਖਦਾਈ ਸੰਤਾਪ ਮਈ ਵਰਤਾਰਿਆਂ ਤਜਰਬਿਆਂ ਚੋਂ ਸ਼ਾਇਰੀ ਦੇ ਸੁਹਜ ਦੇ ਫੁੱਲ ਖਿੜਾਉਂਦਾ ਹੈ। ਉਸ ਦੀ ਕਵਿਤਾ ਦੇ ਇਕ ਪਾਤਰ, 'ਗੈਰ-ਮੁਆਫ਼ਿਕ ਬੰਦਾ' ਦੇ ਵਾਂਗ ਬੀਬਾ ਵੀ—

ਨੇਰੇ ਵਿਚ ਰਹਿੰਦੇ ਖੁਸ਼ ਬੰਦਿਆਂ ਨੂੰ
ਚਾਨਣ ਦੀ ਕੋਈ ਲੀਕ ਵਿਖਾ ਕੇ ਰਹੇ ਡਰਾਉਂਦਾ

ਉਸ ਦੀ ਸ਼ਾਇਰੀ ਸਾਨੂੰ ਧੁਪ ਵਰਗੇ ਚਿਹਰਿਆਂ ਤੇ ਗੁਟਕਦੇ ਕਬੂਤਰਾਂ ਦੇ ਰੂਬਰੂ ਕਰਦੀ ਹੈ ਬੀਬੇ ਨੂੰ ਮਿਲ ਕੇ, ਉਸ ਨਾਲ ਗੱਲਾਂ ਕਰਕੇ ਉਸ ਦੀਆਂ ਤਸਵੀਰਾਂ ਵੇਖ ਕੇ, ਉਸ ਦੇ ਜੀਵਨ ਦੀ ਸ਼ੈਲੀ ਨੂੰ ਵਾਚ ਕੇ, ਤੁਸੀਂ ਇਹ ਸੋਚਣ ਤੇ ਮਜ਼ਬੂਰ ਹੋ ਜਾਂਦੇ ਹੋ ਕਿ ਉਸ ਨੇ ਇਹ ਇਕੱਲਤਾ ਖ਼ੁਦ



ਸਹੇੜੀ ਹੈ ਜਾਂ ਕਿ ਇਹ ਉਸ ਨੂੰ ਸਮਿਆਂ ਨੇ ਸਰਾਪ ਦਿੱਤਾ ਹੋਇਆ ਹੈ। ਪਰ ਜਦੋਂ ਇਹਨਾਂ ਅਨੁਭਵਾਂ ਚੋਂ ਗੁਜ਼ਰ ਕੇ ਉਹ ਸ਼ਾਇਰੀ ਕਰਦਾ ਹੈ ਤਾਂ ਜਾਪਦਾ ਹੈ ਇਕੱਲਤਾ ਦਾ ਇਹ ਸਰਾਪ ਵਰ ਬਣ ਕੇ ਪ੍ਰਗਟ ਹੁੰਦਾ ਹੈ। ਉਹ ਕਵਿਤਾ ਉੱਤੇ ਫਲਸਫੇ ਦਾ ਭਾਰ ਨਹੀਂ ਲੱਦਦਾ। ਵਿਚਾਰ ਉਸ ਦੇ ਗੀਤਾਂ, ਗਜ਼ਲਾਂ 'ਤੇ ਨਜ਼ਮਾਂ ਵਿਚ ਆਟੇ ਵਿਚ ਲੂਣ ਵਾਂਗ ਸਮੋਇਆ ਹੁੰਦਾ ਹੈ, ਉਸ ਦੀ ਰਚਨਾ ਦਾ ਪਾਠ ਵੱਖਰੇ ਜਹੇ, ਕੋਮਲ ਅਹਿਸਾਸ ਨਾਲ ਗੁਫ਼ਤਗੂ ਕਰਨ ਵਾਂਗ ਹੈ। ਉਹ ਮੰਨਦਾ ਹੈ ਕਿ ਕਵਿਤਾ ਦਾ ਕਾਰਜ ਬਦਲ ਗਿਆ ਹੈ, ਪਰ ਖ਼ੁਦ ਉਹ ਬਦਲਦੇ ਹੋਏ ਪ੍ਰਸੰਗ ਵਿਚ, ਇਸ ਰਾਹ ਤੇ ਤੁਰਨ ਤੋਂ ਕੁਝ ਝਿਜਕਦਾ ਪ੍ਰਤੀਤ ਹੁੰਦਾ ਹੈ।

ਨਾ ਹੀ ਗਜ਼ ਗਜ਼ ਲੰਮੇ ਵਾਲ
ਕਵਿਤਾ ਕਰਦੀ ਲੱਖ ਸਵਾਲ

ਪੰਜਾਬੀ ਦੀ ਸਮਕਾਲੀ ਤੇ ਪੂਰਵ-ਕਾਲੀ ਕਵਿਤਾ ਸਵਾਲ ਵੀ ਕਰਦੀ ਹੈ, ਤੇ ਉਤਰ ਵੀ ਮੰਗਦੀ ਹੈ, ਪਰ ਬੀਬੇ ਦੀ ਸ਼ਾਇਰੀ ਬੀਬੇ ਬੰਦਿਆਂ ਦੇ ਵਾਰਤਾਲਾਪ ਵਾਂਗ ਹੈ, ਉਹ ਗੁਸਤਾਖ ਬੋਲਾਂ ਤੋਂ ਬਚਦਾ ਹੈ। ਸਾਊ, ਬੀਬਾ ਬਣ ਕੇ ਹੀ ਜੀਵਨ ਗੁਜ਼ਾਰਨਾ ਲੋਚਦਾ ਹੈ, ਪਰ ਸਮੇਂ ਦੀ ਤੋਰ ਨਾਲ ਜਦੋਂ ਜੀਵਨ ਕਠੋਰ ਤੋਂ ਕਠੋਰਤਰ ਹੁੰਦਾ ਜਾਂਦਾ ਹੈ ਤਾਂ ਕੋਮਲ-ਚਿੱਤ ਸਾਊ, ਬੀਬੇ ਤੇ ਸੂਖਮ ਰੁਚੀ ਵਾਲੇ ਸਿਰਜਕ ਵੀ, ਬਦਲਦੇ ਰੰਗਾਂ, ਢੰਗਾਂ ਨੂੰ ਪਛਾਨਣ ਲਈ ਅਹੁਲਦੇ ਹਨ। ਹਾਲੀ ਭਾਰਤੀ ਤੇ ਪੰਜਾਬ ਦੇ ਪ੍ਰਸੰਗ ਵਿਚ ਉਹ ਸਥਿਤੀ ਉਤਪੰਨ ਨਹੀਂ ਹੋਈ। ਹਾਲੀ ਤਾਂ ਜੁਗਨੂੰ ਤੇ ਗਾਹੇ ਬਗਾਹੇ ਦੀਵਾ ਬਾਲ ਕੇ ਬਨੇਰੇ ਤੇ ਧਰਨ ਵਰਗੀ ਅਵਸਥਾ ਹੈ। ਜਦੋਂ ਵੀ ਬੀਬਾ ਰੌਸ਼ਨੀਆਂ ਦੇ ਕਾਫਲੇ ਨਾਲ ਤੁਰਿਆ, ਉਹ ਆਪਣੀ ਸੁਹਜ-ਸਿਰਜਣ ਦੀ ਸਾਰੀ ਸਮਰੱਥਾ ਨੂੰ ਨਾਲ ਲੈ ਕੇ ਸ਼ਾਮਿਲ ਹੋਵੇਗਾ।

ਜੋ ਕੁਝ ਹੋਇਆ ਕੁੰਦਨ ਬਣ ਜੂ, ਨਹੀਂ ਰਾਖ ਦੀ ਢੇਰੀ,
ਵੇਖ ਲਵਾਂਗੇ ਅੱਗ ਦੇ ਵਿਚੋਂ ਆਪਣਾ ਆਪ ਗੁਜ਼ਾਰਕੇ
ਸਿਰੜ ਨਾਲ ਜੋ ਤੁਰਨ ਰੌਸ਼ਨੀ ਲੈਣ ਲਈ
ਲੈ ਆਉਂਦੇ ਨੇ ਔਖੇ ਸੌਖੇ ਭਾਲ ਕੇ
ਰੱਖਿਓ ਉਹਨਾਂ ਨੂੰ ਵੀ ਬਹੁਤ ਸੰਭਾਲ ਕੇ
ਮੱਥੇ ਵਿਚ ਜੋ ਰੱਖਦੇ ਸੋਚਾਂ ਬਾਲ ਕੇ

ਬੀਬਾ ਜਨਵਾਦੀ ਤਾਕਤਾਂ ਦੇ ਬਿਖੜੇ ਸੰਘਰਸ਼ਾਂ ਵੱਲ ਪਿੱਠ ਕਰਕੇ ਨਹੀਂ ਖਲੋਤਾ ਹੋਇਆ, ਉਸ ਦੀ ਕਲਾ ਦਾ ਰਿਸ਼ਤਾ ਜਨ-ਜੀਵਨ ਨਾਲੋਂ ਟੁੱਟਾ ਹੋਇਆ ਨਹੀਂ, ਸਗੋਂ ਇਹ ਰਿਸ਼ਤਾ ਸੂਖਮ ਪਰ ਘਣੇਰਾ ਹੈ।

ਕਿਸੇ ਤੋਂ ਕਾਲਾ ਰੰਗ ਲੈ ਕੇ, ਉਹਨੂੰ ਕੁਝ ਤਿਤਲੀਆਂ ਦੇਈਏ
ਵਿਰਾਨੇ ਘਰਾਂ ਨੂੰ ਜਾ ਕੇ ਚਲੋ ਅਜ ਮਹਿਫਿਲਾਂ ਦੇਈਏ

ਫੱਗਣ ਦੀ ਇਸ ਸ਼ਾਮ ਜੇਹੀ ਸ਼ਾਇਰੀ ਦਾ ਸੁਆਗਤ ਹੈ। ਪੁਸਤਕ ਦੀ ਛਪਾਈ ਵੀ ਰੀਝਾਂ ਨਾਲ ਕੀਤੀ ਗਈ ਹੈ। ਜਿਸ ਤੇ ਇਕ ਪਾਸੇ ਧੁੱਪ ਵਰਗਾ ਚਿਹਰਾ ਤੁਹਾਡਾ ਸੁਆਗਤ ਕਰਦਾ ਹੈ ਤਾਂ ਦੂਸਰੀ ਤਰਫ ਬੀਬੇ ਦਾ ਬੀਬਾ ਕਬੂਤਰ ਗੁਟਕਦਾ ਹੈ। ਕੁਝ ਪੁਸਤਕਾਂ ਹੁੰਦੀਆਂ ਹਨ ਜੋ ਲੁਕਾ ਲੁਕਾ ਕੇ ਰੱਖਣ ਵਾਲੀਆਂ ਹੁੰਦੀਆਂ ਹਨ ਚੋਰ-ਪਾਠਕਾਂ ਤੇ ਲਾਲਚੀ ਯਾਰਾਂ ਤੋਂ। ਬੀਬੇ ਦੀ ਪੁਸਤਕ ਵੀ ਅਜੇਹੀ ਹੈ।

**—ਹਰਭਜਨ ਸਿੰਘ ਹੁੰਦਲ**

## 'ਹਾਦਸੇ, ਹਵਾਲੇ ਤੇ ਸਲੀਬਾਂ'/ਬਲਜੀਤ ਕੌਰ ਬੱਲੀ

ਹਾਦਸੇ, ਹਵਾਲੇ ਤੇ ਸਲੀਬਾਂ, ਬਲਜੀਤ ਕੌਰ ਬੱਲੀ ਦਾ ਦੂਜਾ ਕਹਾਣੀ ਸੰਗ੍ਰਹਿ ਹੈ।

ਬਲਜੀਤ ਕੌਰ ਬੱਲੀ ਕੋਲ ਡੋਲਦੇ ਦੇ ਰਿਸ਼ਤਿਆਂ ਦੇ ਵਿਭਿੰਨ ਪਹਿਲੂਆਂ ਨੂੰ ਚਿਤਰਣ ਦੀ ਖਾਸੀ ਮੁਹਾਰਤ ਹੈ। ਮਨੁੱਖੀ ਸੁਭਾਵਾਂ ਦੇ ਅੰਤਰ ਵਿਰੋਧਾਂ ਨੂੰ ਬਾਰੀਕੀ ਨਾਲ ਫੜਦੀ ਹੈ। ਰਿਸ਼ਤੇ, ਜੋ ਪਹਿਲਾਂ ਖੂਬਸੂਰਤ ਤੇ ਸੁਖਾਵੇਂ ਲਗਦੇ ਨੇ ਬਾਦ ਵਿਚ ਕਿਵੇਂ ਅਜ਼ਾਬ ਬਣ ਜਾਂਦੇ ਨੇ, ਬੱਚੇ ਜੋ ਇਹਨਾਂ ਅਸੁਖਾਵੇਂ ਰਿਸ਼ਤਿਆਂ ਦੀ ਪੈਦਾਵਾਰ ਹੁੰਦੇ ਨੇ ਕਿਵੇਂ ਸੰਕਟਾਂ ਸਮੱਸਿਆਵਾਂ ਦਾ ਸ਼ਿਕਾਰ ਹੁੰਦੇ ਨੇ ਤੇ ਔਰਤ, ਇਨ੍ਹਾਂ ਰਿਸ਼ਤਿਆਂ ਦੇ ਜੰਗਲ ਵਿਚ ਕਿਵੇਂ ਭਟਕਦੀ ਹੈ, ਮਰਦ ਪ੍ਰਧਾਨ ਸਮਾਜ ਵਿਚ, ਆਪਣੇ ਪੈਰਾਂ ਤੇ ਖੜੀ ਹੋਣ ਦੇ ਬਾਵਜੂਦ ਵੀ ਕਿਹਨਾਂ ਤ੍ਰਾਸਦੀਆਂ ਦਾ ਸ਼ਿਕਾਰ ਹੁੰਦੀ ਹੈ, ਬੱਲੀ ਦੀਆਂ ਜ਼ਿਆਦਾਤਰ ਕਹਾਣੀਆਂ ਦੇ ਸਰੋਕਾਰ ਹਨ। ਕਿਤੇ ਕਿਤੇ ਅਜਿਹਾ ਭੁਲੇਖਾ ਪੈਣਾ ਵੀ ਸੁਭਾਵਕ ਹੈ ਕਿ ਲੇਖਕਾ ਖੁਦ ਇਹਨਾਂ ਘਟਨਾਵਾਂ, ਵੇਰਵਿਆਂ ਤੇ ਹਵਾਲਿਆਂ ਨਾਲ ਜੁੜੀ ਹੋਈ ਹੈ। ਕਹਾ-ਣੀਆਂ ਵਿਚ ਉਸਦੀ ਹਾਜ਼ਰੀ ਮੁਸਲਸਲ ਬਣੀ ਰਹਿੰਦੀ ਹੈ। ਏਸੇ ਲਈ ਉਹ ਕਹਾਣੀਆਂ ਨੂੰ ਬੁਣ ਦਿਆਂ ਬਹੁਤ ਸਾਰੇ ਵੇਰਵੇ ਨਿੱਜ ਦੇ ਨੇੜਿਓਂ ਦੀ ਕਰ ਕੇ ਲੰਘਾਉਂਦੀ ਹੈ। ਵਿਸ਼ੇ ਲੇਖਕਾ ਦੇ ਉਤੇ ਭਾਰੂ ਰਹਿੰਦੇ ਨੇ, ਉਹ ਕਹਾਣੀ ਲਿਖਣ ਲਈ ਯਤਨਸ਼ੀਲ ਰਹਿੰਦੀ ਹੈ। ਵੇਖੀ ਸੁਣੀ ਜਾਂ ਹੰਢਾਈ ਘਟਨਾ ਨੂੰ ਕਹਾਣੀ ਰੂਪ ਵਿਚ ਪੇਸ਼ ਕਰਨ ਲਈ ਕੁਝ ਕਾਂਟ-ਛਾਂਟ, ਵਾਧੇ ਘਾਟੇ ਤਾਂ ਕਰਨੇ ਹੀ ਪੈਂਦੇ ਹਨ। ਕਹਾਣੀ ਨੂੰ ਸੁਆਰਨ ਤਰਾਸ਼ਣ ਵਿਚ ਲੇਖਕ ਛਿੱਥਾ ਵੀ ਕਈ ਵਾਰ ਪੈਂਦਾ ਹੈ, ਪਰ ਇਹ ਗੱਲਾਂ ਕਹਾਣੀ ਦੇ ਪਹਿਲੋਂ ਭੂਮਿਕਾ ਵਾਂਗ ਲਿਖ ਦੇਣੀਆਂ ਕਹਾਣੀ ਦੇ ਮੁਹਾਂਦਰੇ ਨੂੰ ਵਿਗਾੜਨ ਵਾਲੀ ਗੱਲ ਹੈ। ਮਹਾਂਭਾਰਤ, ਕਹਾਣੀ ਦੀ ਤਲਾਸ਼ ਆਦਿ ਕਹਾਣੀਆਂ ਦੇ ਸੰਬੰਧ ਵਿਚ ਇੰਜ ਹੀ ਹੋਇਆ ਹੈ। ਕਹਾਣੀਆਂ ਇਕ ਲੰਮੀ ਭੂਮਿਕਾ ਨਾਲ ਸ਼ੁਰੂ ਹੁੰਦੀਆਂ ਹਨ। ਲੇਖਕਾ ਦੇ ਪ੍ਰਵਚਨ ਕਹਾਣੀ ਦੀ ਮੂਲ ਕਥਾ (ਜੋ ਬਾਦ ਵਿਚ ਫਾਲੋ-ਅੱਪ ਹੁੰਦੀ ਹੈ) ਨਾਲੋਂ ਬਹੁਤ ਉੱਚੀ ਸੁਰ ਵਿਚ ਬੋਲਦੇ ਹਨ।

'ਹਾਦਸੇ, ਹਵਾਲੇ ਤੇ ਸਲੀਬਾਂ' ਵੀ ਪਰਿਵਾਰਕ ਟੁੱਟ-ਭੱਜ, ਵਫ਼ਾਈਆਂ ਬੇਵਫ਼ਾਈਆਂ, ਤਲ-ਖ਼ੀਆਂ, ਦੁਸ਼ਵਾਰੀਆਂ ਨਾਲ ਜੁੜੀ ਕਥਾ ਹੈ। ਕਹਾਣੀ ਮੈਂ ਪਾਤਰ ਦੀ ਮਨਬਚਨੀ ਨਾਲ ਤੁਰਦੀ ਹੈ ਤੇ ਦੋਹਾਂ ਪਰਿਵਾਰਾਂ ਦੀਆਂ ਸਮੱਸਿਆਵਾਂ ਨੂੰ ਵਾਰੋ ਵਾਰੀ ਸੁਣਾ ਕੇ ਮੁਕਦੀ ਹੈ। ਵਜਿੰਦਰ ਦਾ ਸ਼ਰਾਬੀ ਪ੍ਰਤੀ ਤਲਖ ਰਵੱਈਆ ਕਿਉਂ ਹੈ, ਇਹ ਕਿਤੇ ਨਜ਼ਰੀਂ ਨਹੀਂ ਪੈਂਦਾ। ਸਰਬੀ ਕਮਾਊ ਔਰਤ ਹੋਣ ਦੇ ਬਾਵਜੂਦ ਵੀ ਕਿਸ ਕਸੂਰ ਬਦਲੇ ਕੁੱਤੀ, ਵਾਹਯਾਤ ਔਰਤ, ਫਿੱਟਮੂੰਹੀ ਆਦਿ ਲਫਜ਼ ਸੁਣਦੀ ਹੈ ਇਹ ਵੀ ਪਤਾ ਨਹੀਂ ਲਗਦਾ। ਸਿਰਫ ਕਲੇਸ਼ ਦੀ ਪੇਸ਼ਕਾਰੀ ਹੈ। ਦੂਜੀ ਉਪ-ਕਥਾ ਵਿਚ ਸਿਰਫ ਲਾਵਾਂ ਦੀ ਚੋਰ, ਸੁਮਨ ਦੀ ਭਟਕਣ ਦਾ ਉਲੇਖ ਹੈ। ਉਸਦਾ ਜਜ਼ਬਾਤੀ ਸ਼ੋਸ਼ਣ ਹੁੰਦਾ ਹੈ।

ਸੰਗ੍ਰਹਿ ਦੀ ਕਹਾਣੀ 'ਬੇਮੇਚ ਜਰਸੀ' ਵੀ ਅਧੂਰੇ ਪਿਆਰ ਦੀ ਕਥਾ ਹੈ। ਮੰਮੀ ਦੇ ਜਰਸੀ ਬੁਣਨ ਤੋਂ ਬਾਦ ਉਸ ਜਰਸੀ ਦਾ ਡੈਡੀ ਲਈ ਜਾਂ ਕਮਲ ਲਈ ਬੇਮੇਚ ਹੋ ਜਾਣਾ ਇਸ ਕਹਾਣੀ ਦਾ ਮੁੱਖ ਤਣਾਓ ਹੈ। ਇਹ ਕਹਾਣੀ ਇਕ ਵਧੀਆ ਸਿਖਰ ਸਿਰਜਦੀ ਹੈ। ਪਰ ਇਸ ਕਹਾਣੀ ਵਿਚ



ਅਜਿਹਾ ਵਰਤਾਰਾ ਕਿਤੇ ਨਜ਼ਰ ਨਹੀਂ ਆਉਂਦਾ। ਡੈਡੀ ਦਾ ਮੰਮੀ ਪ੍ਰਤੀ ਵਿਹਾਰ ਹਮਦਰਦੀ ਅਤੇ ਪਿਆਰ ਭਰਿਆ ਸੀ।

'ਕੁੱਕੜ ਉਡਾਰੀ' ਲੇਖਕਾਂ ਦੀਆਂ ਹਉਮੈਵਾਦੀ ਭਾਵਨਾਵਾਂ ਤੇ ਸੰਕੀਰਨਤਾਵਾਂ ਨੂੰ ਪੇਸ਼ ਕਰਦੀ ਇਕ ਸਫਲ ਕਹਾਣੀ ਹੈ।

'ਆਦਮ ਬੋਅ,' 'ਕਾਲੀ ਹਵਾ' ਅਤੇ ਕਹਾਣੀ ਦੀ ਤਲਾਸ਼, ਕਥਾਵਾਂ ਵਿਚ ਪੰਜਾਬ ਸੰਕਟ ਨਾਲ ਜੁੜੇ ਵਿਭਿੰਨ ਪਾਸਾਰ ਅੰਕਿਤ ਹਨ। 'ਆਦਮ ਬੋਅ' ਕਹਾਣੀ ਵਿਚ ਫਿਰਕੂ ਏਕਤਾ ਭੰਗ ਹੋਣ ਤੇ ਆਮ ਲੋਕਾਂ ਦੇ ਦੁਭਰ ਹੋਏ ਜੀਵਨ ਦੀ ਪੇਸ਼ਕਾਰੀ ਹੈ। ਕਹਾਣੀ ਫਿਲਮੀ ਅੰਦਾਜ਼ ਵਿਚ ਘਟਦੀ ਹੈ। ਸ਼ਾਇਦ ਹੀ ਪੰਜਾਬ ਵਿਚ ਕਿਤੇ ਐਸਾ ਵਾਪਰਿਆ ਹੋਵੇ ਕਿ ਹਿੰਦੂਆਂ ਤੇ ਸਿੱਖਾਂ ਦੀਆਂ ਆਹਮੋ-ਸਾਹਮਣੇ ਲੜਾਈਆਂ ਹੋਈਆਂ ਹੋਣ। 'ਅਗਲੇ ਚੌਕ ਵਿਚ ਹਿੰਦੂਆਂ ਦੀਆਂ ਲਾਸ਼ਾਂ ਹੀ ਲਾਸ਼ਾਂ ਖਿੰਡੀਆ ਪਈਆਂ ਸਨ' ਵਰਗੇ ਹਾਦਸੇ ਵੀ ਨਹੀਂ ਵਾਪਰੇ। ਕਹਾਣੀ ਵਿਚ ਇਕ ਦੋ ਥਾਵਾਂ ਤੇ ਸਵੈ-ਵਿਰੋਧੀ ਵੇਰਵੇ ਹਨ। ਸਫਾ 29 ਤੇ ਪਤਨੀ ਕਹਿੰਦੀ ਹੈ, ਰੋਟੀ ਤਿਆਰ ਹੋ ਗਈ ਆ, ਉਤੋਂ ਬਾਰਾਂ ਵੱਜਣ ਵਾਲੇ ਨੇ, ਤੇ ਉਸਤੋਂ ਬਾਦ ਉਹ ਰੋਟੀ ਖਾਂਦੇ ਹਨ, ਉਸੇ ਦਿਨ ਸ਼ਾਮੀਂ (ਸਫਾ 33 ਤੇ) ਪਲੰਘ ਤੇ ਲੇਟਿਆ ਪਤੀ ਸੋਚਦਾ ਹੈ, ਅੱਜ ਤਾਂ ਸਾਡੇ ਘਰ ਨਾ ਕੁਝ ਪੱਕਿਆ ਹੈ, ਨਾ ਖਾਧਾ ਹੈ।

'ਕਾਲੀ ਹਵਾ' ਵਿਚ ਮਾਸਟਰ ਵੇਦ ਪ੍ਰਕਾਸ਼ ਦਾ ਕਿਰਦਾਰ ਬੜੀ ਖੂਬਸੂਰਤੀ ਨਾਲ ਉਘਾ-ੜਿਆ ਗਿਆ ਹੈ। ਅੱਤਵਾਦ ਦੀ ਲੂਹਵੀਂ ਹਨੇਰੀ ਵਿਚ ਅਨਿਲ ਤੇ ਸੁਖਦੇਵ ਵਰਗੇ ਹੀਰੇ ਫਨਾਹ ਹੋਈ ਜਾ ਰਹੇ ਨੇ। ਕਾਲੀਆਂ ਸ਼ਕਤੀਆਂ ਦੇ ਢਹੇ ਚੜ੍ਹ ਕੇ ਬਲਬੀਰ (ਜਿਸਨੂੰ ਉਸਦੇ ਹਾਣੀ ਡਿਰੂ ਪੁੱਪ ਕਿਹਾ ਕਰਦੇ ਸਨ) ਗਲਤ ਰਾਹਾਂ ਦਾ ਰਾਹੀ ਬਣ ਬੈਠਾ ਤੇ ਅੰਤ ਵਿਚ ਉਨ੍ਹਾਂ ਰਾਹਾਂ ਤੇ ਈ ਮਾਰਿਆ ਗਿਆ ਜਾਣਾ ਫਜ਼ੂਲ ਲਗਦਾ ਹੈ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਸੂਰਜ ਛਿਪਣ ਪਿਛੋਂ' ਵਿਚ ਜਾਇਦਾਦ ਦੀ ਵੰਡ ਵੰਡਾਈ, ਨੂੰਹ ਸੱਸਾਂ ਦੇ ਝਗੜਿਆਂ ਤੇ ਹੋਰ ਪਰਿਵਾਰਕ ਮਸਲਿਆਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਘਰ ਵਿਚ ਇਹ ਕਲੇਸ਼ ਕਿਉਂ ਉਤਪੰਨ ਹੁੰਦੇ ਨੇ, ਇਸ ਸੰਬੰਧੀ ਕੋਈ ਇਸ਼ਾਰਾ ਨਹੀਂ ਮਿਲਦਾ। ਇਸ ਵਿਚੋਂ ਇਕ ਵਧੀਆ ਕਹਾਣੀ ਵਾਲਾ ਤਣਾਓ ਗਾਇਬ ਹੈ। ਕਹਾਣੀ ਆਪਣੀ ਚਾਲੇ ਆਪ ਨਹੀਂ ਤੁਰਦੀ। ਸਵੈ ਵਿਰੋਧੀ ਬਿਆਨ ਏਥੇ ਵੀ ਹੈ। ਬੇਬੇ ਕੋਲ ਗਹਿਣਿਆਂ ਦਾ ਘਾਟਾ ਨਹੀਂ ਸੀ। ਉਸਨੇ ਸ਼ਾਨ ਨਾਲ ਪੁੱਤਾਂ ਦੇ ਵਿਆਹ ਕੀਤੇ. ਧੀ ਵਿਆਹੀ। ਅਖੀਰ 'ਚ ਗੁਰਜੀਤ (ਧੀ) ਬੋਲਣਾ ਚਾਹੁੰਦੀ ਹੈ 'ਉਹ ਤਾਂ ਸਾਰੀ ਉਮਰ ਭੁੱਖ ਨੰਗ ਨਾਲ ਘੁਲਦੀ ਰਹੀ ਆ।'

'ਪਾਤਰ ਬੋਲ ਪਿਆ' ਕਹਾਣੀ ਘਰੇਲੂ ਸੰਤਾਪ ਦਰਮਿਆਨ ਬੱਚਿਆ ਦੇ ਮਨੋਵਿਗਿਆਨ ਨੂੰ ਪੇਸ਼ ਕਰਦੀ ਹੈ। ਹੋਸਟਲ ਵਿਹ ਮਿਲਣ ਗਈ ਮਾਂ ਪ੍ਰਤੀ ਬੱਚੇ ਦੀ ਇਕਦਮ ਪੈਦਾ ਹੋਈ ਬੇਰੁਖੀ ਦੀ ਸਮਝ ਨਹੀਂ ਲਗਦੀ। ਕਹਾਣੀ ਦੀ ਚਾਲ ਵੀ ਉਲਝਾਊ ਹੈ। ਜ਼ਿਆਦਾ ਵਿਸਥਾਰ ਤੇ ਬੇਲੋੜੇ ਵੇਰਵੇ ਕਹਾਣੀ ਦੀ ਚਾਲ ਨੂੰ ਸੱਟ ਵੀ ਮਾਰਦੇ ਨੇ ਤੇ ਪਾਠਕ ਦਾ ਧਿਆਨ ਉਚਾਟ ਵੀ ਕਰਦੇ ਨੇ। ਬਹੁਤੀਆਂ ਗੱਲਾਂ ਪਾਠਕ ਨੂੰ ਸਮਝਾਉਣੀਆਂ ਉਸਦੀ ਬੁੱਧੀ ਉਤੇ ਸ਼ੱਕ ਕਰਨਾ ਹੈ।

**—ਤਲਵਿੰਦਰ ਸਿੰਘ**

## ਅੰਗ ਤਰੇੜਾਂ ਪਈਆਂ/ਇਕਬਾਲ ਕੈਸਰ

'ਅੰਗ ਤਰੇੜਾਂ ਪਈਆਂ,' ਲਹਿੰਦੇ ਪੰਜਾਬ ਦੇ ਨੌਜਵਾਨ ਪੰਜਾਬੀ ਸ਼ਾਇਰ ਇਕਬਾਲ ਕੈਸਰ ਦੀਆਂ ਨਜ਼ਮਾਂ ਦਾ ਨਵਾਂ ਮਜਮੂਆ ਹੈ। ਕੈਸਰ, ਲਾਹੌਰ ਦੇ ਅਦਬੀ ਹਲਕਿਆਂ ਵਿਚ ਇਕ ਪਤਰਕਾਰ, ਤੇ ਰੇਡੀਓ ਕਲਾਕਾਰ ਵਜੋਂ ਪੰਜਾਬੀ ਜ਼ੁਬਾਨ, ਰਹਿਤਲ ਤੇ ਇਤਿਹਾਸ ਨਾਲ ਜੁੜਿਆ ਉਦਮੀ ਸ਼ਖਸ਼ ਹੈ, ਜਿਸਦੀਆਂ ਸਰਗਰਮੀਆਂ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਸੰਗ੍ਰਹਿ ਤੋਂ ਪਹਿਲਾਂ ਵੀ ਕੈਸਰ ਦੀਆਂ ਇੱਕਾ-ਦੁੱਕਾ ਪੰਜਾਬੀ ਕਾਵਿ-ਰਚਨਾਵਾਂ ਛਪ ਚੁੱਕੀਆਂ ਹਨ। ਕੰਵਰ ਇਮਤਿਆਜ਼ ਦੇ ਉਦਮ ਨਾਲ ਕੁਝ ਦੇਰ ਪਹਿਲਾਂ ਉਸ ਦੀਆ ਲਿਖੀਆਂ ਪੰਜਾਬੀ ਬੋਲੀਆਂ ਦਾ ਪੰਜਾਬੀ ਲਿਪੀ ਵਿਚ ਹੋਇਆ ਰੂਪਾਂਤਰਣ ਪੜ੍ਹਣ ਦਾ ਮੌਕਾ ਮਿਲਿਆ ਸੀ।

ਇਕਬਾਲ ਕੈਸਰ ਦੀ ਸ਼ਾਇਰੀ ਦੇ ਦੋ ਮੁੱਖ ਪ੍ਰੇਰਨਾ-ਸਰੋਤ ਹਨ। ਉਹ ਪੰਜਾਬ ਦੇ ਲੋਕ-ਵਿਰਸੇ ਤੋਂ ਵੀ ਉਤਸ਼ਾਹ ਲੈਂਦਾ ਹੈ ਤੇ ਸੂਫੀ ਕਾਵਿ—ਤੋਂ ਵੀ। ਇਸੇ ਕਾਰਨ ਉਹ ਪੰਜਾਬੀ ਪਾਠਕਾਂ ਨਾਲ ਆਸਾਨੀ ਨਾਲ ਜੁੜ ਜਾਂਦਾ ਹੈ। 'ਅੰਗ ਤਰੇੜਾਂ ਪਈਆਂ' ਦੀਆਂ ਨਜ਼ਮਾਂ ਮੂਲ ਰੂਪ ਵਿਚ ਵਿਛੋੜੇ ਦੇ ਦਰਦ ਨੂੰ ਪ੍ਰਗਟ ਕਰਦੀਆਂ ਹਨ ਤੇ ਇਹਨਾਂ ਉੱਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਅਸਰ ਪ੍ਰਤੱਖ ਰੂਪ ਵਿਚ ਤੱਕਿਆ ਜਾ ਸਕਦਾ ਹੈ।

ਸ਼ਾਹ ਹੁਸੈਨਾ ਸਾਡੇ ਅੱਖੀਂ ਡੋਰੇ
ਅਤੇ ਫੁੱਟ ਫੁੱਟ ਪੈਂਦੀਆਂ ਪੀੜਾਂ
ਚਾਨਣ ਦੇ ਅਸਾਂ ਫਾਹੇ ਬੱਧੇ
ਉੱਤੇ ਲੈ ਸੂਰਜ ਦੀਆਂ ਲੀਰਾਂ (ਪੰਨਾ—26).

ਲੋਕ-ਸਾਹਿਤ ਦੇ ਗੁੰਮਨਾਮ ਸਿਰਜਣਹਾਰੇ ਅਤੇ ਸੂਫੀ ਦਰਵੇਸ਼ ਵੀ ਆਪਣੇ ਆਪਣੇ ਸਮੇਂ ਦੇ ਲੋਕਾਂ ਦੀਆਂ ਔਕੜਾਂ ਤੇ ਤਕਲੀਫ਼ਾਂ ਤੋਂ ਬਿਲਕੁਲ ਬੇਨਿਆਜ਼ ਨਹੀਂ ਮਨ ਰਹਿੰਦੇ। ਕਿਸੇ ਵੀ ਚੇਤੰਨ ਕਵੀ ਲਈ ਆਪਣੇ ਦੌਰ ਦੇ ਲੋਕ ਦਰਦ ਤੋਂ ਨਿਰਲੇਪ ਰਹਿੰਣਾ ਮੁਮਕਿਨ ਵੀ ਨਹੀਂ ਹੈ। ਵਿਰਸੇ ਤੋਂ ਪ੍ਰੇਰਨਾ ਲੈਂਦੇ ਹੋਏ ਸਾਨੂੰ ਆਪਣੇ ਸਮੇਂ ਦੀਆਂ ਸਭਿਆਚਾਰਕ, ਸਮਾਜੀ ਤੇ ਰਾਜਸੀ ਚਣੌਤੀਆਂ ਤੇ ਫਿਕਰਾਂ ਪ੍ਰਤੀ ਜਗਰੂਪ ਹੋਣ ਨਾਲ ਹੀ ਅਜੋਕੇ ਦੌਰ ਦੇ ਸਾਹਿਤਕ ਤਕਾਜ਼ਿਆਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਕੈਸਰ ਦੀਆ ਨਿੱਕੀਆਂ ਨਜ਼ਮਾਂ ਵਿਚ ਸਮਕਾਲੀ ਹਾਲਾਤ ਦਾ ਅਕਸ ਨਜ਼ਰੀਂ ਪੈਂਦਾ ਹੈ।

ਅਸੀਂ ਕੱਲ੍ਹ ਵੀ ਕੈਦਾਂ ਕੱਟੀਆਂ
ਅਸੀਂ ਅੱਜ ਵੀ ਬੰਦੀਵਾਨ।
ਅਸਾਂ ਅਤਿ ਸਜ਼ਾਵਾਂ ਭੋਗੀਆਂ
ਅਸੀਂ ਜੇਲ੍ਹਾਂ ਦੇ ਸੁਲਤਾਨ। ਪੰਨਾ-20

ਉਹ ਸਮਾਜਕ ਤਬਦੀਲੀ ਬਾਰੇ ਚੇਤੰਨ ਤਾਂ ਹੈ, ਪਰ ਉਸ ਵਿਚ ਉਦਾਸੀ ਦਾ ਰੰਗ ਏਨਾ ਗੂਹੜਾ ਹੈ ਕਿ ਉਸ ਦੀ ਕਾਵਿ-ਰਚਨਾ ਦਾ ਸਮੁੱਚਾ ਪ੍ਰਭਾਵ ਦਰਦ ਦੇ ਰੰਗ ਵਿਚ ਰੰਗਿਆ ਪ੍ਰਤੀਤ ਹੁੰਦਾ ਹੈ। ਉਸਦੀ ਕਵਿਤਾ 'ਚ ਤਰੱਕੀ ਪਸੰਦ ਸ਼ਾਇਰੀ ਦੀਆਂ ਪੈੜਾਂ ਵੀ ਉਕਰੀਆਂ ਮਿਲਦੀਆਂ ਹਨ।

ਫਿਰ ਮੁੱਕਣੇ ਪਾਲੇ 'ਨੇਰ ਦੇ, ਜਦ ਸੂਰਜ ਚੜ੍ਹਨਾ
ਇਹ ਚੁੱਪਾਂ ਜਿਸ ਦਿਨ ਟੁੱਟਣਾ, ਲਲਕਾਰੇ ਬਣਨਾ



ਰੱਬ ਜਾਣੇ ਕਿਹੜੇ ਵਾਰ ਨੂੰ ਇਹ ਹੋਣੈ ਦੰਗਲ
ਅੱਜ ਬਹੁੜ ਦਰਦੀਆ, ਬਹੁੜ ਵੇ, ਸਾਡੇ ਪੈਰੀਂ ਸੰਗਲ

ਇਕਬਾਲ ਕੈਸਰ ਵੀ ਸ਼ਾਇਰੀ ਸੰਗੀਤਕ ਰੰਗ ਵਿਚ ਰੰਗੀ ਹੋਈ ਹੈ। ਆਸ ਹੈ ਉਹ ਆਪਣੀਆਂ ਭਵਿੱਖੀ ਰਚਨਾਵਾਂ ਵਿਚ ਆਪਣੇ ਦੇਸ਼ ਦੇ ਲੋਕਾਂ ਦੇ ਦਰਦ ਨਾਲ ਆਪਣੇ ਰਿਸ਼ਤੇ ਨੂੰ ਹੋਰ ਗਹਿਰਾ ਵਿਸ਼ਾਲ ਤੇ ਪਕੇਰਾ ਕਰਦਾ ਹੋਇਆ ਸਮੇਂ ਦੇ ਤਕਾਜ਼ਿਆਂ ਨੂੰ ਪੂਰਾ ਕਰੇਗਾ। (ਹ.ਸ.ਹ.)

## ਸ਼ਬਦ ਰਹਿਣਗੇ ਕੋਲ/ਅਮਰਜੀਤ ਕੌਂਕੇ

ਅਮਰਜੀਤ ਕੌਂਕੇ ਦਾ ਸੱਜਰਾ ਕਾਵਿ-ਸੰਗ੍ਰਹਿ 'ਸ਼ਬਦ ਰਹਿਣਗੇ ਕੋਲ' ਕੋਹਜ ਅਤੇ ਕਰੂਪਤਾ ਵਲ ਪਿੱਠ ਕਰਕੇ ਜੀਵਨ ਦੇ ਸੋਹਜ ਵਲ ਤੁਰਨ ਦਾ ਸੁਚੇਤ ਜਤਨ ਹੈ। ਇਸ ਤੋਂ ਪਹਿਲਾਂ ਉਹ ਅਵਿਸ਼ਵਾਸ ਅਤੇ ਅੰਤਰ-ਵਿਰੋਧ ਦੀ ਦਲਦਲ ਵਿਚ ਫਸਿਆ ਛਟਪਟਾ ਰਿਹਾ ਸੀ, ਪਰ ਹੁਣ ਵਿਸ਼ਵਾਸ ਅਤੇ ਅੰਤਰ-ਸਬੰਧ ਦੀ ਸਰਸ਼ਾਰੀ 'ਚ ਰੰਗਾਂ ਤੇ ਖੰਭਾਂ ਨੂੰ ਪੈਲ ਪਾਉਂਦੇ, ਗੀਤ ਗਾਉਂਦੇ ਵੇਖਦਾ, ਸੁਣਦਾ ਅਤੇ ਮਾਣਦਾ ਨਜ਼ਰ ਆਉਂਦਾ ਹੈ।

ਧੁੱਪ, ਖੁਸ਼ਬੂ ਅਤੇ ਚਾਂਦਨੀ ਦੇ ਪ੍ਰਵੇਸ਼ ਨਾਲ ਕਵੀ ਦੀਆਂ ਪਖ਼ ਸੰਵੇਦਨਾਵਾਂ ਪਿਘਲਕੇ ਹਨੇਰੇ ਕਮਰੇ 'ਚੋਂ ਬਾਹਰ ਨਿਕਲ ਤੁਰੀਆਂ ਹਨ। ਜਿਥੇ ਉਸ ਨੂੰ ਫੱਲਾਂ ਨਾਲ ਭਰੀ ਹੋਈ ਧਰਤੀ ਦਾ ਦੀਦਾਰ ਹੁੰਦਾ ਹੈ।

ਅਤੀਤ ਵਿਚ ਤਨ-ਮਨ 'ਤੇ ਹੰਢਾਈ ਪਿਆਸ, ਉਦਾਸੀ ਅਤੇ ਤਨਹਾਈ ਦੀ ਧੁੰਦ ਮੁਹੱਬਤ ਦੇ ਸਪਰਸ਼-ਮਾਤਰ ਨਾਲ ਹੀ ਛਟ ਗਈ ਪ੍ਰਤੀਤ ਹੁੰਦੀ ਹੈ। ਇਬਾਦਤ ਦੀ ਪੱਧਰ 'ਤੇ ਪਹੁੰਚੀ ਪਿਆਸ ਦੀ ਕੁੱਖ 'ਚੋਂ ਹੀ ਜਿਵੇਂ ਮਿੱਠੇ ਚਸ਼ਮੇ ਦਾ ਜਨਮ ਹੋਇਆ ਹੈ। ਸਚਮੁੱਚ ਪਤਾ ਹੀ ਨਹੀਂ ਲਗਦਾ ਕਿ ਕਦ ਨਵਾਂ ਰਿਸਤਾ ਕਾਇਮ ਹੋ ਜਾਂਦਾ ਹੈ ਤੇ ਸਾਹਾਂ ਤੋਂ ਵੀ ਜ਼ਰੂਰੀ ਜਾਪਣ ਲਗ ਪੈਂਦਾ ਹੈ।

'ਫਰਕ' ਨਾ ਦੀ ਨਜ਼ਮ ਵਿਚ ਫਰਕ ਦਾ ਭੁਲੇਖਾ ਪੈਂਦਾ ਹੈ। ਔਰਤ ਅੰਦਰਲੀ 'ਦੂਸਰੀ ਔਰਤ' ਦਾ ਇਹਤਰਾਮ ਨਾ ਕਰਕੇ ਵੀ ਮਰਦ ਦੀ ਕਾਮ-ਲਿਪਸਾ ਦੀ ਨਜ਼ੀਰ ਪੇਸ਼ ਹੁੰਦੀ ਹੈ। ਆਦਤ ਬਣੀ ਔਰਤ ਵੀ ਤਾਂ ਮੁਹੱਬਤ ਦੀ ਤੌਹੀਨ ਹੈ। 'ਬਰਸਾਤ' ਅਤੇ 'ਧਰਤੀ ਤੇ ਘੋੜੇ' ਵੀ ਕੋਈ ਸ਼ਰੇਸ਼ਠ ਸਰੋਕਾਰ ਵਾਲੀਆਂ ਨਜ਼ਮਾਂ ਨਹੀਂ ਹਨ। ਹਾਂ, 'ਰਿਸ਼ਤਾ' ਭਾਵਨਾਤਮਕ ਸਰੋਕਾਰ ਵਾਲੀ ਉੱਤਮ ਰਚਨਾ ਹੈ। 'ਸਵੇਰ' ਤੋਂ ਬਾਦ ਦੀਆਂ ਰਚਨਾਵਾਂ ਦੇ ਸਰੋਕਾਰ ਸਾਰਥਕ ਕਹੇ ਜਾ ਸਕਦੇ ਹਨ। ਉਨ੍ਹਾਂ ਵਿਚਾਲੇ ਥੀਮ ਦੀ ਉੱਚਤਾ ਸੁੱਚਤਾ ਤੇ ਵੰਨ-ਸੁਵੰਨਤਾ ਸਰਾਹਣ-ਯੋਗ ਹੈ।

ਕਿਉਂਕਿ ਕਵਿਤਾ ਨੇ ਆਖਿਰਕਾਰ ਸਾਰਵਜਨਕ ਹੋਣਾ ਹੁੰਦਾ ਹੈ। ਸਮਾਜਕ ਕਦਰਾਂ-ਕੀਮਤਾਂ, ਮਾਨਤਾਵਾਂ ਤੇ ਮਰਿਯਾਦਾਵਾਂ ਦੇ ਪਾਲਨ ਦੀ ਉਸ ਪਾਸੋਂ ਆਸ ਕਰਨੀ ਬਣਦੀ ਹੈ। ਕਿਉਂਕਿ ਅਦੀਬ, ਆਮ ਲੋਕਾਂ ਵਰਗੇ ਹੁੰਦੇ ਹੋਏ ਵੀ, ਸਾਧਾਰਣ ਨਹੀਂ ਹੁੰਦੇ : ਉਨ੍ਹਾਂ ਦਾ ਮਾਨਸਿਕ ਤੇ ਭਾਵਨਾਤਮਕ ਪੱਧਰ ਹੀ ਨਹੀਂ, ਨੈਤਿਕ ਪੱਧਰ ਵੀ ਆਮ ਲੋਕਾਂ ਨਾਲੋਂ ਉਚੇਰਾ ਸਮਝਿਆ ਜਾਂਦਾ ਹੈ। ਆਮ ਲੋਕ ਜੇ ਕਦਰਾਂ ਦੀ ਪਰਵਾਹ ਨਹੀਂ ਵੀ ਕਰਦੇ ਤਾਂ ਕੋਈ ਨਹੀਂ ਗੌਲਦਾ। ਲੇਕਿਨ ਵਿਦਵਾਨ ਅਤੇ ਅਦੀਬ, ਜਿਨ੍ਹਾਂ ਕੋਲੋਂ ਉੱਚੇ ਆਚਰਣ ਅਤੇ ਸਮਾਜ ਦੇ ਮਾਰਗ-ਦਰਸ਼ਨ ਦੀ ਤਵੱਕੋ ਕੀਤੀ ਜਾਂਦੀ ਹੈ, ਜੇ ਕੋਈ ਗਲਤ ਸੰਕੇਤ ਦਿੰਦੇ ਹਨ ਤਾਂ ਇਸ ਦਾ ਗੰਭੀਰ ਨੋਟਿਸ ਲਿਆ ਜਾਂਦਾ ਹੈ।

ਅਮਰਜੀਤ ਕੌਂਕੇ, ਨਵੀਂ ਪੰਜਾਬੀ ਕਵਿਤਾਵਾਂ 'ਚ ਬਿਹਤਰ ਸੰਭਾਵਨਾਵਾਂ ਵਾਲਾ ਸ਼ਬਦ-

ਸ਼ਿਲਪੀ ਹੈ, ਸਥਾਪਤੀ ਦੀ ਦੌੜ ਵਿਚ ਸਮਾਜਕ ਸਰੋਕਾਰ ਕਵੀ ਲਈ ਕਤਈ ਬਾਧਕ ਨਹੀਂ ਹੋ ਸਕਦੇ। ਇਸ ਲਈ ਸਮਾਜਕ ਸਰੋਕਾਰਾਂ ਦੀ ਉਪੇਕਸ਼ਾ ਕਰਕੇ ਤੁਰਨ ਦੀ ਬਜਾਏ, ਨਾਲ ਲੈ ਕੇ ਤੁਰੇ, ਤਾਂ ਹੀ ਉਸ ਦੀ ਪ੍ਰਤਿਭਾ ਪਰਵਾਨ ਚੜ੍ਹੇਗੀ। ਮੇਰੀ ਦੁਆ ਹੈ ਕਿ ਉਹ ਨਵੀਂ ਪੰਜਾਬੀ ਕਵਿਤਾ ਦੇ ਮਹਿਬੂਬ ਸ਼ਾਇਰ ਵਜੋਂ ਜਾਣਿਆ ਜਾਵੇ। ਸ਼ਿਲਪ ਦੀ ਜੋ ਸਰਲ ਜਾਦੂਗਰੀ ਉਸ ਦੀ ਕਲਮ ਵਿਚ ਹੈ ਉਸਦੇ ਅਸੀਂ ਕਾਇਲ ਹਾਂ।

ਕੁਝ ਮਿਲਾ ਕੇ, ਇਸ ਪੁਸਤਕ ਵਿਚ ਕੌਂਕੇ ਦਾ ਮੁੱਖ ਸਰੋਕਾਰ 'ਕਵੀ' ਵਾਲਾ ਹੈ, 'ਆਮ ਆਦਮੀ' ਵਾਲਾ ਨਹੀਂ। ਇਹ ਪੁਸਤਕ ਥੀਮ ਤੇ ਸ਼ਿਲਪ ਪੱਖੋਂ ਉਸ ਦੀਆਂ ਪੂਰਵ-ਵਰਤੀ ਕ੍ਰਿਤੀਆ ਨਾਲੋਂ ਨਿਆਰੀ ਅਤੇ ਬੋਲਡ ਹੈ।

—ਪ੍ਰੇਮ ਸਾਹਿਲ

---

(ਸਫ਼ਾ 68 ਦੀ ਬਾਕੀ)

ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਰ ਜਿਹਾ ਹਾਸਾ
(ਸਾਡੇ ਸਮਿਆਂ ਵਿਚ, ਇਨਕਾਰ, ਪੰਨਾਂ 0)

'ਜ਼ਿੰਦਗੀ ਨੂੰ ਸਿੱਧਾ ਹੋ ਕੇ ਟੱਕਰੇ' ਪਾਸ਼ ਲਈ ਕਵਿਤਾ ਨਾ ਮਹਿਜ ਸ਼ਬਦ-ਕਲੋਲ ਸੀ, ਨਾ ਯਥਾਰਥ ਦੇ ਪ੍ਰਗਟਾਅ ਦਾ ਵਾਹਨ-ਮਾਤਰ। ਸਮਕਾਲੀ ਯਥਾਰਥ ਨੂੰ ਸਮਝਣ-ਸਮਝਾਉਣ ਦੇ ਨਾਲ ਨਾਲ ਉਹ ਇਸਨੂੰ ਕ੍ਰਾਂਤੀਕਾਰੀ ਰੁਖ 'ਚ ਬਦਲਣ ਲਈ ਚਿੰਤਾਤੁਰ ਸੀ। ਇਸ ਕੰਮ ਲਈ ਉਸਨੇ ਕਵਿਤਾ ਤੋਂ ਬਹੁਤ ਵੱਡੀ ਤਵੱਕੋ ਕੀਤੀ। 'ਕਵਿਤਾ ਸਾਰੇ ਮਸਲਿਆਂ ਦਾ ਹੱਲ ਨਹੀਂ ਹੁੰਦੀ,' ਅਤੇ 'ਹਥਿਆਰਾਂ ਦੀ ਦਹਿਸ਼ਤ ਅੱਗੇ ਕਵਿਤਾ ਬਹੁਤ ਨਸੱਤੀ' ਹੁੰਦੀ ਹੈ. ਇਹ ਜਾਣਦੇ ਹੋਏ ਵੀ ਪਾਸ਼ ਨੇ ਕਵਿਤਾ ਨੂੰ ਖਾਮੋਸ਼ ਹੋਣ ਤੋਂ ਬਚਾਈ ਰੱਖਿਆ। ਸਰਕਾਰੀ ਅਤੇ ਖਾੜਕੂ ਆਤੰਕ ਦੇ ਦਿਨਾਂ ਵਿਚ ਵੀ ਉਸਨੇ 'ਧਰਮ ਦੀਕਸ਼ਾ ਲਈ ਬਿਨੈ-ਪੱਤਰ' ਅਤੇ 'ਬੇਦਖਲੀ ਲਈ ਬਿਨੈ-ਪੱਤਰ' ਵਰਗੀਆਂ ਬੁਲੰਦ ਆਵਾਜ਼ ਵਾਲੀਆਂ ਕਵਿਤਾਵਾਂ ਲਿਖੀਆਂ। ਪਾਸ਼ ਦੇ ਹੱਥਾਂ ਵਿਚ ਕਵਿਤਾ ਲੋਹੇ ਦੀਆਂ ਜੰਜੀਰਾਂ ਅਤੇ ਲੋਹੇ ਦੇ ਹਥਿਆਰਾਂ ਨਾਲੋਂ ਵੱਧ ਖਤਰਨਾਕ ਸੀ। ਇਹ ਗੱਲ ਉਸਦੇ ਵਿਰੋਧੀ ਵਧੇਰੇ ਚੰਗੀ ਤਰ੍ਹਾਂ ਜਾਣਦੇ ਸਨ। ਸ਼ਾਇਦ ਏਸੇ ਲਈ ਉਹਨਾਂ ਨੇ 'ਲੋਹੇ ਦੀ ਕਵਿਤਾ' ਦਾ 'ਲੋਹੇ ਦੇ ਹਥਿਆਰਾਂ' ਨਾਲ 'ਸਨਮਾਨ' ਕੀਤਾ। ਪਾਸ਼ ਆਪਣੀ ਹੋਣੀ ਲਈ ਬੇਖਬਰ ਨਹੀਂ ਸੀ। ਉਸਨੇ ਖੁਦ ਕਿਹਾ ਸੀ, 'ਯੁੱਗ ਨੂੰ ਪਲਟਾਉਣ ਵਿਚ ਮਸਰੂਫ ਲੋਕ, ਬੁਖਾਰ ਨਾਲ ਨਹੀਂ ਮਰਦੇ' ਆਪਣੇ ਹਿੱਸੇ ਦੀ ਕਟਾਰ ਉਸਨੇ ਖੁਦ ਮੰਗੀ ਸੀ। ਫ਼ਾਸਿਸਟਾਂ ਹੱਥੋਂ ਸ਼ਹੀਦ ਹੋਏ ਲੋਕਾਂ ਵਾਂਗ ਪਾਸ਼ ਦੀ ਸ਼ਹਾਦਤ ਨੇ ਦਹਿਸ਼ਤਗਰਦਾ ਦੇ ਨਾਪਾਕ ਇਰਾਦਿਆਂ ਦਾ ਭਾਂਡਾ ਚੁਰਾਹੇ ਵਿਚ ਭੰਨ ਦਿੱਤਾ ਹੈ। ਪਾਸ਼ ਨਹੀਂ ਰਿਹਾ, ਪਰ ਪਿੱਛੇ ਰਹਿ ਗਈ ਉਸਦੀ ਕਵਿਤਾਂ 'ਧਰਮ-ਪੁੱਤਰਾਂ' ਤੇ ਨਾਪਾਕ ਸਿਆਸਤ ਦਾ ਮੂੰਹ ਚਿੜਾਉਂਦੀ ਹੈ। ਚੁੱਪ ਹੋ ਗਏ ਪਾਸ਼ ਦੀ ਕਵਿਤਾ ਹੋਰ ਵੀ ਮੁਖਰ ਹੋ ਗਈ ਹੈ :

ਸਭ ਤੋਂ ਖਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ ਹੈ।
(ਲੜਾਂਗੇ ਸਾਥੀ-ਪੰਨਾ 97) ●



## ਖਿਆਲ ਆਪੋ ਆਪਣਾ

○ ਜੁਲਾਈ-ਸਤੰਬਰ 9? ਦੇ 'ਚਿਰਾਗ' ਅੰਕ ਵਿਚ ਹੁੰਦਲ ਹੋਰਾਂ ਦਾ 'ਸਾਦਿਕ ਦਾ ਸਿਦਕ' ਪੜ੍ਹਿਆ। ਇਕ ਪਾਠਕ ਦੇ ਤੌਰ ਤੇ ਅਤੇ ਦੂਸਰਾ ਸਾਦਿਕ ਦੇ ਨਾਲ ਚਰੋਕੀ ਸਿਆਸੀ ਸਾਂਝ ਕਰਕੇ। ਕੁੱਝ ਨੁਕਤੇ ਜੋ ਤੁਸੀਂ ਉਠਾਏ ਹਨ ਸਪੱਸ਼ਟਤਾ ਮੰਗਦੇ ਹਨ। ਤੁਸੀਂ ਸਾਦਿਕ ਹੋਰਾਂ ਦੀਆਂ ਸਾਹਿਤਕ ਰਚਨਾਵਾਂ ਦਾ ਜ਼ਿਕਰ ਕ:ਦੇ ਹੋਏ ਸਾਦਿਕ ਦੀਆਂ ਬਾਕੀ ਸਰਗਰਮੀਆਂ ਤੇ ਕਿੰਤ ਕੀਤਾ ਹੈ। ਚੰਗਾ ਤਾਂ ਇਹ ਹੁੰਦਾ ਕਿ ਸਾਦਿਕ ਦੀ ਸਾਹਿਤ ਰਚਨਾ, ਉਸ ਦੀਆਂ ਰਾਜਸੀ ਸਰਗਰਮੀਆਂ ਅਤੇ ਇਹਨਾਂ ਦੀ ਪਰਸਪਰ ਸਾਂਝ-ਵਿਰੋਧ ਦਾ ਲੇਖਾ ਕੀਤਾ ਜਾਂਦਾ। ਤੁਸੀਂ ਖ਼ੁਦ ਮੰਨਿਆ ਹੈ ਕਿ ਤੁਸੀਂ ਸਾਦਿਕ ਨੂੰ ਪੂਰਾ ਪੜ੍ਹਿਆ ਨਹੀਂ ਪਰ ਕੁਝ ਚਜਵੇਂ ਅਚਜਵੇਂ ਵਿਚਾਰ ਲਿਖ ਕੇ ਇਹ ਕਹਿਣ ਦੀ ਕੋਸ਼ਸ਼ ਕੀਤੀ ਹੈ ਕਿ ਇਸ ਖੇਤਰ ਵਿਟ ਸਾਦਿਕ ਦਾ ਸਿੱਕਾ ਸ਼ਾਇਦ ਲੇਖਕਾਂ ਵਿਚ ਜੰਮਿਆ ਨਹੀਂ। ਮੇਰੇ ਖਿਆਲ ਵਿਚ ਸਾਦਿਕ ਨੇ ਕਦੀ ਵੀ ਕੋਈ ਰਚਨਾ ਸਿੱਕਾ ਜਮਾਉਣ ਲਈ ਨਹੀਂ ਕੀਤੀ ਸਗੋਂ ਉਸ ਦਾ ਜੀਵਨ ਅਤੇ ਸਾਹਿਤ ਰਚਨਾ ਲੋਕਾਂ ਦੇ ਸੰਘਰਸ਼ ਨੂੰ ਅਰਪਤ ਹੈ। ਉਹ ਸਾਹਿਤ ਨੂੰ ਕਲਿਆਣ-ਕਾਰੀ ਰਾਜਨੀਤੀ ਨਾਲੋਂ ਜੁਦਾ ਨਹੀਂ ਦੇਖਦਾ। ਇਹੀ ਸਾਦਿਕ ਦੀ ਵਿਸ਼ੇਸ਼ਤਾ ਹੈ ਇੰਗਲੈਂਡ ਦੇ ਬਾਕੀ ਲੇਖਕਾਂ ਨਾਲੋਂ। ਉਹ ਆਪਣੀ ਮਾਰਕਸਵਾਦੀ ਵਚਨ ਬੱਧਤਾ ਕਰਕੇ ਹੀ ਲਿਖਦਾ ਹੈ ਤਾਂ ਕਿ ਚੇਤਨਤਾ ਦੇ ਸੰਚਾਰ ਨਾਲ ਲੋਕ ਅਮਲੀ ਤੌਰ ਤੇ ਜਥੇਬੰਧਕ ਰੂਪ ਵਿਚ ਸਮਾਜਵਾਦ ਵਲ ਨੂੰ ਆਪਣੇ ਕਦਮ ਉਠਾਉਣ।

ਸਾਦਿਕ ਆਪਣੀ ਇਸ ਵਚਨ-ਬੱਧਤਾ ਕਰਕੇ ਹੀ ਭਾਰਤੀ ਮਜਦੂਰ ਸਭਾ ਅਤੇ ਭਾਰਤੀ ਕਮਿਊਨਿਸਟ ਸਭਾ ਦਾ ਆਗੂ ਹੈ। ਹਾਂ ਇਹ ਤਗਮੇਂ ਕਿਸੇ ਹੋਰ ਵਲੈਤੀ ਲੇਖਕ ਨੂੰ ਨਹੀਂ ਮਿਲੇ। ਕਈ ਹੋਰ ਲੇਖਕ ਪਰਗਤੀ ਸ਼ਾਲੀ ਹੋਣ ਦੇ ਦਾਅਵੇ ਬੰਨ੍ਹਦੇ ਹਨ ਅਤੇ ਸਿਰਫ ਲਿਖਾਰੀ ਸਭਾਵਾਂ ਵਿਚ ਜਾਂ ਸਨਮਾਨ ਸਮਾਗਮਾਂ ਵਿਚ ਇਕ ਦੂਸਰੇ ਨੂੰ ਸਨਮਾਨ ਕਰਨ ਤਕ ਹੀ ਰੁੱਝੇ ਰਹਿੰਦੇ ਹਨ। ਜਿਨ੍ਹਾਂ ਲਈ ਉਹ ਲਿਖਣ ਦਾ ਦਾਅਵਾ ਕਰਦੇ ਹਨ ਉਨ੍ਹਾਂ ਨਾਲ ਇਹਨਾਂ ਲੇਖਕਾਂ ਦਾ ਨਾਂ-ਮਾਤਰ ਵਾਸਤਾ ਵੀ ਨਹੀਂ ਹੁੰਦਾ। ਮੈਂ ਇੰਗਲੈਂਡ ਦੇ ਲੇਖਕਾਂ ਬਾਰੇ ਇਹ ਦਾਅਵੇ ਨਾਲ ਕਹਿ ਸਕਦਾ ਹਾਂ। ਨੂਰ ਅਤੇ ਢੰਡ ਵਰਗੇ ਲੇਖਕ ਵੀ ਸਟੇਜ ਤੇ ਬਹਿਣਾ ਹੀ ਪਸੰਦ ਕਰਦੇ ਰਹੇ ਅਤੇ ਜਦੋਂ ਵੀ ਸਟੇਜ ਤੋਂ ਲੱਥੇ ਤਾਂ ਭੰਬਲ ਭੂਸਿਆਂ 'ਚ ਹੀ ਪਏ ਰਹੇ।

ਪੰਜਾਬੀ ਸਾਹਿਤ ਅਤੇ ਰਚਨਾਵਾਂ ਦੀ ਉਮਰ ਅਜੇ ਬਹੁਤ ਛੋਟੀ ਹੈ। ਰੂਪ ਤੇ ਵਿਸ਼ੇ ਦੀ ਏਕਤਾ, 'ਉਚਤਮ ਕਲਾਤਮਿਕ ਸੰਪੂਰਣਤਾ' ਦੀ ਪਰਾਪਤੀ ਅਜੇ ਦੂਰ ਦੀ ਗਲ ਹੈ। ਅਜੇ ਤਾਂ ਲੇਖਕ ਸਿਰਫ ਸਿਕਾ ਜਮਾਉਣ ਲਈ ਹੀ ਲਿਖਦੇ ਹਨ, ਲੋਕ ਸੰਘਰਸ਼ਾਂ ਨੂੰ ਤਿੱਖਾ ਕਰਨ ਲਈ ਨਹੀਂ। ਪਰਗਤੀਸ਼ੀਲ ਰਚਨਾਵਾਂ ਰਾਜਸੀ ਅਤੇ ਸਮਾਜਕ ਸੰਘਰਸ਼ਾਂ ਦੇ ਪਰਭਾਵ ਥੱਲੇ ਹੀ ਵਿਚਾਰਧਾਰਕ ਦਖਲਅੰਦਾਜ਼ੀ ਕਰਨ ਦੇ ਯੋਗ ਹੋ ਸਕਦੀਆਂ ਹਨ। ਗੋਰਕੀ ਅਤੇ ਗਰਾਮਸ਼ੀ ਵਖਰੇ ਸਮਿਆਂ ਦੀ ਪਰਗਤੀ ਅਤੇ ਉਹਨਾਂ ਪਰਤੀ ਵਚਨ-ਬੱਧਤਾ ਦੇ ਵੱਖ-ਵੱਖ ਪਰ ਇਕ ਲੜੀ ਦੇ ਦੋ ਨਮੂਨੇ ਹਨ। ਇਕ ਹੋਰ ਗੱਲ 'ਸਾਦਿਕ ਦਾ ਛੋਟਾ ਜਿਹਾ ਪਰਵਾਰ ਹੈ। ਪਤਨੀ ਅਤੇ ਸਵਾ ਲੱਖ ਪੁੱਤਰ।' ਤੁਸ਼ੀਂ ਕਹਿਣ ਦੀ ਕੋਸ਼ਸ਼ ਕਰ ਰਹੇ ਹੋ ਕਿ ਜੇ ਸਾਦਿਕ ਦਾ ਪਰਵਾਰ ਵੱਡਾ ਹੁੰਦਾ ਤਾਂ ਸ਼ਾਇਦ ਉਹ ਸਿਆਸੀ ਕੰਮਾਂ ਲਈ ਘਟ ਸਰਗਰਮ ਹੁੰਦਾ ਅਤੇ ਕਹਾਣੀਆਂ ਕਵਿਤਾਵਾਂ ਦੀ ਰਚਨਾ ਜ਼ਿਆਦਾ ਕਰਦਾ।

ਇਸ ਕੈਮਿਸਟਰੀ ਦੇ ਫਾਰਮੂਲੇ ਦੀ ਸਮਝ ਨਹੀਂ ਪੈਂਦੀ ਲਗਦੀ । ਪਰੇਰਨਾ ਦੇ ਸੋਮੇ, ਸਮਾਜੀ ਮਸ-ਲਿਆਂ ਦੀ ਸਮਝ, ਸਮਝ ਵਿਚੋਂ ਉਪਜੇ ਸੁਝਾਅ ਅਤੇ ਉਹਨਾਂ ਪ੍ਰਤੀ ਦਿਆਨਦਾਰੀ ਹੀ ਲੋਕਾਂ ਨੂੰ ਸੰਘਰਸ਼ ਵਿਚ ਕੁੱਦਣ ਲਈ ਪਰੇਰਤ ਕਰਦੀ ਹੈ । ਸਾਦਿਕ ਆਪਣੀ ਸਮਝ ਅਤੇ ਸਮਝ ਸਕਣ ਦੀ ਸਮਰੱਥਾ ਕਰਕੇ ਹੀ ਦਿਨ ਰਾਤ ਲਹਿਰ ਨਾਲ ਜੁੜਿਆ ਰਹਿੰਦਾ ਹੈ । ਉਸ ਨੂੰ ਫਿਕਰ ਹੁੰਦਾ ਹੈ ਕਿ ਕੋਈ ਪਰਗਤੀਸ਼ੀਲ ਲਿਖਾਰੀ ਕਿਧਰੇ 'ਦੇਸ਼ ਪਰਦੇਸ਼' ਦਾ ਅੰਮ੍ਰਿਤ ਨਾ ਛਕ ਲਵੇ ਅਤੇ ਫਿਰ ਬਾਕੀ ਕੱਕਿਆਂ ਵਲ ਨੂੰ ਤੁਰ ਪਵੇ । ਸਾਦਿਕ ਨੂੰ ਲੇਖਕਾਂ ਅਤੇ ਲੋਕਾਂ ਦੀ ਸਾਂਝ ਵਧਾਉਣ ਦਾ ਸਦਾ ਹੀ ਫਿਕਰ ਰਹਿੰਦਾ ਹੈ । ਤੁਸੀਂ 'ਚਿਰਾਗ' ਦੇ ਪਾਠਕਾਂ ਨੂੰ ਨਾਜ਼ਿਮ ਹਿਕਮਤ ਤੋਂ ਜਾਣੂ ਕਰਾਇਆ ਸੀ । ਸਾਦਿਕ ਨਾਜ਼ਿਮ ਹਿਕਮਤ ਦੇ ਦੇਸ਼ ਅਤੇ ਉਥੋ ਦੇ ਲੋਕ-ਸੰਘਰਸ਼ਾਂ ਨੂੰ 'ਦੇਸ਼ ਸੇਵਕ' ਦੇ ਪਾਠਕਾਂ ਨਾਲ ਸਾਂਝਾ ਕਰਨ ਵਿਚ ਰੁੱਝਿਆ ਹੋਇਆ ਹੈ । ਉਹ 'ਚਿਰਾਗ,' ਦੇਸ਼ ਸੇਵਕ, ਲੋਕ ਲਹਿਰ ਅਤੇ ਹੋਰ ਚੰਗਾ ਸਾਹਿਤ ਲੋਕਾਂ ਵਿਚ ਵੰਡਦਾ, ਵੇਚਦਾ ਸਾਹਿਤ ਦੀ ਵੀ ਸੇਵਾ ਕਰ ਰਿਹਾ ਹੈ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਵੀ ਪਾ ਰਿਹਾ ਹੈ ।

ਸਾਦਿਕ ਦੀ ਅਗਵਾਈ ਵਿਚ, ਬਾਕੀ ਸਾਥੀਆਂ ਦੀ ਮੇਹਨਤ ਅਤੇ ਲੋਕਾਂ ਦੇ ਸਹਿਯੋਗ ਨਾਲ 'ਬਾਬਾ ਸੋਹਣ ਸਿੰਘ ਭਕਨਾ ਭਵਨ' ਅਤੇ 'ਦੇਸ਼ ਸੇਵਕ' ਦਾ ਪਰਕਾਸ਼ਤ ਹੋਣਾ ਇਕ ਬਹੁਤ ਹੀ ਮਹਾਨ ਰਚਨਾ ਕਹੀ ਜਾ ਸਕਦੀ ਹੈ। ਇਹ ਕੇਂਦਰ ਅਗਾਂਹ ਵਧੂ ਲੇਖਕਾਂ, ਕਲਾਕਾਰਾਂ, ਰਾਜਸੀ, ਸਭਿਆਚਾਰਕ ਅਤੇ ਵਿਚਾਰਧਾਰਕ ਸੰਗਠਨਾਂ ਦੀ ਕਤਾਰਬੰਦੀ ਅਤੇ ਮੋਰਚਾਬੰਦੀ ਲਈ ਜੁਟ ਗਿਆ ਹੈ । ਸ਼ਾਇਦ ਹੀ ਕਿਸੇ ਹੋਰ ਲੇਖਕ ਨੇ ਇਸ ਤਰ੍ਹਾਂ ਦਾ ਰੋਲ ਨਿਭਾਇਆ ਹੋਵੇ । ਤੁਸੀਂ ਇਸ ਨੂੰ ਪੂਰੀ ਸੰਜੀਦਗੀ ਨਾਲ ਘੋਖਿਆ ਪਰਖਿਆ ਨਹੀਂ । ਸੁਰਜੀਤ ਗਿੱਲ 'ਚਿਰਾਗ' ਲੜੀ-4 ਵਿਚ ਸ਼ਾਦਿਕ ਦੀ ਕਿਤਾਬ 'ਸੂਲੀ ਟੰਗੀਆਂ ਸਾਂਝਾਂ' ਬਾਰੇ ਲਿਖਦਾ ਹੈ 'ਸਾਦਿਕ ਕਹਾਣੀਆਂ ਘੜਦਾ ਨਹੀਂ ਬਲਕਿ ਕਹਾਣੀਆਂ ਜਿਊਂਦਾ ਹੈ ।' ਸਾਦਿਕ ਰਾਜਨੀਤਕ ਵਿਸ਼ਿਆਂ ਨੂੰ ਸਾਹਿਤ ਦੇ ਘੇਰੇ ਵਿਚ ਵਿਆਖਣ ਦੀ ਕੋਸ਼ਸ਼ ਕਰਦਾ ਹੈ । "ਮਾਰਕਸਵਾਦ ਮਜ਼ਦੂਰ ਵਰਗ ਦੀ ਵਿਚਾਰਧਾਰਾ ਹੈ ਅਤੇ ਇਸ ਦਾ ਉਦੇਸ਼ ਮਜ਼ਦੂਰ ਵਰਗ ਦੀ ਮੁਕਤੀ ਹੈ । ਇਸ ਦੀ ਸ਼ਕਤੀ, ਇਸ ਦੀ ਤਰਕਸ਼ੀਲਤਾ ਦੀ ਈਮਾਨਦਾਰੀ ਬਹੁਤ ਠੀਕ ਹੋਣ ਅਤ ਯਥਾਰਥ ਬੋਧ ਵਿਚ ਹੈ । ਇਸ ਨੂੰ ਲਗਾਤਾਰ ਲਿਸ਼ਕਾਉਣਾ ਅਤੇ ਮਜਬੂਤ ਬਣਾਉਂਦੇ ਰਹਿਣਾ ਚਾਹੀਦਾਂ ਹੈ" ਤਾਂ ਕਿ ਇਸ ਤੋਂ ਪਰਭਾਵਿਤ ਹੋ ਕੇ ਹੋਰ ਲੋਕ ਸੰਘਰਸ਼ ਵਿਚ ਸਾਦਿਕ ਵਾਂਗ ਹੀ ਜੁੱਟੇ ਰਹਿਣ । ਸਾਦਿਕ ਨੂੰ ਪਰਖਣ ਦੀ ਕਸਵੱਟੀ ਕੁਝ ਵੱਖਰੀ ਚਾਹੀਦੀ ਸੀ ਕਿਉਂਕਿ ਉਹ ਇੰਗਲੈਂਡ ਅਤੇ ਬਾਕੀ ਪਰਦੇਸ਼ਾਂ ਵਿਚ ਵਧਦੇ ਪੰਜਾਬੀ ਲੇਖਕਾਂ ਨਾਲੋਂ ਵੱਖਰਾ ਹੈ ਅਤੇ ਕਈ ਵਾਰੀ ਈਰਖਾ ਦਾ ਪਾਤਰ ਵੀ ਲਗਦਾ ਹੈ । ਸਾਦਿਕ ਦੀ ਸਿਆਸਤ ਅਤੇ ਉਸ ਦੀ ਜਮਾਤੀ ਵਚਨ-ਬੱਧਤਾ ਹੀ ਉਸਦਾ ਇਕ ਖਾਸ ਗੁਣ ਹੈ । ਇਹੀ ਸਾਦਿਕ ਦਾ ਸਿਦਕ ਹੈ ਅਤੇ ਇਸ ਕਰਕੇ ਹੀ ਉਹ ਆਪਣੀਆਂ ਲਿਖਤਾਂ ਰਾਹੀਂ ਕਾਲੀਆਂ ਸ਼ਕਤੀਆਂ ਵਿਰੁਧ ਨਫਰਤ ਉਪਜਾਉਂਦਾ ਅਤੇ ਅੱਗੇ ਵਧੂ ਸੋਚ ਦਾ ਸੰਚਾਰ ਕਰਦਾ ਹੈ । **—ਦਿਆਲ ਬਾਗੜੀ (ਲਿਸਟਰ ਯੂ. ਕੇ.)**

○ ਫਿਲਮ ਬੈਂਡਿਟ ਕੁਈਨ ਦੇ ਬਹਾਨੇ ਲਿਖਤ ਜਬਰੀ ਮੱਲ ਪਾਰਖ ਦਾ ਤਰਜਮਾ ਸੂਫੀ ਅਮਰਜੀਤ ਨੇ ਬਹੁਤ ਸੋਹਣੀ ਅਤੇ ਠੇਠ ਪੰਜਾਬੀ ਵਿੱਚ ਕੀਤਾ ਹੈ । ਪਰ ਉੱਤਰ ਆਧੁਨਿਕਤਾ ਦਾ ਭੂਤ ਅਤੇ ਭੂਤ ਦੀ ਉੱਤਰ-ਆਧੁਨਿਕਤਾ ਕ੍ਰਿਤ ਚੰਚਲ ਚੌਹਾਨ ਦਾ ਅਨੁਵਾਦ ਡਾ: ਸੇਵਾ ਸਿੰਘ ਜੀ ਨੇ ਗੂੜ੍ਹ ਹਿੰਦੀ-ਸੰਸਕ੍ਰਿਤ ਮਈ ਜ਼ੁਬਾਨ ਵਿਚ ਕੀਤਾ ਹੈ । ਔਖੇ ਹਿੰਦੀ ਸ਼ਬਦਾਂ,ਸੰਕਲਨ, ਸੁਰੰਚਨਾਵਾਦ,



ਅਚੇਤਨ, ਅਵਧਾਰਵਾਵਾਂ, ਵਿਚਾਰਤੰਤਰਾਂ, ਸਰਵ ਸੰਗ੍ਰਹਿਵਾਦ, ਸ਼ਾਬਦਿਕ ਸਰੰਚਨਾ, ਪਰਿਪੇਖ, ਸਰਵਨਿਸ਼ੇਧਵਾਦ, ਆਕਰਸ਼ਕ, ਭਭਕੂ ਅਹਮਵਾਦੀ, ਵਰਗ ਵਿਵੇਕ, ਅਹੰਵਾਦੀ, ਵਿਅਕਤੀ ਕੇਂਦਰਿਤ, ਵੈਚਾਰਿਕ, ਸੰਸਕਰਣ, ਮੁਚਰਣ ਤਕਨੀਕ, ਰੇਖਾਂਕਿਤ, ਨਿਸ਼ਕਰਮ, ਰਚਨਾ-ਸ਼ੀਲਤਾ, ਰੰਗ ਕਰਮੀਆਂ, ਸੰਸਕ੍ਰਿਤੀ ਕਰਮੀਆਂ, ਪਰੋਹਰ, ਕੇਸ਼ ਕੰਬਲੀ ਆਦਿ ਦੇ ਹੀ ਸੌਖੇ ਪੰਜਾਬੀ ਸ਼ਬਦ ਨਹੀਂ ਮਿਲ ਸਕਦੇ ? ਸਫਾ 36 ਤੇ ਲਿਖਿਆ 'ਸੋਵੀਅਤ ਸੰਘ ਦਾ ਵਿਖੰਡਨ ਹੋ ਗਿਆ, ਅਮਰੀਕਾ ਦਾ ਹੋਣਾ ਹੈ' ਵਿਚੋਂ ਦਾ ਦੀ ਬਜਾਏ ਕਾ ਲਫਜ਼ ਪਾ ਦਿਉ ਹਿੰਦੀ ਬਣ ਗਈ । ਗੱਲ ਅਸੀਂ ਸਮਾਜਵਾਦੀ ਅਤੇ ਤਰੱਕੀ ਪਸੰਦ ਨਜ਼ਰੀਏ ਤੋਂ ਕਰਦੇ ਹਾਂ । ਜੇ ਸੰਬੰਧਤ ਲੇਖ ਆਮ ਪਾਠਕ ਦੀ ਸਮਝ ਵਿੱਚ ਹੀ ਨਾ ਆਵੇ, ਔਖੇ ਹਿੰਦੀ ਤੇ ਸੰਸਕ੍ਰਿਤਮਈ ਸ਼ਬਦਾਂ ਦੀ ਵਰਤੋਂ ਕਰਕੇ ਤਾਂ ਤਰੱਕੀ ਪਸੰਦ ਅਦਬ ਦਾ ਮਕਸਦ ਹੀ ਮਾਤ ਖਾ ਜਾਂਦਾ ਹੈ ਜਾਂ ਦੂਸਰੇ ਸ਼ਬਦਾ ਵਿਚ purpose ਹੀ ਡਫੀਟ Defeat ਹੋ ਜਾਂਦਾ ਹੈ । ਇਹ ਤਰਜਮਾ ਸੂਫੀ ਅਮਰਜੀਤ ਪਾਸੋਂ ਹੀ ਕਰਵਾ ਲੈਣਾ ਸੀ । **—ਡਾ: ਟੀ. ਐਸ. ਮੱਲ੍ਹੀ, ਕੋਕਰੀ ਕਲਾਂ (ਮੋਗਾ)**

○ ਅੰਕ-11 (ਜੁਲਾਈ-ਸ਼ਤੰਬਰ 97) ਬਾਰੇ ਡਾ: ਚੰਚਲ ਚੌਹਾਨ ਦਾ 'ਉੱਤਰ ਆਧੁ-ਨਿਕਤਾ ਦਾ ਭੂਤ' ਵਾਲਾ ਲੇਖ ਲੋੜੀਂਦਾ ਤੇ ਸਮੇਂ ਅਨੁਕੂਲ ਹੈ । ਸਫਾ 34 ਉਪਰ ਇਹ ਸਤਰਾਂ "ਅੱਜ ਦੇ ਉੱਤਰ-ਆਧੁਨਿਕਤਾਵਾਦੀ ਵੀ ਸਿਰਫ਼ ਨਵੀਂ ਤਕਨੀਕ ਦੀ ਗੱਲ ਕਰਦੇ ਹਨ, ਇਹ ਨਹੀਂ ਦੱਸਦੇ ਕਿ ਉਸ ਤਕਨੀਕ ਦੇ ਭੌਤਿਕ ਸਾਧਨਾਂ ਉਪਰ ਕਬਜ਼ਾ ਕਿਸਦਾ ਹੈ......ਯਾਨੀ ਸਿਰਫ਼ ਇਕ ਅੱਖ ਨਾਲ ਇਕ ਤਰਫ ਦਾ ਬਾਜ਼ਾਰ ਹੀ ਵੇਖਦੇ ਹਨ ।" ਆਪਣੇ ਅੰਦਰ ਬਹੁਤ ਸਾਰੇ ਸਵਾਲਾਂ ਦੇ ਜੁਆਬ ਲਈ ਬੈਠੀਆਂ ਹਨ । ਹਿੰਦੀ ਤੋਂ ਅਨੁਵਾਦ ਵੀ ਅੱਛਾ ਹੋਇਆ ਹੈ ।

ਫਿਲਮ 'ਬੈਂਡਿਟ ਕੁਈਨ' ਦੇ ਬਹਾਨੇ (ਜਬਰੀ ਮੱਲ ਪਾਰਖ) ਦਾ ਲੇਖ ਵੀ ਵਿਆਖਿਆਤਮਕ ਪਰ ਢੁੱਕਵਾਂ ਹੈ । ਬੇਸ਼ੱਕ ਮੇਰੀ ਜਾਚੇ ਇਹ ਫਿਲਮ ਭਾਰਤ ਦੇ ਸਧਾਰਨ ਦਰਸ਼ਕ ਵਰਗ ਨਾਲੋਂ ਪੱਛਮ ਦੇ ਦਰਸ਼ਕ ਵਰਗ ਨੂੰ ਮੁੱਖ ਰੱਖਕੇ ਬਣਾਈ ਜਾਪਦੀ ਹੈ ਪਰ ਇਸ ਗੱਲ ਨੂੰ ਆਧਾਰ ਮੰਨ ਕੇ ਫਿਲਮ ਵਿਚਲੀਆਂ ਪ੍ਰਸੰਗਕਤਾਵਾਂ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ । ਨਜ਼ਰੀਆ ਹਰ ਕਿਸੇ ਦਾ ਜ਼ਾਤੀ ਹੋ ਸਕਦਾ ਹੈ ਕਿੰਤੂ ਪਰਚੇ ਦਾ ਮੰਤਵ ਹੀ ਇਹੋ ਹੋਣਾ ਚਾਹੀਦਾ ਹੈ ਕਿ ਸਰਬ ਜਨਕ ਵਿਸ਼ਿਆਂ ਨੂੰ ਸਰਬ ਵਿਆਪਕ ਵਿਸ਼ਿਆਂ ਦੇ ਪ੍ਰਸੰਗ ਵਿੱਚ ਵਿਚਾਰ ਸਕਣ ਲਈ ਮੌਕੇ ਉਪਲਭਦ ਕੀਤੇ ਜਾਣ । ਪਿੱਛੇ ਜਿਹੇ 'ਮਾਚਿਸ' ਫਿਲਮ ਦੇ ਸਬੰਧ ਵਿੱਚ ਜਲੰਧਰੋਂ ਛਪਦੇ ਇੱਕ ਪੰਜਾਬੀ ਦੇ ਅਖਬਾਰ ਵਿੱਚ ਅਗਾਹ ਵਧੂ ਸਮਝੇ ਜਾਂਦੇ ਲੇਖਕਾਂ ਤੇ ਸਿਆਸੀ ਹਸਤੀਆਂ ਵਲੋਂ ਉਲਾਰ ਭਾਸਦੇ ਵਿਚਾਰ ਛਪਦੇ ਆਏ ਹਨ । ਜੇਕਰ ਹੋ ਸਕੇ ਤਾਂ 'ਮਾਚਿਸ' ਬਾਰੇ ਵੀ ਬੈਂਡਿਟ ਕੁਈਨ ਵਾਂਗ ਜ਼ਰਾ ਹਟਵੇਂ ਕੋਨ ਤੋਂ ਲਿਖਿਆ ਜਾਵੇ । ਮੇਰੀ ਜਾਚੇ ਮੌਜੂਦਾ ਦੌਰ ਵਿੱਚ 'ਮਾਚਿਸ' 'ਬਾਰਡਰ', 'ਮ੍ਰਿਤੂਦੰਡ.' 'ਯਸ਼ਵੰਤ' ਆਦਿ ਫਿਲਮਾਂ ਇਸ ਸਮੇਂ ਢੁਕਵੀਆਂ ਹੋ ਸਕਦੀਆਂ ਹਨ । ਜੇ ਸਾਡਾ ਸਾਹਿਤ ਉਚ ਕੋਟੀ ਦਾ ਹੋਵੇਗਾ ਤਾਂ ਸਾਡੀਆਂ ਬਾਕੀ ਕਲਾਵਾਂ ਵੀ ਤਰੱਕੀ ਕਰਨਗੀਆਂ । ਸਾਡੀਆਂ ਬਾਕੀ ਕਲਾਵਾਂ ਤਰੱਕੀ ਕਰਨਗੀਆਂ ਤਾਂ ਸਾਡਾ ਸਭਿਆਚਾਰ ਤਰੱਕੀ ਕਰੇਗਾ ਤੇ ਜੇਕਰ ਸਾਡਾ ਸਭਿਆਚਾਰ ਤਰੱਕੀ ਕਰੇਗਾ ਤਾਂ ਸਾਡਾ ਕਿਰਦਾਰ ਵੀ ਸਚਮੁੱਚ ਹੀ ਤਰੱਕੀ ਕਰੇਗਾ । ਇਹ ਵੀ ਹੋ ਸਕਦਾ ਹੈ ਕਿ ਪਹਿਲਾਂ ਕਿਰ-ਦਾਰ ਤਰੱਕੀ ਕਰੇ ਤੇ ਬਾਕੀ ਚੀਜ਼ਾਂ ਉਸਦੇ ਬਾਅਦ ਵਿੱਚ (ਕੋਈ ਸੱਚ ਵੀ ਆਖਰੀ ਨਹੀਂ ਹੁੰਦਾ) ।

ਫਿਲਹਾਲ ਇੱਕ ਸੱਚ ਸਾਡੇ ਸਾਹਮਣੇ ਮੌਜੂਦ ਹੈ ਕਿ ਪੰਜਾਬੀ ਦੀਆਂ ਫਿਲਮਾਂ ਦੀ ਹਾਲਤ ਤਰਸਯੋਗ ਤੋਂ ਵੀ ਅਗਾਂਹ ਦੀ ਹਾਲਤ ਵਾਲੀ ਹੈ ਤੇ ਇਸਦਾ ਪ੍ਰਭਾਵ ਸਾਡੇ ਕਿਰਦਾਰ ਉਪਰ ਪ੍ਰਤੱਖ ਪੈਂਦਾ ਨਜ਼ਰ ਆਉਂਦਾ ਹੈ। ਪੰਜਾਬੀ ਦਾ ਲੇਖਕ ਜਾਂ ਕਲਾਕਾਰ ਘੋਰ ਨਿਰਾਸ਼ਾ ਵਿੱਚ ਵਿਚਰ ਰਿਹਾ ਹੈ। ਪੰਜਾਬੀ ਸਭਿਆਚਾਰ ਨੂੰ ਸਾਡੇ ਕਿਰਦਾਰ, ਤੇ ਸਾਡੇ ਕਿਰਦਾਰ ਨੂੰ ਸ਼ਰਾਬ ਕੁਰੱਪਸ਼ਨ ਤੋਂ ਬਚਾ ਕੇ ਰੱਖਣਾ ਬੇਹੱਦ ਜ਼ਰੂਰੀ ਹੋ ਗਿਆ। ਜਾਪਦਾ ਹੈ ਬਹਿਰ ਹਾਲ ਅਮਰਜੀਤ ਸੂਫੀ ਨੇ ਵੀ ਤਰਜਮਾ ਅੱਛਾ ਕੀਤਾ ਹੈ।

ਸਫ਼ਾ 78-79 ਉਪਰ ਯੂ. ਕੇ. ਤੋਂ ਗੁਰਨਾਮ ਢਿੱਲੋਂ ਦਾ ਖਤ ਛਪਿਆਂ ਹੈ ਅਮਰਜੀਤ ਚੰਦਨ ਵੀ ਕਾਵਿ-ਰਚਨਾ ਬਾਰੇ। (ਅਮਰਜੀਤ ਚੰਦਨ ਨਾਲ ਮੇਰੀ ਲਗਪਗ ਚਾਰ ਸਾਲ ਪਹਿਲਾਂ ਸਿਰਫ਼ ਕੁਝ ਘੰਟੇ ਉਸਦੇ ਘਰ ਲੰਡਨ ਵਿੱਚ ਹੀ ਮੁਲਾਕਾਤ ਹੋਈ ਸੀ ਜਿਸਨੂੰ ਆਂਪਾਂ ਜਾਣ-ਪਛਾਣ ਤਾਂ ਕਹਿ ਸਕਦੇ ਹਾਂ, ਪਰ ਦੋਸਤੀ ਨਹੀਂ।

ਜਿੱਥੋਂ ਤੱਕ ਗੁਰਨਾਮ ਹੁਰਾਂ ਦਾ ਕਥਨ ਹੈ ਕਿ ਇਹ ਚਰਚਾ ਨੌਂ ਸਫਿਆਂ ਦੀ ਬਜਾਇ ਡੇਢ ਸਫ਼ੇ ਵਿੱਚ ਮੁੱਕ ਸਕਦੀ ਸੀ, ਵਿੱਚ ਕੁਝ ਵਜ਼ਨ ਹੈ। ਡੇਢ ਨਾ ਸਹੀ ਤਿੰਨ ਕਹਿ ਲਉ। ਕਿੰਤੂ ਇਸ ਤੋਂ ਅਗਾਂਹ ਗੁਰਨਾਮ ਹੁਰਾਂ ਨੇ ਜੋ ਸ਼ਬਦ ਕਾਵਿ ਮੁਲੰਕਣ ਲਈ ਵਰਤੇ ਹਨ ਉਹ ਕਿਸੇ ਤਰ੍ਹਾਂ ਵੀ ਉਸਾਰੂ ਸਾਹਿਤਕ ਅਲੋਚਨਾ ਦੇ ਘੇਰੇ ਅੰਦਰ ਸਮਾਉਂਦੇ ਪ੍ਰਤੀਤ ਨਹੀਂ ਹੁੰਦੇ ਬਲਕਿ ਵਿਅਕਤੀਗਤ ਵਿਰੋਧਤਾਈ ਦਾ ਪ੍ਰਭਾਵ ਦਿੰਦੇ ਹਨ। ਇਹ ਸਿਹਤਮੰਦ ਰੁਝਾਨ ਨਹੀਂ ਕਿਹਾ ਸਕਦਾ। ਗੁਰਨਾਮ ਢਿੱਲੋਂ ਹੁਰਾਂ ਨੂੰ ਮੈਂ ਕਿਧਰੇ ਨਾ ਕਿਧਰੇ ਪੜ੍ਹਦਾ ਰਹਿੰਦਾ ਹਾਂ ਤੇ ਮੈਨੂੰ ਯਕੀਨ ਹੈ ਕਿ ਉਹ ਆਪਣੀ ਗੱਲ ਇਸ ਤੋਂ ਵਧੇਰੇ ਢੁਕਵੇਂ ਤੇ ਅਸਰਦਾਇਕ ਤਰੀਕੇ ਨਾਲ ਕਹਿ ਸਕਣ ਦੇ ਸਮਰੱਥ ਹਨ। ਅੱਗੇ ਵੀ ਇੰਗਲੈਂਡ ਦੇ ਹੀ ਇਕ ਲੇਖਕ ਦੇ ਲੇਖ ਬਾਰੇ ਮੈਂ ਇਤਰਾਜ਼ ਉਠਾਏ ਸਨ ਜੋ ਦੁਰਭਾਗਵਸ਼ ਆਪ ਨੇ ਸੈਂਸਰ ਕਰਕੇ ਛਾਪੇ ਸਨ। ਆਸ ਹੈ ਇਸ ਵਾਰ ਅਜਿਹਾ ਨਹੀਂ ਹੋਵੇਗਾ। ਜੇਕਰ ਸੰਪਾਦਕੀ ਕੈਂਚੀ ਨਿਰਲੇਪਤਾ ਨਾਲ ਚੱਲ ਸਕੇ ਤਾਂ ਕੋਈ ਹਰਜ਼ ਨਹੀਂ।

**—ਅਮਨ ਪਾਲ ਸਾਰਾ, ਬਰਨਾਬੀ ਬੀ. ਸੀ. ਕੈਨੇਡਾ**

○ ਜੁਲਾਈ-ਸਤੰਬਰ ਦਾ ਚਿਰਾਗ਼ ਮਿਲ ਗਿਆ ਹੈ। ਉਤਰ ਆਧੁਨਿਕਤਾ ਬਾਰੇ ਵਿਸ਼ੇਸ਼ ਲੇਖ ਛਾਪ ਕੇ ਤੁਸੀਂ ਚੰਗੀ ਸ਼ੁਰੂਆਤ ਕੀਤੀ ਹੈ। ਇਸ ਬਹਿਸ ਅੱਗੇ ਤੁਰਨੀ ਚਾਹੀਦੀ ਹੈ ਪਰ ਕਦੇ ਵੀ ਸਿੱਧੀ ਲਕੀਰ ਖਿੱਚ ਕੇ ਆਲੋਚਨਾ ਅੱਗੇ ਨਹੀਂ ਜਾ ਸਕਦੀ। ਤੁਸੀਂ ਜਦੋਂ ਉਖਲੀ ਵਿੱਚ ਸਿਰ ਦੇ ਹੀ ਦਿੱਤਾ ਹੈ ਤਾਂ ਇਸ ਸੰਬੰਧੀ ਹੋਰ ਵਿਦਵਾਨਾਂ ਤੋਂ ਵੀ ਲੇਖ ਲਿਖਵਾਓ ਤਾਂ ਜੋ ਬਹਿਸ ਅੱਗੇ ਤੁਰ ਸਕੇ। ਇਕ ਅੱਧ ਲੇਖ ਨਾਲ ਜਾਂ ਕੁਝ ਚਿੱਠੀਆਂ ਛਾਪਣ ਨਾਲ ਗੱਲ ਕੁਝ ਨਿੱਖਰਨੀ ਨਹੀਂ। ਨਜ਼ਮਾਂ ਵਾਲਾ ਭਾਗ ਵੀ ਹੋਰ ਸਮਕਾਲੀ ਪਰਚਿਆਂ ਨਾਲੋਂ ਚੰਗਾ ਲੱਗਾ। ਕਹਾਣੀਆਂ ਵੀ ਹੁਣ ਤਾਂ ਚਿਰਾਗ਼ ਨੂੰ ਚੰਗੀਆਂ ਮਿਲਣ ਲੱਗ ਪਈਆਂ ਹਨ। 'ਆਪਣੇ ਆਪਣੇ ਖੰਭ' ਦੇ ਤੁਸੀਂ ਸਾਰੇ ਹੀ ਪਰ ਕੁਤਰ ਦਿੱਤੇ। ਰੀਵੀਊ ਵਿੱਚ ਕੋਈ ਇਕ ਵੀ ਸ਼ਿਅਰ ਪੜ੍ਹਨ ਨੂੰ ਨਹੀਂ ਮਿਲਿਆ। ਜਸਵਿੰਦਰ ਵਧੀਆ ਗ਼ਜ਼ਲਗੋ ਹੈ, ਉਸ ਦੀ ਲੋਅ ਨੂੰ ਤੁਸੀਂ ਬਹੁਤ ਲਿਸ਼ਕਾ ਕੇ ਪੇਸ਼ ਕੀਤਾ ਹੈ।

**—ਐਸ. ਤਰਸੇਮ**



## ਪੁਸਤਕ ਪ੍ਰਾਪਤੀ

1. ਤੇਰੇ ਨਾਂ ਦਾ ਮੌਸਮ (ਕਵਿਤਾ) ਗੁਰਨਾਮ ਢਿਲੋਂ, ਮੁੱਲ 80/- ਪੰਨੇ 80, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
2. ਅਗਸਤ ਪੰਦਰਾਂ (ਕਵਿਤਾ) ਜਸਬੀਰ ਕਾਲਰਵੀ, ਮੁੱਲ 20/- ਪੰਨੇ 62. ਹਰਕਾਰਾ ਪ੍ਰਕਾਸ਼ਨ, ਜਲੰਧਰ।
3. ਚਿੱਟੇ ਲਫ਼ਜ਼, ਉਦਾਸੇ ਰੰਗ (ਗ਼ਜ਼ਲਾਂ) ਸੁਖਦੇਵ ਸਿੰਘ ਗਰੇਵਾਲ, ਮੁੱਲ 60/- ਪੰਨੇ 72, ਲਾਹੌਰ ਬੁੱਕ ਸਾਪ, ਲੁਧਿਆਣਾ।
4. ਜੀਣ ਥੀਣ (ਕਵਿਤਾਵਾਂ) ਇਕਬਾਲ ਦੀਪ, ਮੁੱਲ 90/- ਪੰਨੇ 80, ਮਨਪ੍ਰੀਤ ਪ੍ਰਕਾਸ਼ਨ, ਦਿੱਲੀ।
5. ਆਵੇਸ਼ ਪ੍ਰਵੇਸ਼ (ਕਵਿਤਾ) ਬੀ. ਐਸ. ਰਤਨ, ਮੁੱਲ 50/- ਪੰਨੇ 80, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
6. ਥੋੜ੍ਹਾ ਬੋਲਣ ਬੋਲ (ਮਿੰਨੀ ਕਹਾਣੀਆਂ) ਇਕਬਾਲ ਦੀਪ, ਮੁੱਲ 65/- ਪੰਨੇ 120, ਮਨਪ੍ਰੀਤ ਪ੍ਰਕਾਸ਼ਨ, ਦਿੱਲੀ।
7. ਸਹਿਜੇ ਸਹਿਜੇ ਕਹਿ (ਕਵਿਤਾ) ਆਸੀ, ਮੁੱਲ 80/- ਪੰਨੇ 96, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ।
8. ਰਾਂਝੇ ਨਹੀਂ ਬਦਲੇ ਜਾਂਦੇ (ਕਹਾਣੀਆਂ) ਰਾਜਵੰਤ ਸਿੰਘ ਰਾਣਾ, ਮੁੱਲ 90/- ਪੰਨੇ 96, ਮਨਪ੍ਰੀਤ ਪ੍ਰਕਾਸ਼ਨ, ਦਿੱਲੀ।
9. ਦੂਸਰਾ ਹੀਰੋ ਸ਼ੀਮਾ (ਨਾਵਲ) ਬਲਦੇਵ ਸਿੰਘ, ਮੁੱਲ 12/- ਪੰਨੇ 78,
10. ਛੱਲ ਸਮੁੰਦਰ ਦੀ (ਕਵਿਤਾ) ਰਾਜਬੀਰ, ਮੁੱਲ 50/- ਪੰਨੇ 80, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ।
11. ਸਮਾਂ ਉਦਾਸ ਨਹੀਂ (ਕਵਿਤਾ) ਸੰਪਾਦਕ ਅਮਰਜੀਤ ਕੌਂਕੇ, ਪੰਨੇ 112, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ।
12. ਔਰਤ ਇਕ ਕਿਤਾਬ (ਕਵਿਤਾ) ਹਰਭਜਨ ਸਹਿਗਲ, ਮੁੱਲ 110/- ਪੰਨੇ 80, ਮਨਪ੍ਰੀਤ ਪ੍ਰਕਾਸ਼ਨ, ਦਿੱਲੀ।
13. ਪੰਜਾਬੀ ਨਾਟਕ ਅਤੇ ਰੰਗਮੰਚ ਚੇਤਨਾ (ਆਲੋਚਨਾ) ਡਾ. ਸੁਰਜੀਤ ਸਿੰਘ ਖੁਰਮਾ, ਪੰਨੇ 102 ਮੁੱਲ 100/-, ਪਟਿਆਲਾ।
14. ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ (ਆਲੋਚਨਾ) ਸੁਖਦੇਵ ਸਿੰਘ, ਪੰਨੇ 198 ਮੁੱਲ 195/-, ਆਰਸੀ ਪਬਲਿਸ਼ਰਜ, ਦਿੱਲੀ।
15. ਛਾਵੇਂ ਬੈਠੀ ਧੁੱਪ (ਗ਼ਜ਼ਲਾਂ) ਹਰਭਜਨ ਪਿੰਘ ਕੋਮਲ, ਸੁਮੀਤ ਪ੍ਰਕਾਸ਼ਨ ਕਰਨਾਲ।
16. ਸੜਕਾਂ ਉੱਪਰ ਖਿਲਰਿਆ ਸੱਚ (ਗ਼ਜ਼ਲਾਂ) ਸੁਰਿੰਦਰ ਕੋਮਲ, ਸੁਮੀਤ ਪ੍ਰਕਾਸ਼ਨ, ਕਰਨਾਲ।

Registered with the Registrar of News-Papers of India
No—PUN-PUN O 2776/AL/TC/94.

ਉਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ
8 ਸਾਲ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀ ਬਿਲਡਿੰਗ ਵਿਚ ਚਲਾ ਗਿਆ ਹੈ

ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

ਭੁਪਿੰਦਰ ਨਰਸਿੰਗ ਹੋਮ
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ .: 0181-224228, 223376

BHUPINDER NURSING HOME
261, Mota Singh Nagar, Main Road.
Near Bus Stand, Jalandhar City.
Ph. : 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact :
DR. B.P. SINGH (M.S.)
PLASTIC & COSMETIC SURGEON

ਕੌਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰਾਂ ਹਨ

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆ ਝੁਰੜੀਆਂ ਖਤਮ ਕਰਨਾ
● ਮੱਥੇ ਦੀਆ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਿਹਰੀ)
● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਮੈਮੋਪਲਾਸਟੀ
● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ
● ਨਿਸ਼ਾਨ : ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

VARIOUS COSMETICS SURGERY & PLASTIC SURGERY OPERATION DONE SO FAR ARE :

LIPOSUCTION * LIPOINJECTIONS * ACCIDENTAL INJURIES CARE
RHINOPLASTIES * FACE LIFT * BROW LIFT * BLEPHEROPLASTIES * STAITIONERY WHITE PATCH
* RECONSTRUCTIVE SURGERY * IN BORN DEFECTS & DEFORMITIES
* HAIR TRANSPLATATION * DEFECTS & DEFORMITIES OF ACCIDENTS
* BURNS * TREATMENT OF SCARS
* CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877